# ਸੰਪਾਦਕੀ

*ਡਾ. ਜਗਜੀਤ ਸਿੰਘ*

'ਆਤਮ ਮਾਰਗ' ਦੇ ਸਮੂੰਹ ਸੁਹਿਰਦ ਪਾਠਕਾਂ ਤੇ ਗੁਰਸਿੱਖ ਪ੍ਰੇਮੀਆਂ ਨੂੰ ਵਿਸਾਖੀ ਦੇ ਸ਼ੁਭ ਦਿਵਸ ਦੀ ਬਹੁਤ ਬਹੁਤ ਵਧਾਈ ਹੋਵੇ। 1699 ਦੀ ਵਿਸਾਖੀ ਖਾਲਸੇ ਦਾ ਸਿਰਜਨਾ ਦਿਵਸ ਹੈ। ਹਿੰਦੁਸਤਾਨ ਦੇ ਇਤਿਹਾਸ ਵਿਚ ਖਾਲਸੇ ਦੀ ਸਿਰਜਨਾ ਬੜੀ ਮਹੱਤਵਪੂਰਨ ਘਟਨਾ ਹੈ ਕਿਉਂਕਿ ਭਾਰਤੀ ਸੰਸਕ੍ਰਿਤੀ ਅਤੇ ਧਰਮ ਦੀ ਸੁਰੱਖਿਆ ਵਿਚ ਅਤੇ ਵਿਦੇਸ਼ੀ ਗੁਲਾਮੀ ਦੀਆਂ ਜ਼ੰਜ਼ੀਰਾਂ ਕੱਟਣ ਵਿਚ ਇਸ ਕੌਮ ਨੇ ਮਹਾਨ ਭੂਮਿਕਾ ਨਿਭਾਹੀ ਹੈ। ਅਨੰਦਪੁਰ ਸਾਹਿਬ ਦੀ ਮਹਾਨ ਧਰਤੀ ਤੇ ਹਿੰਦੁਸਤਾਨ ਦੇ ਕੋਨੇ ਕੋਨੇ ਤੋਂ ਆਏ ਹਜ਼ਾਰਾਂ ਗੁਰੂ ਪਿਆਰਿਆਂ ਦੇ ਇਕੱਠ ਵਿਚੋਂ ਐਸੇ ਮਰਜੀਵੜਿਆਂ ਦੀ ਚੋਣ ਕੀਤੀ ਜਿਨ੍ਹਾਂ ਨੂੰ 'ਪਹਿਲਾਂ ਮਰਨ ਕਲੂਲ ਕਰ, ਜੀਵਨ ਕੀ ਛਡ ਆਸ' ਮਨਜ਼ੂਰ ਸੀ। ਇਨ੍ਹਾਂ ਭਗਤਾਂ ਨੂੰ ਸੂਰਬੀਰਤਾ ਦੀ ਪਿਉਂਦ ਦੇ ਕੇ ਐਸੇ ਮਨੁੱਖ ਦੀ ਘਾੜਤ ਘੜੀ ਜੋ ਬਾਹਰੀ ਦਿਖ ਵਿਚ ਸਾਬਤ ਸੂਰਤ, ਸੁੰਦਰ, ਸੋਹਣੀ ਸੱਜ-ਧੱਜ ਵਾਲਾ ਵਿਲੱਖਣ ਗੁਰੂ ਪਿਆਰਾ ਸੀ ਅਤੇ ਅੰਦਰੋਂ ਪ੍ਰਭੂ ਵਿਚ ਵਿਲੀਨ, ਹਉਮੈ-ਰਹਿਤ, ਸਬਦ-ਸੁਰਤਿ ਦਾ ਅਭਿਆਸੀ ।

ਜਿਸ ਸਚਿਆਰੇ ਪੁਰਸ਼ ਦੀ ਘਾੜਤ ਗੁਰੂ ਨਾਨਕ ਦੇਵ ਜੀ (1469-1539) ਨੇ ਨਾਮ-ਬਾਣੀ ਦੇ ਰੱਬੀ-ਕਲਾਮ ਰਾਹੀਂ ਘੜੀ ਸੀ, ਜਿਸਨੂੰ ਸੰਸਾਰੀ ਵੈਰ-ਵਿਰੋਧ, ਊਚ-ਨੀਚ, ਜ਼ਾਤ-ਪਾਤ, ਛੂਤ-ਛਾਤ, ਕਰਮਕਾਂਡ ਤੋਂ ਮੁਕਤ ਕਰਕੇ ਪ੍ਰਭੂ ਨਾਮ ਦੀ ਉਚੀ ਸੁਰਤਿ ਵਿਚ ਸ੍ਵੈਮਾਨ ਵਿਚ ਜੀਉਣ ਦਾ ਢੰਗ ਦੱਸਿਆ ਸੀ, ਜਿਸ ਨੂੰ ਸੰਗਤ ਤੇ ਪੰਗਤ ਵਿਚ ਜੋੜ ਕੇ 'ਨਾਮ ਜਪੋ, ਕਿਰਤ ਕਰੋ, ਵੰਡ ਛਕੋ' ਦਾ ਆਦਰਸ਼ ਤੇ ਅਮਲ ਬਖਸ਼ਿਆ ਸੀ, ਮਨੁੱਖ ਤੋਂ ਦੇਵਤਾ ਬਣਨ ਦੀ ਸੋਝੀ ਬਖਸ਼ੀ ਸੀ, ਉਸ 'ਪੰਚ ਪਰਵਾਨ' ਪੁਰਸ਼ ਨੂੰ ਅੱਜ ਵਿਸਾਖੀ ਵਾਲੇ ਦਿਨ ਦਸਵੇਂ ਗੁਰੂ ਨਾਨਕ, ਗੁਰੂ ਗੋਬਿੰਦ ਸਿੰਘ ਨੇ ਅੰਮ੍ਰਿਤ ਦੀ ਦਾਤ ਬਖਸ਼ ਕੇ ਪੂਰਨਤਾ ਦੀ ਮੋਹਰ ਛਾਪ ਲਾ ਦਿਤੀ। ਪਹਿਲੀਆਂ ਨੌਂ ਪਾਤਸ਼ਾਹੀਆਂ 230 ਵਰ੍ਹੇ ਮਨੁੱਖਤਾ ਦੀ ਐਸੀ ਘਾੜਤ ਵਿਚ ਯਤਨਸ਼ੀਲ ਰਹੀਆਂ, ਗੁਰਸਿੱਖਾਂ ਨੂੰ ਸਰਬ ਸਾਂਝੀਵਾਲਤਾ ਦਾ ਪੈਰੋਕਾਰ ਬਣਾਇਆ, ਕਥਿਤ ਤੌਰ ਤੇ ਕਹੇ ਤੇ ਮੰਨੇ ਜਾਂਦੇ ਨਿਮਾਣੇ ਨਿਤਾਣੇ ਗਰੀਬ ਨੀਵੇਂ ਲੋਕਾਂ ਦਾ ਸਾਥੀ ਤੇ ਹਮਦਰਦ ਬਣਾਇਆ, ਪੰਜਵੀਂ ਜੋਤਿ ਨੇ ਆਪ ਸ਼ਹਾਦਤ ਪਾ ਕੇ ਜ਼ੁਲਮ ਜਬਰ, ਧੱਕੇਸ਼ਾਹੀ ਅੱਗੇ ਅੜਜਾਣ ਦੀ ਜਾਚ ਸਖਾਈ, 'ਸਰਬ ਧਰਮ ਮਹਿ ਸ੍ਰੇਸਠ ਧਰਮ' ਦੀ ਦ੍ਰਿੜ੍ਹਤਾ ਹਿਤ ਗੁਰੂ ਗ੍ਰੰਥ ਸਾਹਿਬ ਵਿਚ ਭਾਰਤ ਦੇ ਸਮੂੰਹ ਭਗਤਾਂ ਨੂੰ ਸਮਿਲਤ ਕੀਤਾ, ਛੇਵੀਂ ਜੋਤਿ ਨੇ ਪੀਰੀ ਦੀ ਸੁਰੱਖਿਆ ਹਿਤ ਮੀਰੀ ਨਾਲ ਪੀਰੀ ਨੂੰ ਵੀ ਜੋੜ ਦਿਤਾ, ਭਗਤੀ ਤੇ ਸ਼ਕਤੀ ਦਾ ਸੁਮੇਲ ਕਰਕੇ ਗੁਰਸਿੱਖ ਭਗਤਾਂ ਵਿਚ ਸੂਰਮਗਤੀ ਦੀ ਪਿਰਤ ਪਾਈ। ਨਿਮਾਣੇ ਨਿਤਾਣੇ, ਜ਼ੁਲਮ ਵਿਚ ਲਿਤਾੜੇ ਜਾ ਰਹੇ ਮਜ਼ਲੂਮ ਭਾਰਤੀਆਂ ਨੂੰ ਸ੍ਵੈਮਾਨ ਵਿਚ ਜੀਉਣ ਦਾ ਰਾਹ ਦੱਸਿਆ। ਨੌਵੇਂ ਪਾਤਸ਼ਾਹ ਨੇ ਸ਼ਹੀਦੀ ਦੇ ਕੇ ਗੁਰਸਿੱਖਾਂ ਨੂੰ ਨਿਰਭਉ ਨਿਰਵੈਰ ਹੋਣ ਦਾ ਆਦਰਸ਼ ਦ੍ਰਿੜ੍ਹ ਕਰਵਾਇਆ ਤੇ ਇਹ ਸਿਧਾਂਤ ਦਿਤਾ -

*ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨ॥*

*ਪੰਨਾ - 1427*

ਭਾਰਤੀ ਸੰਸਕ੍ਰਿਤੀ ਨੂੰ ਇਸ ਦੇ ਨੇਸਤੋ-ਨਾਬੂਦ ਹੋਣ (ਨਾਮੋ-ਨਿਸ਼ਾਨ ਮਿਟ ਜਾਣ) ਤੋਂ ਬਚਾ ਲਿਆ। ਐਸੇ ਸੰਘਰਸ਼ ਦੇ ਸਮੇਂ ਦਸਵੀਂ ਜੋਤਿ ਨੇ ਖਾਲਸਾ ਸਾਜਿਆ ਜਿਸ ਦੀ ਆਧਾਰਸ਼ਿਲਾ ਸੀਸ ਦੀ ਕੁਰਬਾਨੀ ਨਿਸਚਿਤ ਕੀਤੀ, ਆਪਾ ਵਾਰਨ ਲਈ ਸਦਾ ਤਤਪਰ ਰਹਿਣਾ ਜਿਸ ਦੀ ਪਿਉਂਦ ਗੁਰੂ ਨਾਨਕ ਦੇਵ ਨੇ ਇਹ ਫੁਰਮਾਨ ਕਰਕੇ ਲਗਾਈ ਸੀ -

*ਜਉ ਤਉ ਪ੍ਰੇਮ ਖੇਲਣ ਦਾ ਚਾਉ*
*ਸਿਰੁ ਧਰ ਤਲੀ ਗਲੀ ਮੇਰੀ ਆਉ॥*
*ਇਤੁ ਮਾਰਗ ਪੈਰ ਧਰੀਜੈ ਸਿਰੁ ਦੀਜੈ ਕਾਣ ਨ ਕੀਜੈ॥*

*ਪੰਨਾ - 1412*

ਸੀਸ ਦੀ ਮੰਗ ਕਰਕੇ ਦਸਵੇਂ ਗੁਰੂ ਜੀ ਨੇ ਪੰਜ ਪਿਆਰੇ ਸਾਜੇ, ਜੋ ਵੱਖ-ਵੱਖ ਜਾਤੀਆਂ ਅਤੇ ਵੱਖ-ਵੱਖ ਪ੍ਰਦੇਸਾਂ ਤੋਂ ਆਏ ਸੀ। ਮਨੋਹਰ ਸ਼ਖਸੀਅਤ ਦੇ ਮਾਲਕ ਜਾਗਤਿ ਜੋਤਿ ਨਾਲ ਇਕ ਸੁਰ, ਮਹਾਨ ਸੂਰਬੀਰ ਜਰਨੈਲ, ਮਹਾਨ ਵਿਦਵਾਨ, ਬਾਣੀ ਰਚੈਤਾ, ਸੰਤ ਸਿਪਾਹੀ ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸੇ ਨੂੰ ਆਪਣੇ ਸਰੂਪ ਵਿਚ ਢਾਲਿਆ (ਖਾਲਸਾ ਮੇਰੋ ਰੂਪ ਹੈ ਖਾਸ)। ਖਾਲਸੇ ਨੂੰ ਐਨੀ ਵਡਿਆਈ ਬਖਸ਼ੀ ਕਿ ਇਸ ਨੂੰ 'ਅਕਾਲ ਪੁਰਖ ਦੀ ਫੌਜ' ਕਿਹਾ। ਆਪ ਉਨ੍ਹਾਂ ਅੱਗੇ ਨਿਵ ਗਏ ਤੇ ਪੰਜ ਪਿਆਰਿਆਂ ਤੋਂ ਅੰਮ੍ਰਿਤ ਦੀ ਦਾਤ ਮੰਗੀ ਤੇ ਇਸ ਤਰ੍ਹਾਂ ਧਰਮ ਦੇ ਇਤਿਹਾਸ ਵਿਚ ਇਕ ਨਵਾਂ ਕਾਂਡ ਲਿਖਿਆ ਗਿਆ -

*ਵਾਹੁ ਵਾਹੁ ਗੋਬਿੰਦ ਸਿੰਘ ਆਪੇ ਗੁਰ ਚੇਲਾ॥*

ਪਰਮਾਤਮ ਜੋਤਿ ਨਾਲ ਇਕ-ਰੂਪ ਹੋਏ ਗੁਰੂ ਜੀ ਨੇ ਖਾਲਸੇ ਦੀ ਸਿਰਜਨਾ ਨੂੰ ਪ੍ਰਮਾਤਮਾ ਦਾ ਆਪਣਾ ਚਮਤਕਾਰ ਦੱਸਿਆ -

*ਪ੍ਰਗਟਿਓ ਖਾਲਸਾ ਪ੍ਰਮਾਤਮ ਦੀ ਮੌਜ॥*

ਐਸੇ ਖਾਲਸੇ ਨੂੰ 'ਜਾਗਤ ਜੋਤਿ ਜਪੈ ਨਿਸ ਬਾਸੁਰ' ਦਾ ਆਦੇਸ਼ ਦਿਤਾ ਅਤੇ ਉਸ ਦਾ ਆਦਰਸ਼ ਇਹ ਮਿਥਿਆ

(ਬਾਕੀ ਪੰਨਾ 6 ਤੇ)

# ਚਉਥੈ ਪਹਰਿ ਸਬਾਹ ਕੈ

## ਸੁਰਤਿਆ ਉਪਜੈ ਚਾਉ

### (ਅੰਮ੍ਰਿਤ ਵੇਲੇ ਆਸਾ ਜੀ ਦੀ ਵਾਰ ਦੀ ਸਮਾਪਤੀ ਉਪਰੰਤ ਕੀਤੇ ਬਚਨ)

*ਸੰਤ ਵਰਿਆਮ ਸਿੰਘ ਜੀ*
*ਬਾਨੀ ਵਿ. ਗੁ. ਰੂ. ਮਿਸ਼ਨ।*

## ਹੁਕਮਨਾਮਾ

*ਸੂਹੀ ਮਹਲਾ ੪॥*
*ਜਿਥੈ ਹਰਿ ਆਰਾਧੀਐ ਤਿਥੈ ਹਰਿ ਮਿਤੁ ਸਹਾਈ॥*
*ਗੁਰ ਕਿਰਪਾ ਤੇ ਹਰਿ ਮਨਿ ਵਸੈ*
*ਹੋਰਤੁ ਬਿਧਿ ਲਇਆ ਨ ਜਾਈ॥੧॥*
*ਹਰਿ ਧਨੁ ਸੰਚੀਐ ਭਾਈ॥*
*ਜਿ ਹਲਤਿ ਪਲਤਿ ਹਰਿ ਹੋਇ ਸਖਾਈ॥੧॥ਰਹਾਉ॥*
*ਸਤਸੰਗਤੀ ਸੰਗਿ ਹਰਿ ਧਨੁ ਖਟੀਐ*
*ਹੋਰ ਥੈ ਹੋਰਤੁ ਉਪਾਇ ਹਰਿ ਧਨੁ ਕਿਤੈ ਨ ਪਾਈ॥*
*ਹਰਿ ਰਤਨੈ ਕਾ ਵਾਪਾਰੀਆ ਹਰਿ ਰਤਨ ਧਨੁ ਵਿਹਾਝੇ*
*ਕਚੈ ਕੇ ਵਾਪਾਰੀਏ ਵਾਕਿ ਹਰਿ ਧਨੁ ਲਇਆ ਨ ਜਾਈ॥੨॥*
*ਹਰਿ ਧਨੁ ਰਤਨੁ ਜਵੇਹਰੁ ਮਾਣਕੁ ਹਰਿ ਧਨੈ ਨਾਲਿ*
*ਅੰਮ੍ਰਿਤ ਵੇਲੈ ਵਤੈ ਹਰਿ ਭਗਤੀ ਹਰਿ ਲਿਵ ਲਾਈ॥*
*ਹਰਿ ਧਨੁ ਅੰਮ੍ਰਿਤ ਵੇਲੈ ਵਤੈ ਕਾ ਬੀਜਿਆ*
*ਭਗਤ ਖਾਇ ਖਰਚਿ ਰਹੇ ਨਿਖੁਟੈ ਨਾਹੀ॥*
*ਹਲਤਿ ਪਲਤਿ ਹਰਿ ਧਨੈ ਕੀ*
*ਭਗਤਾ ਕਉ ਮਿਲੀ ਵਡਿਆਈ॥੩॥*
*ਹਰਿ ਧਨੁ ਨਿਰਭਉ ਸਦਾ ਸਦਾ ਅਸਥਿਰੁ ਹੈ ਸਾਚਾ*
*ਇਹੁ ਹਰਿ ਧਨੁ ਅਗਨੀ ਤਸਕਰੈ ਪਾਣੀਐ ਜਮਦੂਤੈ*
*ਕਿਸੈ ਕਾ ਗਵਾਇਆ ਨ ਜਾਈ॥*
*ਹਰਿ ਧਨ ਕਉ ਉਚਕਾ ਨੇੜਿ ਨ ਆਵਈ*
*ਜਮੁ ਜਾਗਾਤੀ ਡੰਡੁ ਨ ਲਗਾਈ॥੪॥*
*ਸਾਕਤੀ ਪਾਪ ਕਰਿ ਕੈ ਬਿਖਿਆ ਧਨੁ ਸੰਚਿਆ*
*ਤਿਨਾ ਇਕ ਵਿਖ ਨਾਲਿ ਨ ਜਾਈ॥*
*ਹਲਤੈ ਵਿਚਿ ਸਾਕਤ ਦੁਹੇਲੇ ਭਏ ਹਥਹੁ ਛੁੜਕਿ ਗਇਆ*
*ਅਗੈ ਪਲਤਿ ਸਾਕਤੁ ਹਰਿ ਦਰਗਹ ਢੋਈ ਨ ਪਾਈ॥੫॥*
*ਇਸੁ ਹਰਿ ਧਨ ਕਾ ਸਾਹੁ ਹਰਿ ਆਪਿ ਹੈ ਸੰਤਹੁ*
*ਜਿਸ ਨੋ ਦੇਇ ਸੁ ਹਰਿ ਧਨੁ ਲਦਿ ਚਲਾਈ॥*
*ਇਸੁ ਹਰਿ ਧਨੈ ਕਾ ਤੋਟਾ ਕਦੇ ਨ ਆਵਈ*
*ਜਨ ਨਾਨਕ ਕਉ ਗੁਰਿ ਸੋਝੀ ਪਾਈ॥੬॥੨॥੧੦॥*

*ਪੰਨਾ - 734*

ਸਾਧ ਸੰਗਤ ਜੀ!

*ਵਾਹਿਗੁਰੂ ਜੀ ਕਾ ਖਾਲਸਾ॥*
*ਵਾਹਿਗੁਰੂ ਜੀ ਕੀ ਫਤਹਿ॥*

ਗੁਰੂ ਮਹਾਰਾਜ ਜੀ ਦਾ ਜੋ ਹੁਕਮਨਾਮਾ ਸਾਨੂੰ ਬਖਸ਼ਿਸ਼ ਹੋਇਆ ਹੈ ਉਹ ਆਪ ਸਭ ਨੇ ਸਰਵਣ ਕੀਤਾ ਹੈ। ਇਸ ਤੋਂ ਪਹਿਲਾਂ ਆਪ ਪਿਆਰ ਦੇ ਨਾਲ ਹਰੀ ਜਸ ਸਰਵਣ ਕਰ ਰਹੇ ਸੀ, ਗਾ ਰਹੇ ਸੀ। ਅੰਮ੍ਰਿਤ ਵੇਲੇ ਉਠਣਾ ਵਾਹਿਗੁਰੂ ਜੀ ਦੀ ਆਪਣੀ ਬਖਸ਼ਿਸ਼ ਹੋਇਆ ਕਰਦੀ ਹੈ।

ਪਿਛਲੇ ਯੁੱਗਾਂ ਦੇ ਵਿੱਚ ਲੰਮੀਆਂ ਕਮਾਈਆਂ ਸਨ, ਉਮਰਾਂ ਵੱਡੀਆਂ ਸਨ।

ਐਸਾ ਜਿਕਰ ਆਉਂਦਾ ਹੈ ਜੋ ਭਾਰਤ ਦਾ ਅਧਿਆਤਮ ਇਤਿਹਾਸ ਹੈ ਉਸ ਵਿਚ ਕਿ 17,28,000 (ਸਤਾਰਾਂ ਲੱਖ ਅਠਾਈ ਹਜ਼ਾਰ) ਸਾਲ ਦਾ ਬਹੁਤ ਹੀ ਉਤਮ ਸਮਾਂ ਜਿਸ ਵਿਚ ਸੱਚ ਬੋਲਿਆ ਜਾਂਦਾ ਸੀ, ਛਲ ਕਪਟ ਕੋਈ ਨਹੀਂ ਸੀ ਹੁੰਦਾ। ਉਦੋਂ ਪ੍ਰਮੇਸ਼ਰ ਦੇ ਭਰੋਸੇ ਤੇ ਜਿੰਦਗੀ ਗੁਜ਼ਾਰੀ ਜਾਂਦੀ ਸੀ। ਕੋਈ ਧਨ ਜੋੜਦਾ ਨਹੀਂ ਸੀ, ਕੋਈ ਕੋਠੇ ਨਹੀਂ ਸੀ ਪਾਉਂਦਾ, ਕੋਠੀਆਂ ਨਹੀਂ ਸੀ ਪਾਉਂਦੇ, ਕਿਲ੍ਹੇ ਕੋਟ ਨਹੀਂ ਸੀ ਹੁੰਦੇ। ਬਹੁਤ ਹੀ ਸੰਤੋਖ ਦਾ ਤੇ ਸੁਖ ਦਾ ਜੀਵਨ ਬਤੀਤ ਕੀਤਾ ਜਾਂਦਾ ਸੀ। ਉਹ 'ਸਤਿ ਦੇ ਜੀਵਨ' ਦੇ ਆਸਰੇ ਪ੍ਰਮੇਸ਼ਰ ਤੱਕ ਪਹੁੰਚ ਜਾਇਆ ਕਰਦੇ ਸੀ।

ਫੇਰ ਸਮਾਂ ਬਦਲਿਆ 12, 96, 000 (ਬਾਰਾਂ ਲੱਖ ਛਿਆਨਵੇਂ ਹਜ਼ਾਰ) ਸਾਲ ਦਾ ਸਮਾਂ ਗਿਣਿਆ ਗਿਆ, ਕਿ ਇਹ ਜੋ ਸਮਾਂ ਹੈ ਇਹ ਪਹਿਲੇ ਨਾਲੋਂ ਥੋੜ੍ਹਾ ਘਟ ਗਿਆ। ਜੋ ਸਤਿ ਦਾ ਜੀਵਨ ਸੀ ਉਸ ਦੇ ਵਿਚ ਕੁਝ ਬਦਲੀਆਂ ਆ ਗਈਆਂ। ਸਤਿ ਦੇ ਜੀਵਨ ਤੋਂ ਭਰੋਸਾ ਛੱਡ ਕੇ ਜੱਗ ਵਗੈਰਾ ਕਰਨੇ ਸ਼ੁਰੂ ਕਰ ਦਿੱਤੇ, ਦੇਵਤਿਆਂ ਦਾ ਸਮਾਂ ਆ ਗਿਆ, ਪ੍ਰਮੇਸ਼ਰ ਦੇ ਨਾਲ ਹੋਰ ਸ਼ਕਤੀਆਂ ਉਭਰ ਆਈਆਂ। ਇਥੇ ਬੇਅੰਤ ਗੁਪਤ ਸ਼ਕਤੀਆਂ ਨੇ ਪੈਸੇ ਦੀ ਲੋੜ ਹੈ ਤਾਂ ਇਸ ਸ਼ਕਤੀ ਨੂੰ ਧਿਆਵੋ, ਯੁੱਧ ਦੇ ਵਿਚ ਜਾਣਾ ਹੈ ਤਾਂ ਇਸ ਸ਼ਕਤੀ ਨੂੰ ਧਿਆਵੋ, ਫਸਲ ਬੀਜਣੀ ਹੈ ਤਾਂ ਇਸ ਸ਼ਕਤੀ ਦਾ ਧਿਆਨ ਧਰੋ, ਮੀਂਹ ਪੁਆਣਾ ਹੈ ਤਾਂ ਇਸ ਦਾ ਧਿਆਨ ਕਰੋ। ਸੋ ਯੱਗਾਂ ਦੀਆਂ ਵਿਧੀਆਂ ਬਣ ਗਈਆਂ ਉਸੇ ਤਰ੍ਹਾਂ ਦੇ ਨਾਲ ਪ੍ਰਾਪਤੀਆਂ ਹੋਣ ਲੱਗ ਗਈਆਂ। ਪ੍ਰਮੇਸ਼ਰ ਤੋਂ ਭਰੋਸਾ ਹਟ ਕੇ ਵੰਡਿਆ ਗਿਆ। ਗੁਪਤ ਸ਼ਕਤੀਆਂ ਜੋ ਕੁਦਰਤ ਦੀਆਂ ਹਨ, ਉਨ੍ਹਾਂ ਦੇ ਉਤੇ, ਚੇਤਨ ਸ਼ਕਤੀਆਂ ਦੇ ਉਤੇ ਭਰੋਸਾ ਆ ਗਿਆ ਪਰ ਇਹ ਸੀ ਕਿ ਜੜ੍ਹ ਨਾ ਮੰਨਿਆ। ਜੇ ਗੰਗਾ ਚਲਦੀ ਹੈ ਤਾਂ ਇਸ ਨੂੰ ਇਹ ਨਾ ਮੰਨਿਆ ਕਿ ਇਹ ਪਾਣੀ ਚਲਦਾ ਹੈ ਸਗੋਂ ਇਹ ਸਮਝਿਆ ਗਿਆ ਕਿ ਇਹ ਸਾਡੀ ਗੱਲ ਸੁਣਦੀ ਹੈ, ਸਾਡੇ ਨਾਲ ਬਾਤ ਕਰਦੀ ਹੈ, ਜੋ ਅਸੀਂ ਪ੍ਰਸ਼ਾਦ ਭੇਟਾ ਕਰਦੇ ਹਾਂ ਉਸ ਨੂੰ ਅੰਗੀਕਾਰ ਕਰਦੀ ਹੈ ਇਸੇ ਤਰ੍ਹਾਂ ਪਹਾੜਾਂ ਨੂੰ ਦਰਿਆਵਾਂ ਨੂੰ, ਦਰਖਤਾਂ ਨੂੰ, ਸੂਰਜ, ਚੰਦ, ਤਾਰਿਆਂ ਨੂੰ

ਜੀਉਂਦੀਆਂ ਸ਼ਕਤੀਆਂ ਮੰਨਿਆਂ ਗਿਆ ਤੇ ਉਨ੍ਹਾਂ ਦੇ ਵਿਚ ਜੋ matter (ਮਾਦਾ) ਦੀ, ਜੜ੍ਹ-ਸ਼ਕਤੀ ਉਸ ਦੇ ਪਿਛਲੇ ਪਾਸੇ ਜੀਉਂਦੀ ਸ਼ਕਤੀ ਮੰਨੀ ਗਈ ਜਿਵੇਂ ਸਰੀਰ ਸਾਡਾ ਜੜ੍ਹ ਹੈ ਪਰ ਇਸ ਦੇ ਵਿਚ ਜੀਉਂਦੀ ਸ਼ਕਤੀ ਸਾਡੀ ਹੈ, ਅਸੀਂ ਹਾਂ ਇਸ ਦੇ ਵਿਚ ਜੀਉਂਦੀ ਸ਼ਕਤੀ। ਸੋ ਉਨ੍ਹਾਂ ਸ਼ਕਤੀਆਂ ਨੂੰ ਪ੍ਰਸੰਨ ਕਰਨ ਵਾਸਤੇ ਜੱਗਾਂ ਦਾ ਰਿਵਾਜ ਪਿਆ।

ਇਸ ਤੋਂ ਬਾਅਦ ਤੀਸਰਾ ਸਮਾਂ ਆਇਆ 8, 64, 000 (ਅੱਠ ਲੱਖ, ਚੌਹਠ ਹਜ਼ਾਰ) ਸਾਲ ਦਾ, ਜਿਸ ਦੇ ਅੰਦਰ ਅਨੇਕ ਤਰ੍ਹਾਂ ਦੀ ਪੂਜਾ ਸ਼ੁਰੂ ਹੋ ਗਈ। ਬਹੁਤ ਸੋਹਣੇ ਅਸੂਲ ਮੰਨੇ ਗਏ ਲੇਕਿਨ ਸਾਰੇ ਦੇਵਤਿਆਂ ਦੀ ਪੂਜਾ ਹੋ ਰਹੀ ਹੈ, ਬਹੁ-ਵਾਟੀ ਸੰਸਾਰ ਚੱਲ ਪਿਆ ਪਰ ਫੇਰ ਵੀ ਇਹ ਧਾਰਮਿਕ ਜੀਵਨ ਸੀ, ਰੱਬ ਵੱਲ ਲੱਗੇ ਰਹਿੰਦੇ ਸੀ।

ਇਸ ਤੋਂ ਬਾਅਦ 4, 32, 000 (ਚਾਰ ਲੱਖ ਬੱਤੀ ਹਜਾਰ) ਸਾਲ ਦਾ ਸਮਾਂ ਆ ਗਿਆ ਜਿਸ ਨੂੰ ਕਲਜੁਗ ਆਖਦੇ ਨੇ। ਇਸ ਨੂੰ ਸ਼ੁਰੂ ਹੋਏ ਨੂੰ ਕੋਈ 5,200 (ਪੰਜ ਹਜਾਰ ਦੋ ਸੌ) ਸਾਲ ਹੋ ਗਏ। ਇਸ ਦੇ ਨਾਲ ਹੀ ਪਹਿਲਾਂ ਜੋ ਜੁਗ ਸੀ ਉਸ ਦੇ ਵਿਚ ਲੱਖ ਵਰ੍ਹੇ ਦੀ ਉਮਰ, ਬਹੁਤ ਸੰਜਮੀ ਜੀਵਨ, ਦੂਸਰੇ ਯੁਗ ਦੀ ਦਸ ਹਜਾਰ ਸਾਲ ਦੀ, ਤੀਸਰੇ ਦੀ ਹਜਾਰ ਸਾਲ ਦੀ ਤੇ ਕਲਜੁਗ ਦੇ ਅੰਦਰ ਉਮਰਾਂ ਘਟ ਗਈਆਂ ਕਿਉਂਕਿ ਵਿਚਾਰ, ਅਹਾਰ, ਆਚਾਰ ਇਹ ਸਾਰੀਆਂ ਚੀਜ਼ਾਂ ਬਦਲ ਗਈਆਂ। ਸਰੀਰ ਦੇ ਵਿਚ ਸ਼ਕਤੀ ਨਾ ਰਹੀ ਘਟ ਗਈ, ਬਿਮਾਰੀਆਂ ਆ ਗਈਆਂ, ਆਪ ਹੁਦਰਾਪਣ ਸਭ ਦੇ ਵਿਚ ਆ ਗਿਆ ਤੇ ਜਿਹੜੇ ਵਿਕਾਰ ਤਿੰਨਾਂ ਜੁਗਾਂ ਵਿਚ ਦਬੇ ਹੋਏ ਸੀ ਉਹ ਵਿਕਾਰ ਇਸ ਜੁਗ ਦੇ ਵਿਚ ਪੂਰੇ ਜੋਰ ਨਾਲ ਸ਼ੁਰੂ ਹੋ ਗਏ। ਕੋਈ ਕਿਸੇ ਦੀ ਮੰਨਦਾ ਨਹੀਂ ਹੈ, ਕੋਈ ਕਿਸੇ ਪ੍ਰਮੇਸ਼ਰ ਨੂੰ ਨਹੀਂ ਜਾਣਦਾ, ਪਸ਼ੂਆਂ ਵਰਗਾ ਜੀਵਨ ਬਤੀਤ ਕਰਕੇ Eat drink and be marry for we shall have to die. ਇਹ ਨਹੀਂ ਪਤਾ ਕਿ ਮਰਨ ਤੋਂ ਬਾਅਦ ਕਿਥੇ ਜਾਣਾ ਹੈ? ਪੈਦਾ ਹੋਣ ਤੋਂ ਪਹਿਲਾਂ ਅਸੀਂ ਕਿਥੋਂ ਆਏ ਹਾਂ? ਸੋ ਐਸਾ ਖਿਆਲਾਂ ਦਾ ਇਕ ਵਹਾਓ ਚੱਲ ਗਿਆ ਜਿਸ ਦੇ ਵਿਚ ਜਿੰਨੀਆਂ ਵੀ ਪਿਛਲੀਆਂ ਕੀਮਤਾਂ ਸਨ ਉਹ ਸਾਰੀਆਂ ਮਹੱਤਵਹੀਣ ਪ੍ਰਤੀਤ ਹੋਣ ਲੱਗ ਗਈਆਂ ਤੇ ਕਿਸੇ ਵਿਚ ਤਾਕਤ ਨਾ ਰਹੀ ਕਿ ਇਸ ਜੁੱਗ ਨਾਲ ਮੁਕਾਬਲਾ ਕਰ ਸਕੇ।

ਪਹਿਲੇ ਜੁੱਗਾਂ ਦੇ ਅੰਦਰ ਅਵਤਾਰ ਭੇਜੇ ਗਏ। ਹੰਸਾ ਅਵਤਾਰ ਆਇਆ ਪਹਿਲੇ ਜੁਗ ਵਿਚ। ਬੜੀ ਦੇਰ 17 ਲੱਖ 28 ਹਜਾਰ ਸਾਲ ਵਿਚ ਇਕ ਆਇਆ। ਤ੍ਰੇਤਾ ਜੁਗ ਹੋ ਗਿਆ ਤੇ ਇਸ ਦੇ ਅੰਤ ਦੇ ਵਿਚ ਸ੍ਰੀ ਰਾਮ ਚੰਦਰ ਜੀ ਚੌਦਾ ਕਲਾ ਸੰਪੂਰਨ ਅਵਤਾਰ ਹੈ, ਦੁਆਪਰ ਜੁਗ ਆ ਗਿਆ ਤੇ ਉਸ ਦੇ ਅੰਤ ਵਿਚ ਸ੍ਰੀ ਕ੍ਰਿਸ਼ਨ ਮਹਾਰਾਜ ਆਏ, ਗੀਤਾ ਦਾ ਗਿਆਨ ਦਿੱਤਾ, ਨਵੀਂ ਰੋਸ਼ਨੀ ਸੰਸਾਰ ਨੂੰ ਦਿੱਤੀ ਲੇਕਿਨ ਕਲਜੁਗ ਦੇ ਅੰਦਰ ਐਨਾ ਜਬਰਦਸਤ ਹੜ੍ਹ ਆ ਗਿਆ, ਖਿਆਲਾਂ ਦਾ ਕਿ ਉਸ ਵੇਲੇ ਪ੍ਰਮੇਸ਼ਰ ਗੁਰੂ ਰੂਪ ਹੋ ਕੇ ਪ੍ਰਗਟ ਹੋਇਆ।

ਜਨਮ ਸਾਖੀ 'ਚ ਇਹ ਆਉਂਦਾ ਹੈ ਕਿ ਗੁਰੂ ਨਾਨਕ ਨੂੰ ਆਪਣੇ ਆਪ ਵਿਚੋਂ ਗੁਰੂ ਰੂਪ ਵਿਚ ਪ੍ਰਗਟ ਕਰਕੇ ਨਾਲ ਇਹ ਬਚਨ ਕੀਤਾ ਕਿ ਹੇ ਨਾਨਕ! ਮੈਂ ਪਾਰਬ੍ਰਹਮ ਪ੍ਰਮੇਸ਼ਰ, ਮੇਰਾ ਕੋਈ ਆਦਿ ਨਹੀਂ ਜਾਣਦਾ, ਅੰਤ ਨਹੀਂ ਜਾਣਦਾ, ਮੇਰੇ ਬਾਰੇ ਕੋਈ ਕੁਝ ਨਹੀਂ ਜਾਣਦਾ ਕਿ ਮੇਰਾ ਪਸਾਰਾ ਕਿੰਨਾ ਹੈ? ਤ੍ਰਿਗੁਣੀ ਮੇਰੀ ਮਾਇਆ ਕੰਮ ਕਰ ਰਹੀ ਹੈ ਸੰਸਾਰ ਦੇ ਅੰਦਰ ਇਸ ਦੇ ਓਹਲੇ ਬੈਠਾ ਸਾਰਾ ਕਾਰੋਬਾਰ ਮੈਂ ਕਰਦਾ ਪਰ ਮੈਨੂੰ ਕੋਈ ਪਛਾਣਦਾ ਨਹੀਂ ਹੈ। ਤੂੰ ਸੰਸਾਰ ਨੂੰ ਜਾ ਕੇ ਨੇਤਰ ਬਖਸ਼, ਐਸਾ ਸਾਧਨ ਦੇਹ....., ਮੇਰੀ ਦਰਗਾਹ ਵਿਚੋਂ ਖਾਸ ਪਿਆਲਾ ਜੋ ਹੈ ਨਾਮ ਦਾ, ਉਹ ਮੈਂ ਤੈਨੂੰ ਦਿੰਦਾ ਹਾਂ। ਇਸ ਪਿਆਲੇ ਦੇ ਵਿਚੋਂ ਇਕ ਬੂੰਦ ਸੰਸਾਰ ਨੂੰ ਦੇਹ -

*ਗੁਰਮੁਖਿ ਕੋਟਿ ਉਧਾਰਦਾ ਭਾਈ ਦੇ ਨਾਵੈ ਏਕ ਕਣੀ॥*

*ਅੰਗ - 398*

ਕ੍ਰੋੜਾਂ ਦਾ ਇਕ ਕਣੀ ਨਾਲ ਉਧਾਰ ਕਰ ਦਿੰਦਾ ਹੈ, ਚੌਲ ਜੇ ਅਸੀਂ ਲਈਏ ਤਾਂ ਨਿੱਕਾ-ਜਿਹਾ ਜੋ ਦਾਣਾ ਹੈ ਤਾਂ ਅਸੀਂ ਉਸ ਨੂੰ ਇਕ ਕਣੀ ਕਹਿੰਦੇ ਹਾਂ, ਬਾਰਸ਼ ਪੈਂਦੀ ਹੋਵੇ ਤੇ ਬੇਅੰਤ ਕਣੀਆਂ ਨੇ ਉਨ੍ਹਾਂ ਵਿਚੋਂ ਇਕ ਕਣੀ। ਕਹਿੰਦੇ ਉਹ ਨਾਮ ਦੀ ਕਣੀ ਦੇ ਕੇ ਸੰਸਾਰ ਦਾ ਉਧਾਰ ਕਰ ਦੇਹ।

ਸੋ ਏਸ ਤਰ੍ਹਾਂ ਦੇ ਨਾਲ ਗੁਰੂ ਮਹਾਰਾਜ ਨੇ ਨਾਮ ਸੰਸਾਰ ਦੇ ਅੰਦਰ ਪ੍ਰਗਟ ਕਰਿਆ, ਨਾਮ ਸ਼ਕਤੀ ਦੇ ਉਤੇ ਜ਼ੋਰ ਦਿੱਤਾ। ਬਾਕੀਆਂ ਲਈ ਕਿਹਾ ਕਿ ਇਹ ਉਨ੍ਹਾਂ ਜੁਗਾਂ ਦਾ ਧਰਮ ਸੀ ਤੇ ਕਲਜੁਗ ਦੇ ਅੰਦਰ ਕੋਈ ਲੰਘ ਸਕਦਾ ਹੈ ਤਾਂ ਉਹ ਨਾਮ ਦੇ ਆਸਰੇ ਲੰਘ ਸਕਦਾ ਹੈ।

ਸੋ ਏਸ ਸ਼ਬਦ ਦੇ ਅੰਦਰ ਗੁਰੂ ਨਾਨਕ ਪਾਤਸ਼ਾਹ ਨੇ 3 ਤਰ੍ਹਾਂ ਦੇ ਵਿਚਾਰ ਦਿੱਤੇ ਨੇ। ਪਹਿਲਾਂ ਤਾਂ ਇਹ ਹੈ ਕਿ ਇਹ ਜੋ ਵਾਹਿਗੁਰੂ ਹੈ, ਜੇ ਇਸ ਨੂੰ ਮੰਨ ਲਿਆ ਜਾਵੇ, ਕਿਉਂਕਿ ਮੰਨਣਾ ਬੜੀ ਮੁਸ਼ਕਲ ਦੀ ਬਾਤ ਹੈ, ਕੋਈ ਵਿਰਲਾ ਹੈ ਜਿਹੜਾ ਵਾਹਿਗੁਰੂ ਤੇ ਵਿਸ਼ਵਾਸ ਕਰਦਾ ਹੈ, ਗੁਰੂ ਤੇ ਵਿਸ਼ਵਾਸ ਕਰਦਾ ਹੈ, ਗੁਰੂ ਦੇ ਬਚਨਾਂ ਤੇ ਵਿਸ਼ਵਾਸ ਕਰਦਾ ਹੈ। ਸੰਸਾਰ ਆਪਣੇ ਆਪ ਤੇ ਵਿਸ਼ਵਾਸ ਕਰਦਾ ਹੈ, ਆਪਣੇ ਬਲ ਤੇ ਵਿਸ਼ਵਾਸ ਕਰਦਾ ਹੈ, ਆਪਣੀ ਅਕਲ ਤੇ ਵਿਸ਼ਵਾਸ ਕਰਦਾ ਹੈ, ਆਪਣੀਆਂ ਦਲੀਲਾਂ, ਉਕਤੀਆਂ-ਜੁਗਤੀਆਂ ਤੇ ਵਿਸ਼ਵਾਸ ਕਰਦਾ ਹੈ, ਗੁਰੂ ਦੇ ਬਚਨ ਤੇ ਕੋਈ ਵਿਰਲਾ ਹੈ ਜੋ ਵਿਸ਼ਵਾਸ ਕਰਦਾ ਹੈ। ਸੋ ਜੇ ਵਾਹਿਗੁਰੂ ਮਿੱਤਰ ਬਣ ਜਾਵੇ ਮਿੱਤਰ ਤਾਂ ਬਣਦਾ ਹੈ ਜੇ -

*ਲੋਗ ਕੁਟੰਬ ਸਭਹੁ ਤੇ ਤੋਰੈ ਤਉ ਆਪਨ ਬੇਢੀ ਆਵੈ ਹੋ॥*

*ਅੰਗ - 657*

ਮਹਾਰਾਜ ਕਹਿੰਦੇ ਉਹ ਮਿੱਤਰ ਫੇਰ ਹਰ ਥਾਂ ਸਹਾਇਤਾ ਕਰਦਾ ਹੈ, ਨਾਲ ਰਹਿੰਦਾ ਹੈ ਜਿਥੇ ਯਾਦ ਕਰੋ ਉਥੇ ਹੀ ਸਹਾਇਤਾ ਕਰਦਾ ਹੈ, ਜਦੋਂ ਵੀ ਉਸ ਦੇ ਵੱਲ ਨੂੰ ਝਾਕ ਕੇ ਉਸ ਨੂੰ ਬੁਲਾਓ, ਉਸੇ ਵੇਲੇ ਉਸ ਨੇ ਆ ਹੀ ਜਾਣਾ ਹੈ ਕਿਉਂਕਿ ਉਸ ਦਾ ਸੁਭਾਅ ਹੈ ਰਾਖੀ ਕਰਨਾ ਤੇ ਪਾਲਣਾ। ਜੋ ਵੀ ਯਾਦ ਕਰਦਾ ਹੈ ਉਸ ਦੀ ਮਦਦ ਕਰਨ ਵਾਸਤੇ ਉਸ ਨੇ ਆਉਣਾ ਹੀ ਆਉਣਾ ਹੈ, ਸਹਾਇਤਾ ਕਰਨੀ ਹੀ ਕਰਨੀ ਹੈ।

ਦੂਸਰਾ ਮਹਾਰਾਜ ਕਹਿੰਦੇ ਹਨ ਕਿ ਫੇਰ ਐਸੇ ਮਿੱਤਰ ਨੂੰ ਆਪਣੇ ਅੰਦਰ ਵਸਾ ਲੈ। ਅਸੀਂ ਵਸਾ ਨਹੀਂ ਸਕਦੇ ਕਿਉਂਕਿ ਅਸੀਂ ਇਸ ਗੱਲ ਨੂੰ ਨਾ ਪੂਰੀ ਤਰ੍ਹਾਂ ਸਮਝਦੇ ਹਾਂ, ਨਾ ਧਿਆਨ ਦਿੰਦੇ ਹਾਂ। ਇਸ ਦੀ ਥਾਂ ਤੇ ਮਹਾਰਾਜ ਕਹਿੰਦੇ–

*ਸੰਗਿ ਸਹਾਈ ਸੁ ਆਵੈ ਨ ਚੀਤਿ॥ ਅੰਗ - 267*

ਇਹ ਸੰਗ ਸਹਾਇਤਾ ਕਰਨ ਵਾਲਾ, ਹਰ ਵਕਤ ਸਾਡੇ ਨਾਲ ਰਹਿੰਦਾ ਹੈ ਇਹ ਚਿੱਤ ਵਿੱਚ ਨਹੀਂ ਵਸਦਾ–

*ਜੋ ਬੈਰਾਈ ਤਾ ਸਿਉ ਪ੍ਰੀਤਿ॥ ਅੰਗ - 267*

ਜਿਹੜੇ ਵੈਰੀ ਨੇ, ਜਿਨ੍ਹਾਂ ਨੇ ਖਾਤਮਾ ਕਰ ਦੇਣਾ ਹੈ, ਨਰਕਾਂ ਵਿਚ ਸੁੱਟ ਦੇਣਾ ਹੈ, ਮਾਨਸ ਜਨਮ ਬਰਬਾਦ ਕਰ ਦੇਣਾ ਹੈ, ਉਹ ਸਾਡੇ ਅੰਦਰ ਵਸਦੇ ਨੇ। ਵੈਰ ਵਸਦਾ ਹੈ ਸਾਡੇ ਅੰਦਰ, ਨਹੀਂ ਭੁਲਦੇ ਵੈਰੀ ਨੂੰ ਕਦੇ ਵੀ, ਵਿਰੋਧ ਵਸਦਾ ਹੈ, ਕਾਮ ਵਸਦਾ ਹੈ, ਕ੍ਰੋਧ ਵਸਦਾ ਹੈ, ਨਹੀਂ ਕ੍ਰੋਧ ਨੂੰ ਕੱਢ ਸਕਦੇ ਕਿਉਂਕਿ ਉਸ ਨੇ ਵਾਸਾ ਕਰ ਲਿਆ ਅੰਦਰ। ਨਾਲੇ ਪਤਾ ਹੈ ਕਿ ਇਹ ਨੁਕਸਾਨ ਕਰ ਰਿਹਾ ਹੈ ਲੇਕਿਨ ਕੱਢ ਨਹੀਂ ਸਕਦੇ ਉਸ ਦੇ ਨਾਲ ਪ੍ਰੀਤ ਰਖੀ ਹੋਈ ਹੈ, ਉਸ ਦੇ ਵੱਲ ਕੁਦਰਤੀ ਮਨ ਦਾ ਝੁਕਾਉ ਹੈ, ਵਾਹਿਗੁਰੂ ਵਲ ਨਹੀਂ ਹੈ। ਵਾਹਿਗੁਰੂ ਬੜੀ ਮੁਸ਼ਕਲਾਂ ਨਾਲ ਯਾਦ ਆਉਂਦਾ ਹੈ ਉਹ ਵੀ ਕਿਸੇ ਦੇ ਹੀ ਆਉਂਦਾ ਹੈ ਸਾਰਿਆਂ ਦੇ ਨਹੀਂ ਆਉਂਦਾ ਤੇ ਉਹ ਸੁਖ ਦਿੰਦਾ ਹੈ। ਮਹਾਰਾਜ ਕਹਿੰਦੇ ਜੇ ਉਹ ਤੇਰੇ ਅੰਦਰ ਵਸ ਜਾਵੇ ਤਾਂ ਤੇਪੇ ਸਾਰੇ ਹੀ ਕਾਰਜ ਰਾਸ ਹੋ ਜਾਣ, ਤੈਨੂੰ ਕੋਈ ਪ੍ਰਾਣਾਯਾਮ ਕਰਨ ਦੀ ਲੋੜ ਨਹੀਂ ਹੈ, ਘਰਾਂ ਨੂੰ ਛੱਡ ਕੇ ਜੰਗਲਾਂ 'ਚ ਜਾਣ ਦੀ ਲੋੜ ਨਹੀਂ ਹੈ, ਤੈਨੂੰ ਬਰਫਾਂ ਵਿੱਚ ਬੈਠ ਕੇ ਸਰੀਰ ਨੂੰ ਗਾਲਣ ਦੀ ਲੋੜ ਨਹੀਂ ਹੈ, ਧੂਣੀਆਂ ਤਾਪਣ ਦੀ ਲੋੜ ਨਹੀਂ ਹੈ, ਜਲ ਧਾਰੇ ਕਰਨ ਦੀ ਲੋੜ ਨਹੀਂ ਹੈ। ਸੋ ਤੂੰ ਪ੍ਰਮੇਸ਼ਰ ਨੂੰ ਅੰਦਰ ਵਸਾ ਲੈ, ਉਸ ਦੇ ਨਾਮ ਨੂੰ ਅੰਦਰ ਵਸਾ ਲੈ। ਜਦੋਂ ਉਹ ਵਸ ਗਿਆ ਤਾਂ ਕੁਦਰਤੀ ਤੌਰ ਤੇ ਜਿਥੇ ਨਾਮ ਆਏਗਾ ਤਾਂ ਨਾਮ ਦੇ ਵਿਚ ਜੋ ਸ਼ਕਤੀਆਂ ਹਨ ਜਿਸ ਤਰ੍ਹਾਂ ਕਿਸੇ ਪ੍ਰਾਂਤ ਵਿੱਚ ਜਾ ਸ਼ਹਿਰ ਵਿਚ ਰਾਸ਼ਟਰਪਤੀ ਆਉਂਦਾ ਹੈ ਤਾਂ ਜਿੰਨੇ ਅਫਸਰ ਨੇ ਸਾਰਿਆਂ ਨੂੰ ਉਥੇ ਜਾਣਾ ਪੈਂਦਾ ਹੈ। ਉਹ ਜਾਂਦੇ ਨੇ ਸਾਰੇ ਫੌਜ ਵੀ ਜਾਏਗੀ, ਪੁਲਿਸ ਵੀ ਜਾਏਗੀ, ਹੋਰ ਵੀ ਜਾਣਗੇ। ਇਸੇ ਤਰ੍ਹਾਂ ਕੁਦਰਤੀ ਤੌਰ ਤੇ ਜਿਥੇ ਨਾਮ ਨੇ ਪੈਰ ਰੱਖਣਾ ਹੈ, ਨਾਮ ਨੇ ਪ੍ਰਗਟ ਹੋਣਾ ਹੈ ਉਥੇ ਕੁਲ ਸ਼ਕਤੀਆਂ ਸੰਸਾਰ ਦੀਆਂ ਪ੍ਰਗਟ ਹੋ ਜਾਣਗੀਆਂ –

*ਨਵ ਨਿਧੀ ਅਠਾਰਹ ਸਿਧੀ ਪਿਛੈ ਲਗੀਆ ਫਿਰਹਿ*
*ਜੋ ਹਰਿ ਹਿਰਦੈ ਸਦਾ ਵਸਾਇ॥ ਅੰਗ - 649*

ਵਸਾਉਣ ਦੀ ਬਾਤ ਹੈ ਜਿਸ ਦੇ ਹਿਰਦੇ ਵਸ ਜਾਵੇ। ਬਹੁਤ ਵੱਡੀ ਬਾਤ ਮਹਾਰਾਜ ਨੇ ਸਾਡੇ ਜੀਵਨ ਦੀ ਕਲਿਆਣ ਵਾਸਤੇ ਦੱਸੀ ਹੈ ਲੇਕਿਨ ਇਹੀ ਬਚਨ ਸਾਡੇ ਯਾਦ ਨਹੀਂ ਰਹਿੰਦੇ। ਫੇਰ ਮਹਾਰਾਜ ਜੀ ਨੇ ਏਸ ਯਾਦ ਦਾ ਜਿਸ ਨੂੰ ਅਸੀਂ ਨਾਮ ਧਨ ਕਹਿੰਦੇ ਹਾਂ, ਲਗਾਤਾਰੀ ਯਾਦ, ਸਿਮਰਨ ਕਹਿੰਦੇ ਹਾਂ, ਉਹ ਬਿਰਤੀ ਜਿਥੇ ਜਾ ਕੇ ਪ੍ਰਮੇਸ਼ਰ ਦਿਸਦਾ ਹੈ ਇਨ੍ਹਾਂ ਅੱਖਾਂ ਦੇ ਨਾਲ, ਉਹ ਸਥਿਤੀ ਜਿਥੇ ਆਤਮਕ ਮੰਡਲ ਵਿੱਚ ਜਾ ਕੇ ਆਤਮਾ ਸਾਕਸ਼ਾਤਕਾਰ ਹੁੰਦਾ ਹੈ, ਉਸ ਸਾਰੀ ਕਿਰਿਆ ਨੂੰ ਨਾਮ ਕਹਿੰਦੇ ਨੇ ਕਿ ਨਾਮ ਪ੍ਰਗਟ ਹੋ ਗਿਆ ਇਸ ਦੇ ਅੰਦਰ। ਮਹਾਰਾਜ ਕਹਿੰਦੇ ਜਿਹੜਾ ਅੰਮ੍ਰਿਤ ਵੇਲੇ ਦਾ ਬੀਜਿਆ ਹੋਇਆ ਹੈ, ਅੰਮ੍ਰਿਤ ਵੇਲਾ ਇਕ ਤਾਂ ਉਹ ਹੈ ਜਿਸ ਦੇ ਵਿਚ ਤੁਸੀਂ ਉਠ ਕੇ ਕੀਰਤਨ ਕਰਦੇ ਹੋ। ਦੂਸਰਾ ਅੰਮ੍ਰਿਤ ਵੇਲਾ ਹੈ ਆਹ ਸਰੀਰ ਜੋ ਮਨੁਖਾ ਜਨਮ ਹੈ। ਤੀਸਰਾ ਅੰਮ੍ਰਿਤ ਵੇਲਾ ਉਹ ਹੁੰਦਾ ਹੈ ਕਿ ਜਿਸ ਵਕਤ ਵੀ ਪ੍ਰਮੇਸ਼ਰ ਦੇ ਨਾਲ ਸੁਰਤ ਜੁੜ ਜਾਵੇ ਉਹ ਸਮਾਂ 'ਅੰਮ੍ਰਿਤ ਵੇਲਾ' ਹੋ ਜਾਇਆ ਕਰਦਾ ਹੈ। ਸੋ ਉਸ ਦੇ ਵਿਚ ਮਹਾਰਾਜ ਕਹਿੰਦੇ ਜੁੜੀ ਹੋਈ ਸੁਰਤ ਨਾਲ ਪ੍ਰਮੇਸ਼ਰ ਦਾ ਪਿਆਰ, ਪ੍ਰਮੇਸ਼ਰ ਦਾ ਨਾਮ ਇਕੱਠਾ ਕੀਤਾ ਹੋਇਆ। ਇਸ ਨੂੰ ਨਾ ਕੋਈ ਚੋਰ ਲੁੱਟ ਸਕਦਾ ਹੈ, ਨਾ ਅੱਗ ਜਾਲ ਸਕਦੀ ਹੈ, ਨਾ ਪਾਣੀ ਵਿੱਚ ਡੁੱਬ ਸਕਦਾ ਹੈ, ਨਾ ਅਕਾਸ਼ ਵਿੱਚ ਉਡ ਸਕਦਾ ਹੈ, ਨਾ ਹਵਾ ਲਿਜਾ ਸਕਦੀ ਹੈ, ਉਚੱਕਾ ਚੋਰ ਜਾਂ ਠੱਗ ਕੋਈ ਇਸ ਨੂੰ ਠਗ ਨਹੀਂ ਸਕਦਾ, ਇਸ ਤੋਂ ਡਰਦੇ ਹੋਏ ਕਾਮ, ਕ੍ਰੋਧ, ਲੋਭ, ਮੋਹ, ਅੰਹਕਾਰ, ਈਰਖਾ, ਨਿੰਦਿਆ, ਚੁਗਲੀ, ਸ਼ਬਦ, ਸਪਰਸ਼, ਰੂਪ, ਰਸ, ਗੰਧ, ਰਾਜ, ਮਾਲ, ਰੂਪ, ਜਾਤ, ਜੋਬਨ ਪੰਜੇ ਠੱਗ ਇਹ ਇਕ ਵੀ ਨਹੀਂ ਰਹਿੰਦਾ, ਸਾਰੇ ਨੱਠ ਜਾਂਦੇ ਨੇ। ਜਿਥੇ ਨਾਮ ਹੈ ਉਥੇ ਇਨ੍ਹਾਂ ਚੋਰਾਂ ਦਾ ਵਸ ਨਹੀਂ ਚਲਦਾ। ਹੋਰ ਕੋਈ ਤਰੀਕਾ ਨਹੀਂ ਹੈ।

ਸੋ ਮਹਾਰਾਜ ਕਹਿੰਦੇ ਇਹ ਜਿਹੜਾ ਖੱਟ ਲਿਆ ਧਨ, ਨਾ ਇਹ ਇਥੇ ਖਤਮ ਹੋਵੇ, ਨਾ ਦਰਗਾਹ ਵਿਚ ਜਾ ਕੇ ਖਤਮ ਹੋਵੇ, ਅਤੁੱਟ ਧਨ ਹੈ ਜਿਸ ਦਾ ਕਦੇ ਖਾਤਮਾ ਹੁੰਦਾ ਹੀ ਨਹੀਂ। ਜਿੰਨਾ ਜੀਅ ਕਰਦਾ ਹੈ ਖਰਚ ਲਓ, ਜਿੰਨਾ ਜੀਅ ਕਰਦਾ ਹੈ ਇਸ ਨੂੰ ਵਰਤ ਲਓ ਇਹ ਨਹੀਂ ਖਤਮ ਹੋਏਗਾ –

*ਤੋਟਿ ਨ ਆਵੈ ਵਧਦੋ ਜਾਈ॥ ਅੰਗ - 186*

ਜਿਉਂ ਜਿਉਂ ਖਰਚੋਂਗੇ ਓਨਾ ਹੋਰ ਵਧ ਜਾਂਦਾ ਹੈ ਕਿਉਂਕਿ ਇਸ ਦੇ ਵਿੱਚ ਇਹ ਸਿਫਤ ਹੈ। ਦੂਸਰੇ ਪਾਸੇ ਮਹਾਰਾਜ ਜੀ ਨੇ ਉਨ੍ਹਾਂ ਲੋਕਾਂ ਦਾ ਜੋ ਪ੍ਰਮੇਸ਼ਰ ਤੋਂ ਬਗੈਰ

ਹੋਰ ਪਾਸੇ ਸੁਰਤ ਲਾ ਕੇ ਧਨ ਖਟਦੇ ਨੇ, ਹੋਰ ਚੀਜ਼ਾਂ, ਬੇਅੰਤ ਦੁਨੀਆਂ ਦੀਆਂ ਪ੍ਰਾਪਤੀਆਂ ਨੇ। ਮਹਾਰਾਜ ਕਹਿੰਦੇ ਇਨ੍ਹਾਂ ਵਿਚੋਂ ਕੋਈ ਚੀਜ਼ ਵੀ ਤੇਰੇ ਨਾਲ ਨਹੀਂ ਜਾਣੀ। ਭੁਲੇਖਾ ਇਕ ਤੇਰੇ ਮਨ ਵਿਚ ਪੈ ਗਿਆ, ਭੁੱਲ ਗਿਆ ਤੂੰ ਇਸ ਨੂੰ।

ਸੋ ਇਸ ਦੇ ਵਿੱਚ ਮਹਾਰਾਜ ਜੀ ਨੇ 3 ਗੱਲਾਂ ਸਾਨੂੰ ਦੱਸੀਆਂ ਨੇ, ਤਿੰਨ ਵਿਚਾਰ ਦੱਸੇ ਨੇ ਤੇ ਨਾਲ ਹੀ ਇਹ ਹੈ ਕਿ ਸਾਡੇ ਮਨ ਵਿੱਚ ਫੇਰ ਸ਼ੰਕਾ ਹੋ ਜਾਂਦਾ ਹੈ, ਫੇਰ ਦੁਨੀਆਂ ਦੀ ਪ੍ਰਾਪਤੀ ਤਾਂ ਕੋਈ ਚੀਜ਼ ਨਾ ਹੋਈ। ਮਹਾਰਾਜ ਕਹਿੰਦੇ ਦੁਨੀਆਂ ਦੀਆਂ ਪ੍ਰਾਪਤੀਆਂ ਪ੍ਰਮੇਸ਼ਰ ਨੇ ਪਹਿਲਾਂ ਹੀ ਤੇਰੀ ਪ੍ਰਾਲਬਧ ਵਿੱਚ ਲਿਖੀਆਂ ਹੋਈਆਂ ਨੇ। ਇਹ ਤਾਂ ਚੰਗੀਆਂ ਨੇ ਜੇ ਤੇਰੇ ਪ੍ਰਮੇਸ਼ਰ ਯਾਦ ਰਹੇ। ਜੇ ਇਹ ਚੀਜ਼ਾਂ ਤੈਨੂੰ ਵਾਹਿਗੁਰੂ ਨਾਲੋਂ ਭੁਲਾ ਦੇਣ ਤਾਂ ਇਹ ਠੀਕ ਨਹੀਂ ਹੁੰਦੀਆਂ। ਦੁਨੀਆਂ ਵਿੱਚ ਰਹਿ, ਖੁਸ਼ ਰਹਿ, ਚੀਜ਼ਾਂ ਤੈਨੂੰ ਦਿੱਤੀਆਂ ਨੇ ਉਨ੍ਹਾਂ ਦਾ ਤੂੰ ਆਨੰਦ ਲੈ ਲੇਕਿਨ ਵਾਹਿਗੁਰੂ ਨੂੰ ਨਾ ਭੁੱਲ। ਜੇ ਵਾਹਿਗੁਰੂ ਨੂੰ ਯਾਦ ਰੱਖੇਂਗਾ ਤਾਂ ਇਹੀ ਤੈਨੂੰ ਬਹੁਤ ਅਨੰਦ ਦੇਣਗੀਆਂ। ਜੇ ਵਾਹਿਗੁਰੂ ਤੈਨੂੰ ਭੁਲੇਗਾ ਪ੍ਰਾਪਤੀਆਂ ਤੋਂ ਬਾਅਦ ਤਾਂ ਮਹਾਰਾਜ ਕਹਿੰਦੇ –

*ਦਾਤਿ ਪਿਆਰੀ ਵਿਸਰਿਆ ਦਾਤਾਰਾ॥ ਅੰਗ - 676*

ਫੇਰ ਇਹ ਸਾਕਤਾਂ ਵਾਲਾ ਹਾਲ ਹੋ ਜਾਂਦਾ ਹੈ। ਕਹਿੰਦੇ ਇਕ ਵੀ ਚੀਜ਼ ਤੇਰੇ ਨਾਲ ਨਹੀਂ ਰਹਿਣੀ, ਨਾਲ ਜਾਣੀ ਨਹੀਂ ਹੈ ਇਥੇ ਦੀਆਂ ਇਥੇ ਰਹਿ ਜਾਣਗੀਆਂ। ਇਨ੍ਹਾਂ ਪ੍ਰਾਪਤੀ ਲਈ ਜਿਹੜੀਆਂ ਤੂੰ ਠੱਗੀਆਂ, ਧੋਖੇ, ਫਰੇਬ, ਖੋਹ-ਖਿੰਝ ਨਾਜਾਇਜ ਗੱਲਾਂ ਕਰੀਆਂ ਹਨ ਉਨ੍ਹਾਂ ਦਾ ਫਲ ਭੁਗਤਣ ਵਾਸਤੇ ਤੈਨੂੰ ਜਾਣਾ ਪਏਗਾ ਤੇ ਦੁਖੀ ਹੋਵੇਂਗਾ। ਸੋ ਇਸ ਤਰ੍ਹਾਂ ਦੇ ਨਾਲ ਮਹਾਰਾਜ ਜੀ ਨੇ ਬੜੇ ਵਿਸਥਾਰ ਦੇ ਨਾਲ ਨਾਮ ਦੇ ਧਨ ਦਾ ਜ਼ਿਕਰ ਕੀਤਾ ਹੈ ਕਿ ਅੰਮ੍ਰਿਤ ਵੇਲੇ ਤੁਸੀਂ ਉਠਦੇ ਹੋ ਤੇ ਇਸ਼ਨਾਨ ਕਰਦੇ ਹੋ, ਆਉਂਦੇ ਹੋ ਆਸਾ ਜੀ ਦੀ ਵਾਰ ਵਿੱਚ, ਚਿਤ ਬਿਰਤੀ ਇਕਾਗਰ ਕਰਕੇ ਹਰੀ ਦਾ ਜਸ ਕਰਦੇ ਹੋ ਤੇ ਨਾਮ ਦਾ ਧਨ ਖਟ ਰਹੇ ਹੋ। ਇਸ ਤਰ੍ਹਾਂ ਕਰਦੇ-ਕਰਦੇ ਹੌਲੀ-ਹੌਲੀ ਨਾਮ ਦੀ ਸੋਝੀ ਹੋ ਜਾਂਦੀ ਹੈ ਤੇ ਨਾਮ ਦਾ ਨਿਵਾਸ ਜਿਸ ਵਕਤ ਹੋ ਗਿਆ ਉਸ ਵੇਲੇ ਉਹ ਕਿੰਨਾ ਉੱਚਾ ਹੋ ਜਾਂਦਾ ਹੈ? ਕਹਿੰਦੇ ਸਾਰਾ ਸੰਸਾਰ ਉਸ ਦੀ ਪੂਜਾ ਕਰਨ ਵਾਸਤੇ ਆਉਂਦਾ ਹੈ। ਉਸ ਨੂੰ ਦੇਖਦੀ ਸਾਰ ਹੀ ਵਿਘਨਾਂ ਦਾ ਨਾਸ ਹੋ ਜਾਂਦਾ ਹੈ, ਦਰਸ਼ਨ ਕਰਦੇ ਸਾਰ ਹੀ ਕ੍ਰੋੜਾਂ ਪਾਪਾਂ ਦਾ ਨਾਸ ਹੋ ਜਾਂਦਾ ਹੈ।

ਸੋ ਨਾਮ ਦੇ ਧਨ ਦਾ ਪ੍ਰਤਾਪ ਜੋ ਹੈ ਉਹ ਸਭ ਤੋਂ ਵੱਡਾ ਹੈ।

*ਵਾਹਿਗੁਰੂ ਜੀ ਕਾ ਖਾਲਸਾ॥*
*ਵਾਹਿਗੁਰੂ ਜੀ ਕੀ ਫਤਹਿ॥*

(ਪੰਨਾ 2 ਦੀ ਬਾਕੀ)

ਕਿ ਅੰਦਰ ਹਰ ਸਮੇਂ ਵਾਹਿਗੁਰੂ ਦਾ ਚਿੰਤਨ ਹੋਵੇ ਤੇ ਬਾਹਰ ਅਧਰਮ, ਅਨਿਆਂ, ਜ਼ੁਲਮ, ਦੀਨਾਂ ਦੁਖੀਆਂ ਗਰੀਬਾਂ ਮਜ਼ਲੂਮਾਂ ਦੇ ਸ਼ੋਸ਼ਨ ਵਿਰੁੱਧ ਨਿਰੰਤਰ ਯੁੱਧ ਜਾਰੀ ਰਹੇ। ਆਪ ਜੀ ਨੇ ਫੁਰਮਾਇਆ –

*ਧੰਨ ਜੀਓ ਤਿਹ ਕੋ ਜਗ ਮੈ,*
*ਮੁਖ ਤੇ ਹਰਿ ਚਿਤ ਮੈ ਜੁਧੁ ਬਿਚਾਰੈ॥*
*ਦੇਹ ਅਨਿੱਤ ਨ ਨਿੱਤ ਰਹੈ,*
*ਜਸੁ ਨਾਵ ਚੜੈ ਭਵ ਸਾਗਰ ਤਾਰੈ॥*
*ਤ੍ਰਿਭੰਗੀ ਛੰਦ (ਬਚਿਤ੍ਰ ਨਾਟਕ)*

ਹਿੰਦੁਸਤਾਨ ਬਲਕੇ ਕੁਲ ਸੰਸਾਰ ਨੂੰ ਐਸੇ ਧਰਮੀ ਸੰਤ ਸਿਪਾਹੀ ਖਾਲਸਾ ਜੀ ਦੀ ਡਾਹਢੀ ਲੋੜ ਹੈ। ਆਸ ਹੈ ਖਾਲਸਾ ਆਪਣੇ ਆਦਰਸ਼ ਦੀ ਪੂਰਤੀ ਲਈ ਕੁੱਲ ਸੰਸਾਰ ਦੀ ਸੇਵਾ ਵਿਚ ਤਤਪਰ ਰਹੇਗਾ।

ਅਪ੍ਰੈਲ 2005 ਦੇ ਇਸ ਸੰਸਕ੍ਰਣ ਨਾਲ 'ਆਤਮ ਮਾਰਗ' ਨੇ ਆਪਣੇ ਸਫਰ ਦੇ 10 ਸਾਲ ਪੂਰੇ ਕਰ ਲਏ ਹਨ ਅਤੇ 11ਵੇਂ ਵਰ੍ਹੇ ਵਿਚ ਪ੍ਰਵੇਸ਼ ਕੀਤਾ ਹੈ। ਮਹਾਂਪੁਰਸ਼ ਸੰਤ ਬਾਬਾ ਵਰਿਆਮ ਸਿੰਘ ਜੀ ਨੇ ਅਪ੍ਰੈਲ 1995 ਵਿਚ ਇਸ ਦਾ ਸੰਚਾਲਨ ਸਤਿਕਾਰਯੋਗ ਬੀਜੀ ਦੇ ਕਰ ਕਮਲਾਂ ਰਾਹੀਂ ਕੀਤਾ। ਇਸ ਮੈਗਜ਼ੀਨ ਦਾ ਆਦਰਸ਼ ਮਿਥਿਆ –

*ਬ੍ਰਹਮੁ ਦੀਸੈ ਬ੍ਰਹਮੁ ਸੁਣੀਐ ਏਕੁ ਏਕੁ ਵਖਾਣੀਐ॥*
*ਆਤਮ ਪਸਾਰਾ ਕਰਣਹਾਰਾ ਪ੍ਰਭ ਬਿਨਾ ਨਹੀ ਜਾਣੀਐ॥*
*ਅੰਗ - 846*

ਜੋ ਆਤਮ ਮਾਰਗ ਦੇ ਮੁੱਖ ਪੰਨੇ ਤੇ ਸਸ਼ੋਭਤ ਹੈ। 'ਆਤਮ ਮਾਰਗ' ਨਿਰੰਤਰ ਇਸ ਆਦਰਸ਼ ਤੇ ਪਹਿਰਾ ਦਿੰਦਾ ਆ ਰਿਹਾ ਹੈ। ਇਸ ਵਿਚ ਛਪਦੇ ਲੇਖ ਗੁਰਬਾਣੀ ਦੇ ਆਧਾਰ ਤੇ ਰੂਹਾਨੀ ਪੈਂਡੇ ਨੂੰ ਠੀਕ ਤੇ ਸੌਖੇ ਢੰਗ ਨਾਲ ਤਹਿ ਕਰਨ ਦੀ ਵਿਉਂਤ ਦਸਦੇ ਹਨ, ਔਖੀਆਂ ਘਾਟੀਆਂ ਨੂੰ ਸੌਖਾ ਕਰਕੇ ਵਿਚਾਰਦੇ ਹਨ। ਲੱਖਾਂ ਪਰਿਵਾਰਾਂ ਨੇ ਇਸ ਵਿਚ ਛਪਦੇ ਲੇਖਾਂ ਤੋਂ ਸੇਧ ਲੈ ਕੇ ਨਵਾਂ ਜੀਵਨ ਹਾਸਲ ਕੀਤਾ ਹੈ, ਦੁਖਾਂ, ਕਲੇਸ਼ਾਂ, ਦੂੰਦਾਂ 'ਚੋਂ ਨਿਕਲ ਕੇ ਸੁਖ, ਸਾਂਤੀ ਅਨੰਦ ਦੀ ਪ੍ਰਾਪਤੀ ਕੀਤੀ ਹੈ। ਐਸਾ ਮਹਾਂਪੁਰਸ਼ਾਂ ਦਾ ਆਦੇਸ਼ ਸੀ ਕਿ ਜਿਸ ਘਰ ਵਿਚ ਆਤਮ ਮਾਰਗ ਪੜ੍ਹਿਆ ਜਾਵੇਗਾ, ਉਥੇ ਨਾਮ-ਬਾਣੀ ਸਦਕਾ ਦੁਖ ਕਲੇਸ਼ ਬੀਮਾਰੀਆਂ ਨਹੀਂ ਰਹਿਣਗੀਆਂ, ਸੁਖ-ਸ਼ਾਂਤੀ, ਸਹਿਜ ਅਨੰਦ ਦਾ ਵਾਤਾਵਰਣ ਬਣੇਗਾ।

ਸੁਹਿਰਦ ਪਾਠਕਾਂ ਨੂੰ ਸੰਨਿਮਰ ਬੇਨਤੀ ਹੈ ਕਿ ਮਹਾਂਪੁਰਸ਼ਾਂ ਦੇ ਆਦੇਸ਼ਾਂ ਦੀ ਪਾਲਨਾ ਕਰੀਏ, ਆਤਮ ਮਾਰਗ ਨੂੰ ਘਰ-ਘਰ ਪੁੱਜਦਾ ਕਰੀਏ ਤਾਕਿ ਵੱਧ ਤੋਂ ਵੱਧ ਪ੍ਰੇਮੀਆਂ ਨੂੰ ਜੀਵਨ ਸੇਧ ਮਿਲ ਸਕੇ।

ਧੰਨਵਾਦ!!

# ਸੱਜਣ ਮੁੱਖ ਅਨੂਪ...........।

*ਪ੍ਰਭਜੋਤ ਕੌਰ*

ਅਬ ਕਲੂ ਆਇਓ ਰੇ, ਕਲਜੁਗ ਦਾ ਉਹ ਅਤਿ ਭਿਆਨਕ ਸਮਾਂ, ਜਿਸ ਦੀ ਬਾਬਤ ਸਾਖਸ਼ਾਤ ਗੁਰੂ ਰੂਪ ਅੰਦਰ ਪ੍ਰਗਟ ਹੋਏ ਪਰਮੇਸ਼ਰ ਨੇ ਆਪਣੀ ਪਵਿੱਤਰ ਰਸਨਾ ਤੋਂ ਸੰਸਾਰ ਨੂੰ ਸੁਚੇਤ ਕੀਤਾ। ਅੱਜ ਦਾ ਦੌਰ ਅਤਿ ਭਿਆਨਕ ਹੈ। ਹਰ ਚੀਜ਼ ਕਲਿਜੁਗ ਤੋਂ ਗ੍ਰਸੀ ਪਈ ਹੈ। ਜੇ ਕੋਈ ਉਸ ਦੀ ਪਕੜ ਤੋਂ ਬਾਹਰ ਹੈ ਤਾਂ ਉਹ ਹੈ ਪਰਮੇਸ਼ਰ, ਉਸ ਦਾ ਨਾਮ, ਉਸ ਦੇ ਪਿਆਰੇ। ਕੀ ਵੱਡੇ-ਵੱਡੇ ਦਰੋਗਾ, ਰਈਸ, ਰਾਜੇ ਰਾਣੇ ਸਭ ਦੁਖੀ ਹਨ। ਛੋਟਿਆਂ ਦੀ ਤਾਂ ਗੱਲ ਹੀ ਕੀ ਹੈ। ਇਉਂ ਬਲ ਰਹੇ ਹਨ ਜਿਦਾਂ ਭੱਠੀ 'ਚ ਪਿਆ ਦਾਨਾ ਭੁਜਦਾ ਹੈ। ਤਪ ਰਹੇ ਹਨ। ਪੈਸਾ ਜਿਸਮਾਨੀ ਸੁਖਾਂ ਦੀ ਭੁੱਖ ਨੂੰ ਜ਼ਰੂਰ ਤ੍ਰਿਪਤ ਕਰਦਾ ਹੈ। ਸਮਾਜ 'ਚ ਥਾਉਂ ਜ਼ਰੂਰ ਦਿਵਾ ਦਿੰਦਾ ਹੈ ਪਰ ਮਨ ਦੀ ਸਾਂਤੀ ਬੇਕੀਮਤੀ ਹੈ। ਨਹੀਂ ਖਰੀਦ ਸਕਦਾ ਪੈਸਾ ਇਸ ਨੂੰ। ਤਪਦੇ ਜੀਉਂ ਨੂੰ ਠਾਰਨਾ ਇਸ ਦੇ ਵਸ ਨਹੀਂ ਹੈ। ਪਰ ਇਸੇ ਕਲਜੁਗ ਵਿਚ ਸ਼ਾਮ ਦੀਆਂ ਝੜੀਆਂ ਲਾ ਰਹੇ ਹਨ ਵਾਹਿਗੁਰੂ ਦੇ ਪਿਆਰੇ, ਬਰਸ ਰਿਹਾ ਹੈ ਸ਼ਾਂਤੀ ਦਾ ਮੀਂਹ। ਕੋਈ ਵਿਰਲੇ ਹਨ, ਜੋ ਲਾਭ ਉਠਾ ਲੈਂਦੇ ਹਨ, ਬਾਕੀ ਤਾਂ ਖੁਆਰ ਹੁੰਦੇ ਫਿਰਦੇ ਹਨ। ਕਈਆਂ ਨਾਲ ਵਾਹ ਪੈਂਦਾ ਹੈ ਰੋਜ਼, ਕੁਮਲਾਏ ਚਿਹਰੇ, ਮੱਥੇ ਤੇ ਵੱਟ, ਉਦਾਸ, ਬੁਝੇ-ਬੁਝੇ ਖਿਆਲ। ਹੈਰਾਨੀ ਹੁੰਦੀ ਹੈ ਕਿ ਵਾਹਿਗੁਰੂ ਨੇ ਜੀਵ ਨੂੰ ਐਸਾ ਬਣਾ ਕੇ ਸੰਸਾਰ ਤੇ ਤਾਂ ਨਹੀਂ ਸੀ ਭੇਜਿਆ। ਖਿਆਲ ਕਰਨਾ ਜਦੋਂ ਬੱਚੇ ਦਾ ਜਨਮ ਹੁੰਦਾ ਹੈ, ਕਿੱਦਾਂ ਦਾ ਹੁੰਦਾ ਹੈ ਉਸ ਦਾ ਚਿਹਰਾ, ਖਿੜਿਆ ਪਿਆ ਹੁੰਦਾ ਹੈ। ਆਦਮੀ ਨੂੰ ਅੰਦਰੋਂ ਕੁਦਰਤੀ ਪਿਆਰ ਆਉਂਦਾ ਹੈ, ਫਿਰ ਹੋ ਕੀ ਗਿਆ। ਜਿਉਂ-ਜਿਉਂ ਇਹ ਵੱਡਾ ਹੋਇਆ, ਮੁਰਝਾਉਂਦਾ ਚਲਾ ਗਿਆ। ਜਵਾਨੀ ਆਈ, ਸਰੀਰ ਨਰੋਆ ਹੋਇਆ, ਪਰ ਅੰਦਰਲਾ ਵਿਕਾਰਾਂ 'ਚ ਬਲ-ਬਲ ਕੇ ਤਬਾਹ ਹੁੰਦਾ ਗਿਆ। ਖੁਸ਼ ਹੁੰਦਾ ਹੋਇਆ, ਇਹ ਕਿਸੇ ਖੁਸ਼ੀ ਤੋਂ ਵਾਂਝਾ ਹੈ। ਕਿਤੇ ਕਮੀ ਹੈ ਇਹੋ ਜਿਹੇ ਚਿਹਰਿਆਂ ਦੀ ਸੰਸਾਰ ਤੇ। ਹਰ ਤਾਂ ਹੀ ਮਿਲਦੇ ਹਨ।

ਪਰ ਤਕੋਂ ਨਾ, ਇਕ ਚਿਹਰਾ ਮੁਰਸ਼ਦ ਦਾ ਹੈ, ਦੇਖ ਲਓ, ਗੌਰ ਨਾਲ ਦੇਖੋ। ਅੰਦਰ ਧਿਆਨ ਨਾਲ ਦੇਖੋਂ। ਉਹ ਚੁੱਪ ਹੁੰਦਾ ਵੀ ਮੁਸਕਰਾਉਂਦਾ ਹੈ। ਉਹਨੂੰ ਦੇਖ-ਦੇਖ ਕੇ ਆਦਮੀ ਰਜਦਾ ਹੀ ਨਹੀਂ। ਉਹ ਆਪਣੇ ਅਨੰਦ 'ਚ ਬੈਠੇ ਹਨ ਪਰ ਪ੍ਰੇਮੀ ਉਨ੍ਹਾਂ ਦੀ ਗੰਭੀਰਤਾ 'ਚੋਂ ਵੀ ਕਿਸੇ ਖੇੜੇ, ਕਿਸੇ ਅਗੰਮੀ ਅਨੰਦ ਨੂੰ ਪ੍ਰਾਪਤ ਕਰਦੇ ਹਨ। ਇਹ ਮੈਂ ਕੋਈ ਕਹਾਣੀ ਨਹੀਂ ਕਹਿ ਰਹੀ। ਇਹ ਕੁਝ ਮੈਂ ਚੰਗੀ ਤਰ੍ਹਾਂ ਮਹਿਸੂਸ ਕੀਤੈ, ਦੇਖਿਆ ਹੈ। ਕਈ ਦਫਾ ਸੰਸਾਰਕ ਰੁਝੇਵਿਆਂ ਤੋਂ ਥੱਕੇ ਹੋਣਾ, ਪਰ ਅੰਦਰੋਂ ਐਂ ਖਿੱਚ ਜਿਹੀ ਪਈ ਜਾਣੀ ਬਈ ਚਲ ਕੇ ਪਿਤਾ ਜੀ ਦੇ ਦਰਸ਼ਨ ਕਰੀਏ। ਰਤਵਾੜਾ ਸਾਹਿਬ ਆਪ ਜੀ ਨੇ ਕੁਰਸੀ ਪਰ ਸੁਭਾਇਮਾਨ ਹੋਣਾ। ਪਾਰਕਿੰਗ ਤੋਂ ਦੂਰੋਂ ਵੀ ਦਰਸ਼ਨ ਹੋਣੇ, ਬਸ ਫਿਰ ਆਪਣੇ ਆਪ ਨੂੰ ਭੁੱਲ ਹੀ ਜਾਂਦਾ ਸੀ ਬਈ ਮੈਂ ਥੱਕਿਆ ਸੀ ਜਾਂ ਕੀ ਸੀ। ਇੰਨਾ ਆਨੰਦ ਆਉਣਾ, ਆਪ ਜੀ ਦਰਸ਼ਨ ਕਰਕੇ, ਕਹਿਣਾ ਵੀ ਕੀ ਐ। ਆਦਮੀ ਨਾਂ ਉਸ ਸਰੂਪ ਤੋਂ ਪਰ੍ਹੇ ਹੋਣਾ ਹੀ ਨਹੀਂ ਚਾਹੁੰਦਾ। ਮੈਂ ਤਾਂ ਦੇਖਿਆ ਧੰਨ ਸੰਗਤ ਸੀ ਤੇ ਧੰਨ ਧੰਨ ਸਨ ਪਿਤਾ ਜੀ ਤੇ ਬੀਜੀ। ਆਪ ਜੀ ਨੇ ਸੰਗਤਾਂ ਨੂੰ ਲਗਾਤਾਰ ਬਾਰ੍ਹਾਂ-ਬਾਰ੍ਹਾਂ ਘੰਟੇ ਬੈਠ ਕੇ ਵੀ ਦਰਸ਼ਨ ਦਿਤੇ ਹਨ। ਪਤਾ ਹੀ ਨਹੀਂ ਸੀ ਲਗਦਾ ਸਮੇਂ ਦਾ ਤਾਂ। ਚਿੰਤਾ 'ਚ ਘਬਰਾਹਟ ਹੁੰਦੀ ਸੀ ਜੇਕਰ ਆਪ ਜੀ ਨੇ ਕਹਿਣਾ ਬਈ ਹੁਣ ਚੱਲੀਏ। ਸਾਰੇ ਆਰਾਮ ਕਰੋ। ਉਹ ਆਰਾਮ ਤਾਂ ਦਰਸ਼ਨਾਂ ਤੋਂ ਹੀ ਉਪਦਾ ਹੈ। ਰਤਵਾੜਾ ਸਾਹਿਬ ਬੇਅੰਤ ਰੋਗੀ ਰਾਜ਼ੀ ਹੋ ਕੇ ਗਏ ਹਨ, ਹੁਣ ਵੀ ਹੋ ਰਹੇ ਨੇ, ਹੁੰਦੇ ਹੀ ਰਹਿਣਗੇ। ਫਿਰ ਆਪ ਜੀ ਨੇ ਕਹਿਣਾ ਬਈ ਸਾਧਸੰਗਤ ਜੀ, ਇਹ ਗੁਰੂ ਮਹਾਰਾਜ ਜੀ ਦਾ ਅਸਥਾਨ ਹੈ, ਇਥੇ ਜੋ ਵੀ ਪਿਆਰ, ਸ਼ਰਧਾ ਨਾਲ ਸੇਵਾ ਕਰੇਗਾ, ਰਾਜ਼ੀ ਹੋਵੇਗਾ। ਅਰ ਤਾਕਤ ਐਨੀ ਸੀ ਬਈ ਆਪ ਜੀ ਦਾ ਦਰਸ਼ਨ ਕਰਦੀ ਸਾਰ ਰੋਗੀ ਵਾਹਿਗੁਰੂ ਵਾਹਿਗੁਰੂ ਕਰਦੇ ਬੈਠਦੇ ਹੋ ਜਾਂਦੇ ਸੀ। ਭੇਤ ਨਹੀਂ ਸੀ ਲਗਣ ਦਿੰਦੇ। ਇਹੀ ਕੰਮ ਬੀਜੀ ਦਾ ਹੈ। ਅਨੇਕਾਂ ਕੌਤਕ ਵਰਤੇ, ਵਰਤ ਰਹੇ ਹਨ, ਵਰਤਦੇ ਰਹਿਣਗੇ। ਉਹ ਸਾਰੀਆਂ ਗੱਲਾਂ ਦੱਸੀਆਂ ਨਹੀਂ ਜਾ ਸਕਦੀਆਂ। ਦੂਸਰਾ ਆਪੋ-ਆਪਣੀ ਭਾਵਨਾ ਹੁੰਦੀ ਹੈ, ਆਪਣੇ ਪਿਆਲੇ ਲਈ। ਕਈ ਵਾਰ ਕਈ ਮਨਚਲੇ ਤਰਕਾਂ ਕਰ ਬੈਠਦੇ ਹਨ। ਉਨ੍ਹਾਂ ਤੋਂ ਵੀ ਸੁਚੇਤ ਰਹਿਣਾ ਪੈਂਦਾ ਹੈ। ਪਿਆਰਾ ਤਾਂ ਹੈ ਹੀ ਨਿਰੀ ਪਵਿੱਤਰਤਾ, ਉਸ ਦਾ ਨਾਮ ਵੀ ਪਵਿੱਤਰ ਹੈ। ਪਰ ਤਰਕਾਂ ਕਰਨ ਵਾਲੇ ਦੇ ਹਿੱਸੇ ਸਿਰਫ ਪਾਪ ਹੀ ਆਉਂਦਾ ਹੈ।

ਗੁਰਬਾਣੀ ਪਰਮੇਸ਼ਰ ਹੈ, ਅਰ ਪਰਮੇਸ਼ਰ ਕਹਿ ਰਹੇ ਹਨ, 'ਸੱਜਣ ਮੁਖ ਅਨੂਪ ਅਠੇ ਪਹਿਰ ਨਿਹਾਲਸਾ' ਦੇਖ ਲਓ ਕਿੱਦਾਂ ਦਾ ਸਰੂਪ ਹੈ ਮੁਰਸ਼ਦ ਦਾ। ਆਹ ਕੀ ਹੁੰਦਾ ਹੈ ਘਰਾਂ 'ਚ, ਗੁਰੂ ਮਹਾਰਾਜ ਜੀ ਦੀਆਂ ਤਸਵੀਰਾਂ ਲੱਗੀਆਂ ਹੁੰਦੀਆਂ ਨੇ, ਸਾਰੇ ਸੀਸ ਝੁਕਾਉਂਦੇ ਨੇ। ਖਿਆਲ ਕਰਨਾ, ਕਈ ਕਹਿੰਦੇ ਨੇ ਗੁਰੂ ਮਹਾਰਾਜ ਜੀ ਕਿਰਪਾ ਕਰ ਦੇਣ ਮੇਰੇ ਤੇ, ਮੇਰਾ ਆਹ ਹੋ ਜਾਏ, ਮੇਰਾ ਉਹ ਹੋ ਜਾਏ।

ਕਿਸੇ ਹਨ੍ਹੇਰੇ ਵਿਚ ਹੀ ਜੀਉਂਦੇ ਨੇ ਐਸੇ ਬੰਦੇ। ਗੁਰੂ ਮਹਾਰਾਜ ਜੀ ਦੀ ਕਿਰਪਾ ਜੋ ਵਰਤ ਰਹੀ ਹੈ ਨਾ, ਉਹਦੇ ਵਲ ਧਿਆਨ ਨਹੀਂ ਜਾਂਦਾ, ਸਾਡਾ ਕਦੇ ਵੀ। ਧਿਆਨ ਦੇਣਾ, ਘਰਾਂ 'ਚ ਗੁਰੂ ਮਹਾਰਾਜ ਜੀ ਦੀਆਂ ਤਸਵੀਰਾਂ ਦਾ ਜ਼ਿਕਰ ਕਰ ਰਹੀ ਸੀ। ਗੁਰੂ ਮਹਾਰਾਜ ਜੀ ਦੇ ਸਰੀਰਾਂ ਦੇ ਦਰਸ਼ਨ ਨਹੀਂ ਕੀਤੇ ਕਿਸੇ ਵੀ ਚਿਤਰਕਾਰ ਨੇ। ਪਰ ਫਿਰ ਵੀ ਜਦੋਂ ਇਹ ਚਿੱਤਰਕਾਰ ਚਿੱਤਰ ਬਣਾਉਂਦੇ ਨੇ, ਕੋਈ ਨਾ ਕੋਈ ਕਲਾ ਜ਼ਰੂਰ ਵਰਤਦੀ ਹੈ। ਉਸ ਚਿਤਰ ਦੀ ਸੰਪੂਰਨਤਾ 'ਚ ਉਸ ਵਿਚ ਮਾਨੋਂ ਕੋਈ ਐਸੀ ਸ਼ਕਤੀ ਪਰਵੇਸ਼ ਕਰ ਜਾਂਦੀ ਹੈ ਕਿ ਹਰ ਆਦਮੀ ਉਸ ਤਸਵੀਰ ਨੂੰ ਦੇਖ ਕੇ ਰੱਬ ਨਾਲ ਜੁੜਦਾ ਹੈ। ਫਿਰ ਪਿਆਰਿਓ, ਜਿਹਦੀ ਤਸਵੀਰ ਇੰਨੀ ਤਾਕਤ ਰਖਦੀ ਹੈ ਕਿ ਪਰਮੇਸ਼ਰ ਦਾ ਨਾਮ ਚਿੱਤ ਆਉਂਦਾ ਹੈ ਤੇ ਉਹ ਸਾਖਸ਼ਾਤ ਮੂਰਤ ਕਿੰਨੀਆਂ ਬਰਕਤਾਂ ਦੀ ਮਾਲਕ ਹੈ, ਉਸ ਮੂਰਤ ਵਿਚ ਕਿੰਨਾ ਤੇਜ ਹੋਵੇਗਾ। ਫਿਰ ਤਾਂ ਆਪ ਮੁਹਾਰੇ ਹੀ ਮੁੱਖ 'ਚੋਂ ਵਾਹਿਗੁਰੂ, ਵਾਹਿਗੁਰੂ, ਵਾਹਿਗੁਰੂ, ਵਾਹਿਗੁਰੂ ਦਾ ਚਸ਼ਮਾ ਫੁਟਦਾ ਹੈ। ਫਰਜ਼ ਕਰਨਾ ਜੇ ਇਕ ਭਦ੍ਰ ਚਿਹਰਾ ਮਨ ਦੇ ਖਿਆਲ, ਮਨ ਦੇ ਸੁਭਾਅ ਤੇ ਅਸਰ ਕਰ ਸਕਦਾ ਹੈ। ਜੇ ਅਤਿ ਮਲੀਨ ਚੀਜ਼ਾਂ ਮਨ ਨੂੰ ਮੈਲਾ ਕਰ ਸਕਦੀਆਂ ਨੇ ਤੇ ਫਿਰ ਉਹ ਗੁਰੂ ਸਰੂਪ ਜੋ ਇੰਨਾਂ ਪਵਿੱਤਰ ਹੈ 'ਸਾਚ ਨਾ ਲਾਗੇ ਮੈਲ ਕਿਆ ਮਲ ਧੋਈਐ।' ਕੀ ਖਿਆਲ ਹੈ ਉਸ ਦਾ ਦਰਸ਼ਨ ਸਾਡੇ ਤੇ ਕੋਈ ਅਸਰ ਨਹੀਂ ਕਰੇਗਾ। ਹਾਂ ਜੀ ਤਾਂ ਹੀ ਭੱਟਾਂ ਨੇ ਇਸ ਤਰ੍ਹਾਂ ਫੁਰਮਾਇਆ ਹੈ।

***ਹੋਵੈ ਸਿਫਤਿ ਖਸੰਮ ਦੀ ਨੂਰੁ ਅਰਸਹੁ ਕੁਰਸਹੁ ਝਟੀਐ॥***
***ਤੁਧੁ ਡਿਠੇ ਸਚੇ ਪਾਤਿਸਾਹ ਮਲੁ ਜਨਮ ਜਨਮ ਦੀ ਕਟੀਐ॥***
***ਪੰਨਾ - 967***

ਕਿਹੜਾ ਸ਼ਬਦ ਗੁਰਬਾਣੀ ਦਾ ਲਿਆ ਜਾਏ। ਮਹਾਰਾਜ ਜੀ ਕਹਿੰਦੇ ਹਨ, 'ਪਵਿੱਤ ਹੋਏ ਸੇ ਜਨਾ ਜਿਨੀ ਹਰਿ ਧਿਆਇਆ।' ਕੋਇਲੇ ਨੂੰ ਹੱਥ ਲਾ ਲਓ। ਕਾਲਖ ਲਗਦੀ ਹੈ। ਹੱਥ ਕਾਲਾ ਹੋ ਜਾਂਦਾ ਹੈ। ਬ੍ਰਹਮਗਿਆਨੀ ਡਾ. ਭਾਈ ਸਾਹਿਬ ਭਾਈ ਵੀਰ ਸਿੰਘ ਜੀ ਨੇ ਬੜਾ ਸੁੰਦਰ ਫੁਰਮਾਇਆ ਹੈ –

***ਸਾਬਣ ਲਾ ਲਾ ਧੋਤਾ ਕੋਲਾ ਦੁੱਧ ਦਹੀਂ ਵਿਚ ਪਾਇਆ।***
***ਖੁੰਭ ਚਾੜ੍ਹ ਰੰਗਣ ਭੀ ਰਖਿਆ,***
***ਰੰਗ ਨ ਏਸ ਵਟਾਇਆ।***
***ਵਿਛੁੜ ਕੇ ਕਾਲਖ ਸੀ ਆਈ,***
***ਬਿਨ ਮਿਲਿਆਂ ਨਹੀਂ ਲਹਿੰਦੀ।***
***ਅੰਗ ਅੱਗ ਦੇ ਲਾਕੇ ਵੇਖੋ ਚੜ੍ਹਦਾ ਰੂਪ ਸਵਾਇਆ।***
***ਡਾ. ਭਾਈ ਵੀਰ ਸਿੰਘ***

ਇਕ ਕੋਇਲੇ ਦਾ ਉਦਾਹਰਣ ਦੇ ਕੇ ਉਨ੍ਹਾਂ ਕਵਿਤਾ ਵਿਚ ਮਨ ਦੀ ਮੈਲ ਬਾਰੇ ਬੜਾ ਕਮਾਲ ਲਿਖਿਆ ਹੈ। ਕਹਿੰਦੇ ਸਾਰੇ ਉਪਾਅ ਕੀਤੇ, ਦੁੱਧ ਦਹੀਂ ਵਿਚ ਪਾ ਕੇ ਵੀ ਕੋਇਲੇ ਨੂੰ ਧੋਤਾ, ਪਰ ਇਸ ਨੇ ਰੰਗ ਨਾ ਵਟਾਇਆ, ਪਰ ਜਦੋਂ ਇਹ ਅੱਗ 'ਚ ਸੁੱਟਿਆ ਗਿਆ, ਇਕ ਦਮ ਅੱਗ ਦੇ ਸੇਕ ਵਿਚ ਇਹ ਕਾਲੇ ਤੋਂ ਲਾਲ ਰੰਗ ਵਿਚ ਬਦਲ ਗਿਆ। ਅੰਗਿਆਰ ਬਣਿਆ, ਉਦੋਂ ਇਸ ਨੇ ਲਾਲ ਰੰਗ ਵਟਾਇਆ। ਇਸੇ ਤਰ੍ਹਾਂ ਹੀ ਸਾਧੂ ਹੁੰਦੇ ਨੇ, ਤਪ ਸਾਰ ਹੋਣੇ ਹੁੰਦੇ ਨੇ। ਇਹੋ ਕਾਰਣ ਹੈ, ਜੀਵਾਂ ਦੀ ਪਰਾਬਲਧ ਬਦਲਣ ਕੇ ਸਮਰੱਥ ਹੋ ਜਾਂਦੇ ਹਨ। ਪਰਮੇਸ਼ਰ ਦਾ ਰੂਪ ਹੁੰਦੇ ਹੋਏ ਵੀ ਬਹੁਤ ਗੁਪਤ ਵਰਤ ਜਾਂਦੇ ਹਨ। ਇਨਸਾਨੀ ਅੱਖ ਨੂੰ ਪਹਿਚਾਣ ਨਹੀਂ ਆਉਂਦੀ ਤਦੇ ਤਾਂ ਗੁਰਬਾਣੀ ਫੁਰਮਾਉਂਦੀ ਹੈ –

***ਨਾਨਕ ਸੇ ਅਖੜੀਆ ਬਿਅੰਨਿ ਜਿਨੀ ਡਿਸੰਦੋ ਮਾ ਪਿਰੀ॥***
***ਪੰਨਾ - 1100***

ਆਏ ਵੀ ਕਿਵੇਂ, ਪਰਮੇਸ਼ਰ ਤਾਂ ਖਾਸ ਦ੍ਰਿਸ਼ਟੀ ਰਾਹੀਂ ਹੀ ਨਜ਼ਰ ਆਉਂਦਾ ਹੈ। ਦਿਬਜ ਦ੍ਰਿਸ਼ਟੀ – ਉਹ ਹਾਸਲ ਹੁੰਦੀ ਹੈ ਮਹਾਂਪੁਰਸ਼ਾਂ ਨੂੰ।

ਇਕ ਵਾਰੀ ਸਾਡੇ ਨੇੜਲੇ ਇਕ ਗੁਰਦੁਆਰੇ ਇਕ ਸੱਜਣ ਬੋਲੇ। ਕਹਿੰਦੇ ਗੁਰੂ ਦੀ ਮੂਰਤ ਗੁਰੂ ਦਾ ਸ਼ਬਦ ਹੈ। ਗੱਲ ਸਾਰੀ ਠੀਕ ਕਹਿਣ ਦੀ ਕੋਸ਼ਿਸ਼ ਕਰੇ, ਪਰ ਕੋਈ ਬਾਤ ਵੀ ਉਹਨੇ ਕਿਸੇ ਸਿਰੇ ਨਾ ਲਾਈ। ਉਥੇ ਮੈਂ ਸੋਚਾਂ ਬਈ ਸੱਚਮੁੱਚ ਜੇ ਵਾਹਿਗੁਰੂ ਦੇ ਪਿਆਰੇ ਸੰਸਾਰ ਤੇ ਨਾ ਆਉਣ, ਦੁਨੀਆਂ ਪਾਗਲਾਂ ਵਾਂਗ ਅਧਿਆਤਮਕ ਮਾਰਗ ਦੀ ਤਲਾਸ਼ ਕਰੇ, ਪਰ ਫਿਰ ਵੀ ਕੋਈ ਚੀਜ਼ ਹਾਸਲ ਨਹੀਂ ਹੋਣੀ। ਮੁਰਸ਼ਦ ਦੀ ਮੂਰਤ ਦਾ ਖਿਆਲ ਧਰਨ ਨੂੰ ਗੁਰਬਾਣੀ ਪ੍ਰਵਾਨਗੀ ਦੇ ਰਹੀ ਹੈ। ਮਹਾਰਾਜ ਜੀ ਕਹਿੰਦੇ ਹਨ –

***ਗੁਰ ਕੀ ਮੂਰਤਿ ਮਨ ਮਹਿ ਧਿਆਨੁ॥***
***ਗੁਰ ਕੈ ਸਬਦਿ ਮੰਤ੍ਰੁ ਮਨੁ ਮਾਨ॥*** ***ਪੰਨਾ - 864***

ਦੋ ਰਸਤੇ ਨਿਕਲਦੇ ਹਨ। ਗਿਆਨੀ ਇਸ ਜਗ੍ਹਾ ਤੇ ਪਹੁੰਚ ਕੇ ਬਹਿਸ ਕਰਦਾ ਹੈ, ਪਰ ਪਿਆਰ ਵਾਲੇ ਇਸ ਮੰਜ਼ਿਲ ਤੇ ਆ ਕੇ ਆਪਣੇ ਪਿਆਰੇ ਦੀ ਮੂਰਤ ਨੂੰ ਹਿਰਦੇ ਵਿਚ ਵਸਾਉਂਦੇ ਹਨ। ਆਪਣਾ ਧਿਆਨ ਪਰਪੱਕ ਕਰਦੇ ਹਨ, ਆਪਣਾ ਅਧਿਆਤਮਕ ਸਫ਼ਰ ਬਹੁਤ ਹੀ ਅਨੰਦਮਈ ਤੇ ਸੁਖਦਾਈ ਬਣਾਉਂਦੇ ਅੱਗੇ ਨੂੰ ਵਧਦੇ ਹਨ। ਗੁਰੂ ਮੂਰਤ ਦਾ ਧਿਆਨ ਕੇਵਲ ਪਿਆਰ ਵਾਲਿਆਂ ਦੇ ਹਿੱਸੇ ਆਉਂਦਾ ਹੈ। ਸ਼ਰਧਾ ਤੋਂ ਹੀਣੇ, ਪਿਆਰ ਤੋਂ ਹੀਣੇ ਗਿਆਨੀ ਨੂੰ ਵੀ ਮਹਾਰਾਜ ਜੀ ਅਗਿਆਨੀ ਹੀ ਕਹਿੰਦੇ ਹਨ। ਵਾਹਿਗੁਰੂ ਜੀ ਦੇ ਪਿਆਰ ਦੀ ਅਣਹੋਂਦ ਹੀ ਅਗਿਆਨ ਹੈ। ਆਪਾਂ ਨੂੰ ਮੁਰਸ਼ਦ ਮਿਲਿਆ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ। ਸਾਹਿਬ ਵਲ ਗਹੁ ਨਾਲ ਤੱਕੋ ਨਾ ਤਾਂ ਮੁਰਸ਼ਦ ਸ਼ਬਦ ਵੀ ਛੋਟਾ ਜਿਹਾ ਲਗਦਾ ਹੈ। ਕੋਈ ਸ਼ਬਦ ਆਪ ਜੀ ਦੀ ਉਸਤਤ ਵਿਚ ਖਰਾ ਨਹੀਂ ਉਤਰਦਾ। ਗੁਰੂ ਮਹਾਰਾਜ ਜੀ

ਦੀ ਮਹਿਮਾ ਬੱਸ ਗੁਰਬਾਣੀ ਆਪਣੇ ਆਪ ਹੀ ਹੈ। 'ਵਾਹਿਗੁਰੂ' ਸ਼ਬਦ ਪੂਰੇ ਮੁਰਸ਼ਦ ਲਈ ਬੜਾ ਪਿਆਰਾ ਸੰਬੋਧਨ ਹੈ। ਬਾਕੀ ਸੰਤ ਮਹਾਰਾਜ ਜੀ ਨੇ ਕੋਈ ਭੇਦ ਗੁੱਝਾ ਨਹੀਂ ਛੱਡਿਆ। ਗੁਰੂ ਕੌਣ ਹੈ? ਪਰਮੇਸ਼ਰ ਕੌਣ ਹੈ? ਧਿਆਨ ਕੀ ਹੈ? ਧਿਆਨ ਕਿਸਦਾ ਧਰਨਾ ਹੈ, ਕਿਵੇਂ ਧਰਨਾ ਹੈ? ਜੇ ਕੋਈ ਵਿਅਕਤੀ ਐਸਾ ਸ਼ੌਕ ਰਖਦਾ ਹੈ, ਉਹ ਸੰਤ ਮਹਾਰਾਜ ਜੀ ਦੁਆਰਾ ਲਿਖੀਆਂ ਪੁਸਤਕਾਂ ਪੜ੍ਹ ਲਏ, ਆਡੀਓ, ਵੀਡੀਓ ਕੈਸਟਾਂ, ਆਪ ਜੀ ਦੇ ਦੀਵਾਨਾਂ ਦਾ ਸਾਰਾ ਹੀ ਰਿਕਾਰਡ ਹੈ। ਜਿਸ ਕਿਸੇ ਦੇ ਮਨ ਵਿਚ ਚਾਹ ਹੈ, ਉਹ ਪੂਰਾ-ਪੂਰਾ ਲਾਭ ਉਠਾ ਸਕਦਾ ਹੈ। ਆਹ ਆਤਮ-ਮਾਰਗ ਹੀ ਸਾਰਾ ਖਜ਼ਾਨਾ ਸਮੋਈ ਬੈਠਾ ਹੈ, ਆਪਣੇ ਆਪ ਵਿਚ, ਆਪ ਜੀ ਦੇ ਪਿਆਰੇ ਲੇਖ, ਦੀਵਾਨਾਂ ਦੇ ਬਚਨ ਸਭ ਬੇਹੱਦ ਕੀਮਤੀ ਹਨ।

ਆਪਣੀ ਬਾਤ ਚਲ ਰਹੀ ਸੀ ਮੁਰਸ਼ਦ ਦੇ ਚਿਹਰੇ ਤੇ, ਉਸ ਦੇ ਸਰੂਪ ਤੇ। ਕੁਦਰਤ ਦਾ ਕੋਈ ਐਸਾ ਖੇਲ੍ਹ ਹੈ ਕਿ ਇਨਸਾਨ ਜਿਸ ਨਾਲ ਵੀ ਪਿਆਰ ਕਰਦਾ ਹੈ, ਉਸ ਦਾ ਸਰੂਪ ਉਹਦੇ ਧਿਆਨ ਵਿਚ ਵਸ ਜਾਂਦਾ ਹੈ। ਧਿਆਨ 'ਚ ਵਸਿਆ ਹੋਣ ਕਰਕੇ ਉਹ ਪਰ੍ਹੇ ਜਾਂਦਾ ਹੀ ਨਹੀਂ। ਇੰਦ੍ਰੀਆਂ ਵਸ ਆ ਜਾਂਦੀਆਂ ਨੇ, ਮਨ ਪਿਛੇ ਲੱਗਿਆ ਫਿਰਦਾ ਹੈ ਪਿਆਰੇ ਦੇ। ਨਾਸਤਕ ਲੋਕਾਂ ਦੇ ਆਪੋ ਆਪਣੇ ਮਤ ਹਨ, ਪਰ ਜਗਿਆਸੂ ਲਈ ਉਸ ਦਾ ਪਿਆਰਾ ਹੀ ਸਭ ਕੁਝ ਹੁੰਦਾ ਹੈ। ਪਿਆਰ ਵਾਲੇ ਬਹੁਤੀਆਂ ਗੱਲਾਂ ਨਹੀਂ ਜਾਣਦੇ। ਉਹ ਆਪਣੇ ਪਿਆਰੇ ਅਤੇ ਉਸ ਦੇ ਪਿਆਰ ਵਿਚ ਹੀ ਮਸਤ ਰਹਿੰਦੇ ਹਨ। ਉਸੇ ਸਾਗਰ ਵਿਚ ਹੀ ਬੇਸ਼ੁਮਾਰ ਚੈਨ, ਬੇਗਮ ਤਾਰੀਆਂ ਲਾਉਂਦੇ ਰਹਿੰਦੇ ਹਨ। ਬਾਕੀਆਂ ਨੂੰ ਕੀ ਮਿਲਦਾ ਹੈ, ਕੁਝ ਵੀ ਨਹੀਂ। ਵਾਹਿਗੁਰੂ ਜੀ ਦੇ ਪਿਆਰੇ ਘਾਲਣਾ ਘਾਲਦੇ ਹਨ। ਬੇਚੈਨੀ, ਬੇਕਰਾਰੀ ਅਗਰ ਉਨ੍ਹਾਂ ਨੂੰ ਹੁੰਦੀ ਹੈ ਤਾਂ ਬੜੀ ਪਿਆਰੀ ਹੈ। ਉਨ੍ਹਾਂ ਨੂੰ ਜਨਮਾਂ-ਜਨਮਾਂ ਦੇ ਚੱਕਰ ਤੋਂ ਮੁਕਤ ਕਰਨ ਵਾਲੀ ਹੈ। ਇਸ ਬੇਕਰਾਰੀ ਵਿਚ ਐਨੀ ਤਾਕਤ ਹੈ, ਸਾਰੀ ਦੁਨੀਆਂ ਦਾ ਮਾਲਕ ਭਗਤਾਂ ਦੀ ਅਧੀਨਗੀ ਮੰਨਣ ਲਈ ਤਿਆਰ ਹੋ ਜਾਂਦਾ ਹੈ। ਰੱਬ ਨੂੰ ਵੀ ਵਸ ਕਰਕੇ ਛੱਡਦੀ ਹੈ ਇਹ ਬੇਕਰਾਰੀ। ਬੀਜੀ ਜੀ ਬਹੁਤ ਬੇਅੰਤ ਹਨ। ਕਈ ਦਫਾ ਆਪ ਜੀ ਦੇ ਚਰਨਾਂ 'ਚ ਰਹਿਣ ਦਾ ਸੁਭਾਗ ਮਿਲਿਆ ਹੈ। ਇਕ ਸ਼ਾਮ ਕਹਿੰਦੇ ਬਈ ਬੇਟਾ, ਤੇਰੇ ਬਾਬਾ ਜੀ ਘਰ ਸਨ ਤੇ ਕੋਈ ਮਹਾਤਮਾ ਆ ਗਏ। ਉਹ ਸੰਤ ਮਹਾਰਾਜ ਜੀ ਨੂੰ ਪੁੱਛਣ ਲੱਗੇ ਕਿ ਮਹਾਤਮਾ ਕਿਹੋ ਜਿਹਾ ਹੁੰਦਾ ਹੈ। ਉਸ ਦੇ ਕੀ ਲੱਛਣ ਹਨ। ਕਹਿੰਦੇ ਤੇਰੇ ਬਾਬਾ ਜੀ ਨੇ ਬੜੇ ਪਿਆਰ ਨਾਲ ਸਮਝਾਇਆ। ਸਾਰਾ ਕੁਝ ਦੱਸਣ ਤੋਂ ਬਾਅਦ ਕਹਿੰਦੇ ਮੈਂ (ਬੀਜੀ) ਕਿਹਾ ਸੰਤ ਜੀ ਮੈਂ ਦੱਸਾਂ ਮਹਾਤਮਾ ਕਿਹੋ ਜਿਹੇ ਹੁੰਦੇ ਹਨ। ਉਹ ਕਹਿਣ ਲੱਗੇ ਦੱਸੋ? ਮੈਂ ਕਿਹਾ ਉਹ ਬਹੁਤ ਸੁੰਦਰ ਹੁੰਦੇ। ਉਸ ਦਾ ਦਰਸ਼ਨ ਕਰਦੀ ਸਾਰ ਉਸ ਦੀ ਮੂਰਤ, ਸਿੱਧੀ ਹਿਰਦੇ ਵਿਚ ਉਤਰ ਜਾਂਦੀ ਹੈ, ਇਸ ਛੋਟੀ ਜਿਹੇ ਬਿਰਤਾਂਤ ਦਾ ਮੇਰੇ ਉਪਰ ਬਹੁਤ ਗਹਿਰਾ ਅਸਰ ਹੋਇਆ। ਬੀਜੀ ਕਹਿਣ ਲੱਗੇ ਬਾਅਦ ਵਿਚ ਤੇਰੇ ਬਾਬਾ ਜੀ ਨੇ ਮੈਨੂੰ ਕਿਹਾ ਕਿ ਤੁਸੀਂ ਤਾਂ ਕਮਾਲ ਦੀ ਨਿਸ਼ਾਨੀ ਦੱਸੀ। ਤੁਹਾਡਾ ਜਵਾਬ ਤਾਂ ਬਹੁਤ ਹੀ ਪਿਆਰਾ ਸੀ। ਸੋ ਮੇਰਾ ਇਹ ਘਟਨਾ ਜ਼ਿਕਰ ਕਰਨ ਤੋਂ ਭਾਵ ਇਹੀ ਹੈ ਕਿ ਵਾਕਈ ਹੀ ਸਾਧੂ, ਗੁਰੂ, ਸੰਤ ਕੁਝ ਵੀ ਕਹਿ ਲਿਆ ਜਾਵੇ, ਦੁਨੀਆਂ ਦੀਆਂ ਸਭ ਤੋਂ ਕੀਮਤੀ ਤੇ ਖੂਬਸੂਰਤ ਚੀਜ਼ਾਂ ਤੋਂ ਵੱਧ ਕੇ ਹੈ। ਉਹ ਚੀਜ਼ ਨਹੀਂ ਹੈ। ਉਹ ਇਕ ਜੀਵਨ ਜੁਗਤ ਹੈ। ਇਕ ਜੀਵਨ ਜਾਚ ਹੈ। ਜਿਸ ਨੇ ਮਨੁੱਖੀ ਸਰੀਰ ਦਾ ਚੋਲਾ ਪਹਿਨ ਕੇ, ਉਸੇ ਤਰ੍ਹਾਂ ਦਾ ਵਿਹਾਰ ਕਰਕੇ, ਆਪਣਾ ਆਪਾ ਦੁਨੀਆਂ ਤੋਂ ਛੁਪਾ ਕੇ ਰੱਖਿਆ ਹੈ। ਪਰ ਕਿਉਂਕਿ ਉਸ ਦੀ ਬੇਅੰਤਤਾਈ, ਉਸ ਦੀ ਸ਼ਕਤੀ, ਉਸ ਦਾ ਜਲਾਲ ਅਨੰਤ ਹੈ, ਅਥਾਹ ਹੈ, ਉਹ ਉਸ 'ਰਕਤ ਬੂੰਦ ਕਾ ਗਾਰਾ' ਕਹੀ ਜਾਣ ਵਾਲੀ ਦੇਹ ਨੂੰ ਅਤਿ ਪਵਿੱਤਰ, ਅਤਿ ਉਤਮ ਕਰਦਾ ਹੋਇਆ ਸੰਸਾਰ ਤੇ ਮਾਨਵ ਸੇਵਾ ਹਿਤ ਲਾਉਂਦਾ ਹੈ।

ਉਸ ਦਾ ਸਰੂਪ ਇਨਾਂ ਨਿਰਮਲ ਹੈ, ਉਜਲ ਹੈ, ਦੇਹ ਦੀ ਆਰਜਾ ਜਿਉਂ-ਜਿਉਂ ਵਧਦੀ ਹੈ, ਉਹ ਹੋਰ ਖਿੜਦਾ ਚਲਿਆ ਜਾਂਦਾ ਹੈ। ਉਸ ਦੇ ਮੁਖ 'ਚੋਂ ਸੂਰਜ ਦੀਆਂ ਰਿਸ਼ਮਾਂ ਦੀ ਨਿਆਈ ਸ਼ਾਂਤੀ, ਨਾਮ, ਸੁੱਖ ਦੇ ਬੇਹਿਸਾਬ ਚਸ਼ਮੇ ਫੁਟਦੇ ਹਨ। ਬੇਗਰਜ਼ ਅਤੇ ਸੇਵਾ ਭਾਵ, ਪ੍ਰੇਮ ਭਾਵ ਵਾਲੀਆਂ ਰੂਹਾਂ ਤੇ ਇਨ੍ਹਾਂ ਦਾ ਅਸਰ ਵੀ ਮਾਨੋਂ ਬੇਹਿਸਾਬ ਹੀ ਹੁੰਦਾ ਹੈ। ਭਾਈ ਨੰਦ ਲਾਲ ਜੀ ਲਿਖਦੇ ਹਨ ਕਿ ਜਦੋਂ ਮੈਂ ਗੁਰੂ ਦਸਵੇਂ ਪਾਤਸ਼ਾਹ ਮਹਾਰਾਜ ਜੀ ਦੇ ਦੀਵਾਨ 'ਚ ਦਰਸ਼ਨ ਕੀਤੇ, ਮੇਰੇ ਅੰਦਰ ਦਰਸ਼ਨ ਕਰਦੀ ਸਾਰ, ਕਵਿਤਾ ਸ਼ੇਅਰਾਂ ਦੀ ਬਹਾਰ ਛਿੜ ਗਈ। ਉਨ੍ਹਾਂ ਦੀ ਸ਼ਾਇਰੀ, ਕਵਿਤਾਵਾਂ, ਗੁਰੂ ਮਹਿਮਾਂ, ਬੰਦਗੀਨਾਮਿਆਂ, ਦੀਵਾਨ ਗੋਯਾ ਦੇ ਰੂਪ ਵਿਚ ਅੱਜ ਵੀ ਜਗਿਆਸੂਆਂ ਨੂੰ ਸੇਧ ਪ੍ਰਦਾਨ ਕਰ ਰਹੀਆਂ ਹਨ। ਇਹ ਇਕ ਐਸਾ ਵਿਸ਼ਾ ਹੈ ਜਿਸ ਤੇ ਚਾਹੇ ਕਿੰਨੀਆਂ ਕਿਤਾਬਾਂ ਲਿਖੀ ਜਾਓ। ਪਰ ਸਾਡਾ ਮਕਸਦ 'ਮਨਿ ਮਹਿ ਧਿਆਨ' ਦਾ ਹੈ। ਉਸ ਮੂਰਤ ਨੂੰ ਹਿਰਦੇ ਵਿਚ ਵਸਾਉਣ ਦਾ ਹੈ। ਗੁਰੂ ਕਿਰਪਾ ਕਰਨ, ਸਤਿਪੁਰਸ਼ ਬਖਸ਼ਿਸ਼ ਕਰਨ, ਗੁਰਬਾਣੀ ਦੇ ਗੂਹਜ ਸਿਧਾਂਤ ਜਿਨ੍ਹਾਂ ਤੇ ਆਪਾਂ ਵੀਚਾਰ ਕਰਨ ਦਾ ਯਤਨ ਕਰਦੇ ਹਾਂ, ਉਹ ਸਾਡੇ ਮਨ 'ਚ ਵਸ ਜਾਏ। 'ਵਸ ਮੇਰੇ ਪਿਆਰਿਆ, ਵਸ ਮੇਰੇ ਗੋਵਿੰਦਾ ਹਰਿ ਕਰਿ ਕਿਰਪਾ ਮਨ ਵਸ ਜੀਉ।' ਸੰਤ ਮਹਾਰਾਜ ਜੀ ਦੀ ਮੇਰੇ ਵਰਗੇ ਪਾਪੀ ਤੇ ਵੀ ਅਪਰ ਅਪਾਰ ਕ੍ਰਿਪਾ ਹੀ ਹੈ, ਜੋ ਆਪ ਜੀ ਵਰਗੇ ਜਗਿਆਸੂਆਂ ਨਾਲ ਸਾਂਝ ਪੈ ਰਹੀ ਹੈ।

# ਖਾਲਸਾ ਅਕਾਲ ਪੁਰਖ ਕੀ ਫੌਜ
# (ਵਿਸਾਖੀ ਅਤੇ ਖਾਲਸੇ ਦੀ ਸਿਰਜਨਾ)

*ਸੰਤ ਵਰਿਆਮ ਸਿੰਘ ਜੀ*
*ਬਾਨੀ ਵਿ. ਗੁ. ਰੂ. ਮਿਸ਼ਨ*

*ਵੈਸਾਖਿ ਧੀਰਨਿ ਕਿਉ ਵਾਢੀਆ ਜਿਨਾ ਪ੍ਰੇਮ ਬਿਛੋਹੁ॥*
*ਹਰਿ ਸਾਜਨੁ ਪੁਰਖੁ ਵਿਸਾਰਿ ਕੈ ਲਗੀ ਮਾਇਆ ਧੋਹੁ॥*
*ਪੁਤ੍ਰ ਕਲਤ੍ਰ ਨ ਸੰਗਿ ਧਨਾ ਹਰਿ ਅਵਿਨਾਸੀ ਓਹੁ॥*
*ਪਲਚਿ ਪਲਚਿ ਸਗਲੀ ਮੁਈ ਝੂਠੈ ਧੰਧੈ ਮੋਹੁ॥*
*ਇਕਸੁ ਹਰਿ ਕੇ ਨਾਮ ਬਿਨੁ ਅਗੈ ਲਈਅਹਿ ਖੋਹਿ॥*
*ਦਯੁ ਵਿਸਾਰਿ ਵਿਗੁਚਣਾ ਪ੍ਰਭ ਬਿਨੁ ਅਵਰੁ ਨ ਕੋਇ॥*
*ਪ੍ਰੀਤਮ ਚਰਣੀ ਜੋ ਲਗੇ ਤਿਨ ਕੀ ਨਿਰਮਲ ਸੋਇ॥*
*ਨਾਨਕ ਕੀ ਪ੍ਰਭ ਬੇਨਤੀ ਪ੍ਰਭ ਮਿਲਹੁ ਪਰਾਪਤਿ ਹੋਇ॥*

*ਅੰਗ - 134*

ਸਾਧਸੰਗਤ ਜੀ! ਚਿੱਤ ਬਿਰਤੀਆਂ ਇਕਾਗਰ ਕਰੋ, ਗੱਜ ਕੇ ਬੋਲੋ ਸਤਿਨਾਮ ਸ੍ਰੀ ਵਾਹਿਗੁਰੂ। ਕਾਰੋਬਾਰ ਸੰਕੋਚਦੇ ਹੋਏ ਆਪ, ਮਹਾਨ ਪੁਰਬ ਜੋ ਵਿਸਾਖੀ ਦਾ ਹੈ, ਜਿਸ ਦਿਨ ਬਹੁਤ ਵੱਡੀ ਘਟਨਾ ਭਾਰਤ ਦੇ ਇਤਿਹਾਸ, ਦੁਨੀਆਂ ਦੇ ਇਤਿਹਾਸ ਵਿਚ ਵਰਤੀ। ਕੋਈ ਮਾਮੂਲੀ ਦਿਨ ਨਹੀਂ ਹੈ। ਕਿਸੇ ਦਾ ਆਪਣਾ ਜਨਮ ਦਿਨ ਹੋਵੇ, ਹਜ਼ਾਰਾਂ ਰੁਪਿਆ ਖਰਚ ਦਿੰਦੇ ਨੇ। ਵੱਡੇ-ਵੱਡੇ ਗਾਉਣ ਵਾਲੇ, ਬਹੁਤ ਕਲਾਕਾਰ ਮੰਗਾਉਂਦੇ ਨੇ। ਇਹ ਜੋ ਮਹਾਨ ਦਿਨ ਹੈ ਅੱਜ ਸੰਗਰਾਂਦ ਦਾ ਵੀ ਦਿਹਾੜਾ ਹੈ ਤੇ ਨਾਲ ਹੀ ਗੁਰੂ ਖਾਲਸੇ ਦਾ ਪ੍ਰਕਾਸ਼ ਦਿਵਸ ਵੀ ਹੈ। ਅੱਜ ਦੇ ਦਿਨ ਭਾਰਤ ਦੇ ਇਤਿਹਾਸ ਵਿਚ ਬਹੁਤ ਵੱਡੀ ਘਟਨਾ ਘਟੀ ਹੈ। ਜਦ ਤਕ ਸੰਸਾਰ ਨੇ ਰਹਿਣਾ ਹੈ, ਓਸ ਵੇਲੇ ਤੱਕ ਇਹਦੀ ਯਾਦ ਸਿਮ੍ਰਿਤੀ ਹਿਰਦਿਆਂ 'ਚ ਬਣੀ ਰਹਿਣੀ ਹੈ। ਸੋ ਜੋ ਮਹੀਨੇ ਹੈ ਦੂਸਰਾ ਮਹੀਨਾ ਸਾਲ ਦਾ ਵੈਸਾਖ ਦਾ ਅੱਜ ਤੋਂ ਸ਼ੁਰੂ ਹੁੰਦਾ ਹੈ, ਲੇਕਿਨ ਸੰਮਤ ਜੋ ਹੈ ਉਹ ਚੰਦਰਮਾ ਦੀ ਸੰਮਤ ਚੇਤ ਤੋਂ ਸ਼ੁਰੂ ਹੁੰਦੀ ਹੈ ਤੇ ਦੂਸਰੀ ਜੋ ਸੰਮਤ ਹੈ ਉਹ ਅੱਜ ਸ਼ੁਰੂ ਹੋਇਆ ਕਰਦੀ ਹੈ। ਇਹ ਜੋ ਮਹੀਨਾ ਹੈ ਗੁਰੂ ਮਹਾਰਾਜ ਨੇ ਦੋ ਤਰ੍ਹਾਂ ਲਿਖਿਆ ਹੈ। ਇਕਨਾ ਨੂੰ ਇਹ ਬਹੁਤ ਪਿਆਰਾ ਲਗਦਾ ਹੈ, ਖੁਸ਼ੀਆਂ ਭਰਿਆ ਹੁੰਦਾ ਹੈ, ਇਕਨਾ ਦੇ ਚਿੱਤ ਵਿਚ ਉਦਾਸੀ ਹੋਇਆ ਕਰਦੀ ਹੈ। ਉਨ੍ਹਾਂ ਨੂੰ ਖੁਸ਼ੀ ਭਰਿਆ ਨਹੀਂ ਇਹ ਆਉਂਦਾ। ਫਸਲਾਂ ਪੱਕ ਜਾਂਦੀਆਂ ਨੇ, ਕੋਇਲ ਬੋਲਣ ਲਗ ਜਾਂਦੀ ਹੈ। ਮੌਸਮ ਬਦਲ ਜਾਂਦਾ ਹੈ। ਸਰੀਰ ਦੇ ਵਿਚ ਖੂਨ ਜਿਹੜਾ ਹੈ ਉਹ ਪੰਘਰਣ ਲਗ ਜਾਂਦਾ ਹੈ, ਪਤਲਾ ਪੈ ਜਾਂਦਾ ਹੈ। ਆਰਥਕ ਹਾਲਤ ਦੇ ਵਿਚ ਆਸ ਬੱਝ ਜਾਂਦੀ ਹੈ ਕਿ ਹੁਣ ਸਾਡੇ ਖਰਚ ਜਿਹੜੇ ਨੇ ਉਹ ਪੂਰੇ ਹੋਣਗੇ। ਫਸਲਾਂ ਵਾਹਿਗੁਰੂ ਜੀ ਲਿਆ ਦੇਣ। ਅਸਮਾਨ ਵਲ ਨੂੰ ਦੇਖਦੇ ਨੇ ਕਿ ਪਾਤਸ਼ਾਹ! ਬੱਦਲਾਂ ਨੂੰ ਦੂਰ ਹੀ ਰੱਖੀਂ ਅਜੇ। ਦਾਣੇ ਨੇ ਦੁਨੀਆਂ ਨੇ, ਤੇਰੇ ਜੀਵਾਂ-ਜੰਤਾਂ ਨੇ ਖਾਣੇ ਨੇ। ਕ੍ਰਿਪਾ ਕਰ, ਸਾਡੇ ਹੱਥ ਵਿਚ ਦਾਣੇ ਆ ਜਾਣ। ਉਸ ਵੇਲੇ ਵਾਹਿਗੁਰੂ ਦੇ ਸ਼ੁਕਰਾਨੇ ਦੇ ਅੰਦਰ ਇਕ ਐਸੀ ਲਹਿਰ ਜਾਗਦੀ ਹੈ। ਮਨੁੱਖ ਨੱਚਦਾ ਹੈ, ਟੱਪਦਾ ਹੈ, ਖੁਸ਼ ਹੁੰਦਾ ਹੈ। ਸਰੀਰ ਵਿਚ ਹਰਕਤ ਵਧਦੀ ਹੈ, ਸੋ ਮਹਾਰਾਜ ਜੀ ਨੇ ਦੋਵੇਂ ਤਰ੍ਹਾਂ ਦੱਸ ਦਿਤਾ ਕਿ ਇਕ ਤਾਂ ਉਹ ਨੇ ਜਿਨ੍ਹਾਂ ਨੂੰ ਇਸ ਮਹੀਨੇ ਦੇ ਵਿਚ ਉਦਾਸੀ ਆ ਜਾਂਦੀ ਹੈ। ਇਕ ਉਹ ਨੇ ਜਿਨ੍ਹਾਂ ਦੇ ਅੰਦਰ ਖੁਸ਼ੀਆਂ ਆ ਜਾਂਦੀਆਂ ਨੇ। ਉਦਾਸੀ ਉਨ੍ਹਾਂ ਨੂੰ ਆਉਂਦੀ ਹੈ ਜਿਨ੍ਹਾਂ ਦਾ ਪਿਆਰਾ ਵਿਛੜ ਜਾਂਦਾ ਹੈ, ਵਾਹਿਗੁਰੂ ਦਾ ਮਿਲਾਪ ਨਹੀਂ ਹੁੰਦਾ। ਉਹ ਉਦਾਸ ਹੁੰਦੇ ਨੇ। ਜਿਨ੍ਹਾਂ ਨੂੰ ਪ੍ਰਮੇਸ਼ਰ ਦਾ ਪਿਆਰ ਲਗਦਾ ਹੈ ਉਨ੍ਹਾਂ ਦਾ ਮਨ ਖੁਸ਼ ਹੁੰਦਾ ਹੈ। ਉਹਦੇ ਬਾਰੇ ਮਹਾਰਾਜ ਲਿਖਦੇ ਨੇ ਕਿ ਵੈਸਾਖ ਦਾ ਮਹੀਨਾ ਸੁਹਾਵਾ ਤਾਂ ਹੁੰਦਾ ਹੈ ਜੇ ਇਸ ਮਹੀਨੇ ਦੇ ਵਿਚ ਸਾਧੂਆਂ ਦੀ ਸੰਗਤ ਮਿਲਦੀ ਰਹੇ। ਫੇਰ ਪਿਆਰਾ ਹੋਇਆ ਕਰਦਾ ਹੈ।

*ਵੈਸਾਖਿ ਧੀਰਨਿ ਕਿਉ ਵਾਢੀਆ ਜਿਨਾ ਪ੍ਰੇਮ ਬਿਛੋਹੁ॥*

*ਅੰਗ - 133*

ਮਹਾਰਾਜ ਕਹਿੰਦੇ ਉਨ੍ਹਾਂ ਨੂੰ ਧੀਰਜ ਕਿਵੇਂ ਆ ਸਕਦੀ ਹੈ, ਜਿਨ੍ਹਾਂ ਨੂੰ ਵਾਹਿਗੁਰੂ ਦਾ ਵਿਛੋੜਾ ਹੋ ਗਿਆ -

*ਹਰਿ ਸਾਜਨੁ ਪੁਰਖੁ ਵਿਸਾਰਿ ਕੈ ਲਗੀ ਮਾਇਆ ਧੋਹੁ॥*

*ਅੰਗ - 133*

ਉਸ ਮਾਲਕ ਨੂੰ ਤਾਂ ਭੁੱਲ ਗਏ ਜਿਹੜਾ ਸਭ ਕੁਝ ਖਾਣ-ਪੀਣ ਨੂੰ ਦਿੰਦਾ ਹੈ, ਜਿਹਨੇ ਮਾਂ-ਬਾਪ ਦਿਤੇ ਨੇ, ਸੋਹਣਾ ਘਰ ਦਿਤਾ ਹੈ। ਸੋਹਣੀ ਸਿਹਤ ਦਿਤੀ ਹੈ। ਭੁੱਲ ਗਏ ਉਸਨੂੰ। ਉਸਨੂੰ ਭੁੱਲਣ ਦੇ ਨਾਲ -

*ਪੁਤ੍ਰ ਕਲਤ੍ਰ ਨ ਸੰਗਿ ਧਨਾ ਹਰਿ ਅਵਿਨਾਸੀ ਓਹੁ॥*

*ਅੰਗ - 133*

ਜਦੋਂ ਸੰਸਾਰ ਤੋਂ ਜਾਣਾ ਹੈ ਓਸ ਵੇਲੇ ਵੀ, ਸੰਸਾਰ ਦੇ ਵਿਚ ਰਹਿੰਦੇ-ਰਹਿੰਦੇ ਵੀ, ਸਾਰੇ ਸਾਥੀ, ਸਾਰੇ ਰਿਸ਼ਤੇਦਾਰ ਸਾਥ ਨਹੀਂ ਦਿਆ ਕਰਦੇ। ਵਿਚ-ਵਿਚਾਲੇ ਰਹਿ ਜਾਂਦੇ ਨੇ। ਮਹਾਰਾਜ ਕਹਿੰਦੇ ਰਿਸ਼ਤੇਦਾਰ ਵੀ, ਧਨ ਵੀ, ਇਹ ਨਾਲ ਨਹੀਂ ਜਾਂਦੇ। ਜਾਂਦਾ ਹੈ ਵਾਹਿਗੁਰੂ ਦਾ ਨਾਮ।

*ਪਲਚਿ ਪਲਚਿ ਸਗਲੀ ਮੁਈ ਝੂਠੈ ਧੰਧੈ ਮੋਹੁ॥*

*ਅੰਗ - 133*

ਇਕ ਦੋ ਚਾਰ ਨਹੀਂ, ਸਾਰਾ ਸੰਸਾਰ ਪਚ-ਪਚ ਕੇ ਏਸ ਦੇ ਵਿਚ ਖਤਮ ਹੋ ਕੇ ਚਲਿਆ ਜਾਂਦਾ ਹੈ। ਫੇਰ ਜਨਮ ਲੈ ਲੈਂਦਾ ਹੈ, ਫੇਰ ਏਸੇ ਤਰ੍ਹਾਂ ਹੋ ਜਾਂਦਾ ਹੈ, ਫੇਰ ਜਨਮ ਲੈ ਲੈਂਦਾ ਹੈ, ਐਸ ਚੱਕਰ ਵਿਚ ਪਿਆ ਹੋਇਆ ਹੈ -

*ਇਕਸੁ ਹਰਿ ਕੇ ਨਾਮ ਬਿਨੁ ਅਗੈ ਲਈਅਹਿ ਖੋਹਿ॥*
*ਅੰਗ - 133*

ਬਾਕੀ ਚੀਜ਼ਾਂ ਕੋਈ ਵੀ ਨਾਲ ਨਹੀਂ ਜਾਂਦੀਆਂ।

*ਕਰਮ ਧਰਮ ਪਾਖੰਡ ਜੋ ਦੀਸਹਿ ਤਿਨ ਜਮੁ ਜਾਗਾਤੀ ਲੂਟੈ॥*
*ਅੰਗ - 747*

ਇਨ੍ਹਾਂ ਨੂੰ ਤਾਂ ਰਾਹ ਵਿਚ ਜਮਦੂਤ ਲੁੱਟ ਲੈਂਦੇ ਨੇ ਕਿਉਂਕਿ ਐਸਾ ਲਿਖਿਆ ਹੋਇਆ ਹੈ ਕਿ ਜਦੋਂ ਇਹ ਜੀਵ ਜਾਂਦਾ ਹੈ। ਉਸ ਵਿਚ ਜਿਥੇ ਤੱਕ ਧਰਮਰਾਜ ਦਾ ਅਸਥਾਨ ਹੈ, ਉਹਦੇ ਰਸਤੇ ਵਿਚ 21 ਪੁਰੀਆਂ ਆਉਂਦੀਆਂ ਨੇ। ਜਿਸ ਤਰ੍ਹਾਂ ਟੋਲ ਟੈਕਸ ਲਗਦਾ ਹੈ ਇਸ ਤਰ੍ਹਾਂ ਇਕ ਪੁਰੀ ਤੋਂ ਦੂਸਰੀ ਵਿਚ ਜਾਣਾ ਹੈ ਤਾਂ ਟੈਕਸ ਲਗਦਾ ਹੈ। ਕਰਮ ਧਰਮ ਦੇਣੇ ਪੈਂਦੇ ਨੇ। ਫੇਰ ਮਹਾਰਾਜ ਕਹਿੰਦੇ ਐਸਾ ਭਿਆਨਕ ਰਸਤਾ ਹੈ –

*ਜਹ ਮਾਤ ਪਿਤਾ ਸੁਤ ਮੀਤ ਨ ਭਾਈ॥*
*ਮਨ ਊਹਾ ਨਾਮੁ ਤੇਰੈ ਸੰਗਿ ਸਹਾਈ॥*
*ਜਹ ਮਹਾ ਭਇਆਨ ਦੂਤ ਜਮ ਦਲੈ॥*
*ਤਹ ਕੇਵਲ ਨਾਮੁ ਸੰਗਿ ਤੇਰੈ ਚਲੈ॥*
*ਜਹ ਮੁਸਕਲ ਹੋਵੈ ਅਤਿ ਭਾਰੀ॥*
*ਹਰਿ ਕੋ ਨਾਮੁ ਖਿਨ ਮਾਹਿ ਉਧਾਰੀ॥* *ਅੰਗ - 264*

ਐਸਾ ਜਦ ਭਿਆਨਕ ਰਸਤਾ ਸਾਨੂੰ ਲੰਘਣਾ ਪੈਂਦਾ ਹੈ, ਉਸ ਵੇਲੇ ਜੀਵ ਤੜਫਦਾ ਹੈ।

*ਜਿਹ ਪੈਡੈ ਮਹਾ ਅੰਧ ਗੁਬਾਰਾ॥* *ਅੰਗ - 264*

ਉਹ ਕਹਿੰਦੇ ਕੋਈ ਪੁੰਨ ਦਾਨ ਕੀਤਾ ਹੈ ਤੂੰ? ਸੋਚਦਾ ਹੈ ਕਿ ਫਲਾਣਾ ਪੁੰਨ ਕਰਿਆ ਹੈ, ਉਹਦੇ ਬਦਲੇ ਜਿੰਨੀ ਦੂਰ ਤੱਕ ਚਾਨਣਾ ਮਿਲ ਜਾਏਗਾ, ਓਨਾ ਅਸੀਂ ਕਰ ਦਿੰਦੇ ਹਾਂ।

ਇਕ ਵਾਰੀ ਐਸਾ ਹੋਇਆ ਕਿ ਕਈ ਪ੍ਰੇਮੀਆਂ ਨੂੰ ਇਹ ਖਿਆਲ ਹੁੰਦਾ ਹੈ ਕਿ ਇਹ ਜੋ ਪਰਲੋਕ ਦੇ ਬਚਨ ਕੀਤੇ ਜਾਂਦੇ ਨੇ। ਇਹ ਹੁੰਦਾ ਵੀ ਹੈ? ਕਿ ਐਵੇਂ ਸਾਨੂੰ ਡਰਾਉਣ ਵਾਸਤੇ ਸਾਧੂ ਮਹਾਂਪੁਰਸ਼ਾਂ ਨੇ ਕਿਹਾ ਹੈ। ਪਹਿਲੀ ਗੱਲ ਤਾਂ ਇਹ ਹੈ ਕਿ ਗੁਰਬਾਣੀ ਦੇ ਅੰਦਰ ਕੋਈ ਵੀ ਐਸੀ ਗੱਲ ਨਹੀਂ ਹੈ ਜਿਹੜੀ ਨਾ ਹੁੰਦੀ ਹੋਵੇ ਤੇ ਗੁਰੂ ਮਹਾਰਾਜ ਨੇ ਲਿਖ ਦਿਤੀ ਹੋਵੇ। ਦੂਜਾ ਇਹ ਹੈ ਕਿ ਗੁਰਬਾਣੀ ਜੋ ਹੈ ਉਹ ਅਕਾਲ ਪੁਰਖ ਵਲੋਂ ਆਈ ਹੈ।

*ਜੈਸੀ ਮੈ ਆਵੈ ਖਸਮ ਕੀ ਬਾਣੀ*
*ਤੈਸੜਾ ਕਰੀ ਗਿਆਨੁ ਵੇ ਲਾਲੋ॥* *ਅੰਗ - 722*

ਮਹਾਰਾਜ ਆਪ ਦੱਸ ਰਹੇ ਨੇ ਕਿ ਐਹੋ ਜਿਹੇ ਰਸਤਿਆਂ ਨਾਲ ਤੇਰਾ ਵਾਹ ਪੈਣਾ ਹੈ। ਸਾਧੂਆਂ, ਸੰਤਾਂ ਦੇ ਤੂੰ ਬਚਨ ਸੁਣ, ਬਚਨ ਸੁਣ ਕੇ ਤੂੰ ਆਪਣਾ ਪਰਲੋਕ ਸੰਵਾਰ ਲੈ, ਨਹੀਂ ਬਹੁਤ ਔਖਾ ਹੋ ਜਾਏਂਗਾ ਤੂੰ। ਉਨ੍ਹਾਂ ਦੇ ਅਨੁਸਾਰ ਇਹ ਚੀਜ਼ਾਂ ਚਲਦੀਆਂ ਨੇ।

ਇਕ ਵਾਰੀ ਬੀਬੀ ਜੀ ਇਥੇ 34 ਸੈਕਟਰ ਗੁਰਦੁਆਰੇ ਨੂੰ ਜਾਂਦੇ ਸੀ। ਰਸਤੇ ਵਿਚ ਇਕ ਬੀਬੀ ਮਿਲੀ ਉਹ ਵੀ ਸਾਡੇ ਕੋਲ ਹੀ ਰਹਿੰਦੀ ਸੀ। ਉਹ ਪੋਟਲੀਆਂ ਬੰਨ੍ਹੀ ਜਾਂਦੀ ਹੈ, ਕਿਸੇ 'ਚ ਦਾਲ ਬੰਨ੍ਹੀ ਹੋਈ ਹੈ, ਕਿਸੇ 'ਚ ਲੂਣ ਬੰਨ੍ਹਿਆ ਹੋਇਆ ਹੈ, ਕਿਤੇ ਮਿਰਚਾਂ ਨੇ, ਕਿਤੇ ਮਿੱਠਾ ਹੈ, ਕਿਤੇ ਆਟਾ ਹੈ। ਤੁਹਾਡੇ ਬੀਜੀ ਨੇ ਕਿਹਾ ਕਿ ਭੈਣ ਤੂੰ ਇਹ ਬੜੀਆਂ ਪੋਟਲੀਆਂ ਬੰਨ੍ਹੀਆਂ ਨੇ? ਕਹਿਣ ਲੱਗੀ ਮੇਰੀ ਗੱਲ ਸੁਣਨੀ ਹੈ ਤਾਂ ਬੈਠ ਜਾਓ। ਘਾਹ ਸੀਗਾ ਉਹਦੇ ਉਤੇ ਬੈਠ ਗਈਆਂ। ਕਹਿਣ ਲੱਗੀ ਮੈਂ ਚੜ੍ਹਾਈ ਕਰ ਗਈ ਸੀ। ਚੜ੍ਹਾਈ ਕਰਕੇ ਜਦੋਂ ਮੈਨੂੰ ਲਿਜਾ ਰਹੇ ਸੀ ਪਰਲੋਕ ਨੂੰ। ਐਸਾ ਰਸਤਾ ਆਇਆ ਤੇ ਮੈਨੂੰ ਬਹੁਤ ਪਿਆਸ ਲੱਗੀ ਹੋਈ ਸੀ। ਪ੍ਰਾਣ ਖੁਸ਼ਕ ਹੁੰਦੇ ਜਾਂਦੇ ਸੀ। ਮੈਂ ਕਿਹਾ ਭਾਈ, ਮੈਨੂੰ ਪਾਣੀ ਤਾਂ ਪਿਲਾ ਦਿਓ। ਕਹਿੰਦੀ ਮੈਨੂੰ ਮਾਰਨ ਕੁੱਟਣ ਵਾਲੇ ਨਹੀਂ ਸੀ ਆਏ। ਦੋ ਤਰ੍ਹਾਂ ਦੇ ਆਉਂਦੇ ਨੇ ਇਕ ਤਾਂ ਗਾਈਡ ਆਉਂਦੇ ਨੇ, ਉਹ ਤਾਂ ਲੈ ਜਾਂਦੇ ਨੇ ਇਸ ਰੂਹ ਨੂੰ ਆਰਾਮ ਦੇ ਨਾਲ ਹੀ। ਦੂਸਰੇ ਹੁੰਦੇ ਨੇ ਜਮਦੂਤ ਉਨ੍ਹਾਂ ਵਾਸਤੇ ਜਿਨ੍ਹਾਂ ਨੇ ਸੰਸਾਰ 'ਚ ਆ ਕੇ ਗਲਤ ਕੰਮ ਕਰੇ ਨੇ। ਦੂਸਰਿਆਂ ਨੂੰ ਦੁਖ ਦਿਤਾ ਹੈ, ਦੂਸਰਿਆਂ ਦੀਆਂ ਜਾਇਦਾਦਾਂ ਦੱਬੀਆਂ ਨੇ, ਦੂਸਰਿਆਂ ਦੀਆਂ ਚੁਗਲੀਆਂ ਕੀਤੀਆਂ ਨੇ, ਦੂਸਰਿਆਂ ਦੇ ਨੁਕਸਾਨ ਕੀਤੇ ਨੇ, ਉਹ ਜਿਹੜੇ ਪ੍ਰੇਮੀ ਹੁੰਦੇ ਨੇ ਉਹ ਜਦੋਂ ਸੰਸਾਰ ਤੋਂ ਜਾਂਦੇ ਨੇ –

*ਬਾਰਿ ਵਿਡਾਨੜੈ ਹੁੰਮਸ ਧੁੰਮਸ ਕੂਕਾ ਪਈਆ ਰਾਹੀ॥*
*ਅੰਗ - 520*

ਕੂਕਾਂ ਮਾਰਦੇ ਜਾਂਦੇ ਨੇ। ਇਕ ਉਹ ਹੁੰਦੇ ਨੇ, ਜਿਹੜੇ ਸਹੀ ਜੀਵਨ ਬਤੀਤ ਕਰਦੇ ਨੇ। ਕਿਸੇ ਦਾ ਨੁਕਸਾਨ ਨਹੀਂ ਕੀਤਾ ਹੁੰਦਾ, ਕਮਾਈ ਕਰਕੇ ਆਪਣਾ ਪ੍ਰਸ਼ਾਦ ਪਾਣੀ ਛਕਦੇ ਨੇ, ਲੇਕਿਨ ਕੋਈ ਰੂਹਾਨੀ ਕਮਾਈ ਨਹੀਂ ਕਰੀ ਹੁੰਦੀ। ਜਿਹਦੇ ਨਾਲ ਪਰਲੋਕ ਸੰਵਰ ਜਾਵੇ। ਉਨ੍ਹਾਂ ਨੂੰ ਗਾਈਡ ਲੈਣ ਵਾਸਤੇ ਆਇਆ ਕਰਦੇ ਨੇ। ਉਹ ਆਰਾਮ ਨਾਲ ਚਲੇ ਜਾਂਦੇ ਨੇ, ਰਸਤਾ ਦੱਸੀ ਜਾਂਦੇ ਨੇ, ਲੈਣ ਦੇਣ ਨੂੰ ਕੁਛ ਨਹੀਂ ਉਨ੍ਹਾਂ ਕੋਲ। ਕਹਿਣ ਲੱਗੀ ਵੀਰਾ! ਮੈਨੂੰ ਤਾਂ ਪਿਆਸ ਬੜੀ ਲੱਗੀ ਹੋਈ ਹੈ। ਮੈਨੂੰ ਪਾਣੀ ਦੇਵੋ। ਪਾਣੀ ਆ ਗਿਆ। ਜਿਹੜੇ ਬਰਤਨ ਨੂੰ ਮੈਂ ਹੱਥ ਲਾਵਾਂ ਪਾਣੀ ਸੁੱਕ ਜਾਵੇ। ਮੈਂ ਕਿਹਾ ਭਾਈ! ਆਹ ਕੀ ਹੋ ਰਿਹਾ ਹੈ, ਜਿਹੜੇ ਬਰਤਨ ਨੂੰ ਮੈਂ ਫੜਦੀ ਹਾਂ। ਪਾਣੀ ਸੁੱਕ ਜਾਂਦਾ ਹੈ। ਕਹਿੰਦੇ, ਬੀਬੀ! ਇਹ ਤੂੰ ਆਪਣੀ ਧਰਤੀ ਦੇ ਉਤੇ ਨਹੀਂ ਘੁੰਮ ਰਹੀ, ਇਹ ਪਰਲੋਕ ਦਾ ਸਫਰ ਤਹਿ ਕਰ ਰਹੀ ਹੈਂ। ਇਹ ਤਾਂ –

*ਨਾਨਕ ਅਗੈ ਸੋ ਮਿਲੈ ਜਿ ਖਟੇ ਘਾਲੇ ਦੇਇ॥*
*ਅੰਗ - 472*

ਇਹ ਤਾਂ ਖੱਟ ਕੇ, ਘਾਲ ਕੇ ਦਰਗਾਹ ਵਾਸਤੇ ਕੁਛ ਜਮ੍ਹਾਂ ਕੀਤਾ ਹੈ ਤੋਸਾ, ਉਹੀ ਮਿਲਣਾ ਹੈ। ਤੂੰ ਕਦੇ ਪਿਆਸੇ ਨੂੰ ਪਾਣੀ ਪਿਲਾਇਐ? ਕਹਿੰਦੀ ਨਾ ਵੀਰਾ, ਮੈਂ ਤਾਂ ਕਦੇ ਕਿਸੇ ਨੂੰ ਨਹੀਂ ਪਿਲਾਇਆ। ਕਹਿੰਦੇ ਫੇਰ ਇਥੇ ਨਹੀਂ ਮਿਲਣਾ। ਐਨੇ ਨੂੰ ਕਹਿਣ ਲੱਗੀ ਕਿ ਮੈਨੂੰ ਭੁੱਖ ਲੱਗੀ ਹੈ। ਖਾਣਿਆਂ ਦੇ ਥਾਲ ਆ ਗਏ। ਜਿਹੜੇ ਥਾਲ ਨੂੰ ਹੱਥ

ਪਾਵੇ, ਉਹੀ ਉਚਾ ਉਠ ਜਾਵੇ। ਕਹਿਣ ਲੱਗੀ, ਭਾਈ ਇਹ ਕੀ ਹੋ ਰਿਹਾ ਹੈ, ਥਾਲ ਵੀ ਮੇਰੇ ਹੱਥ ਵਿਚ ਨਹੀਂ ਆ ਰਹੇ? ਕਹਿੰਦੇ ਬੀਬੀ! ਤੂੰ ਕਦੇ ਭੁੱਖੇ ਨੂੰ ਅੰਨ੍ਹ ਛਕਾਇਐ, ਪ੍ਰਸ਼ਾਦਾ ਛਕਾਇਐ? ਕਹਿੰਦੀ ਨਹੀਂ। ਕਹਿੰਦੇ ਫੇਰ ਇਥੇ ਕੁਛ ਵੀ ਨਾਹ ਭਾਲ। ਜਦ ਬੀਜਿਆ ਹੀ ਨਹੀਂ ਹੈ, ਫੇਰ ਇਥੇ ਨਹੀਂ ਮਿਲਦਾ। ਇਥੇ ਤਾਂ ਓਹੀ ਚੀਜ਼ ਮਿਲਣੀ ਹੈ ਜਿਹੜੀ ਤੂੰ ਸੰਸਾਰ ਦੇ ਵਿਚ ਬੀਜੀ ਹੈ। ਸੈਂਕੜੇ ਗੁਣਾਂ ਹੋ ਕੇ ਫਲਣੀ ਹੈ। ਉਸ ਤੋਂ ਬਾਅਦ ਧਰਮਰਾਜ ਦੇ ਕੋਲ ਚਲੀ ਜਾਂਦੀ ਹੈ। ਧਰਮਰਾਜ ਕਹਿਣ ਲੱਗਿਆ ਕਿ ਇਹ ਬੀਬੀ ਭਾਈ, ਗਲਤ ਲੈ ਆਂਦੀ ਤੁਸੀਂ? ਇਹਦੇ ਪਿਛਲੇ ਪਾਸੇ ਜਿਹੜੀ ਗੁਆਂਢਣ ਹੈ ਉਹ ਲੈ ਕੇ ਆਉਣੀ ਹੈ। ਕਹਿਣ ਲੱਗੀ, ਮੈਨੂੰ ਛੱਡ ਗਏ, ਅਰਥੀ ਤੇ ਮੈਂ ਪਈ ਸੀ। ਮੇਰੇ ਹੱਥ ਪੈਰ ਹਿੱਲਣ ਲਗ ਗਏ। ਕਹਿਣ ਲੱਗੇ, ਦੇਖੋ, ਜੀਉਂਦੀ ਹੋ ਗਈ। ਖੁਸ਼ੀਆਂ ਹੋ ਗਈਆਂ ਕਿ ਜੀਉਂਦੀ ਹੋ ਗਈ। ਮੈਂ ਕਿਹਾ ਮੈਨੂੰ ਤਾਂ ਉਹ ਛੱਡ ਗਏ ਨੇ ਜਿਹੜਾ ਕੰਧ ਤੋਂ ਪਿਛਲੇ ਪਾਸੇ ਵਾਲਾ ਘਰ ਹੈ, ਉਹ ਬੀਬੀ ਦਾ ਵੀ ਮੇਰੇ ਵਾਲਾ ਨਾਮ ਹੈ, ਉਹਨੂੰ ਲੈਣ ਗਏ ਨੇ। ਥੋੜ੍ਹੀ ਦੇਰ ਤੋਂ ਬਾਅਦ ਕੀ ਦੇਖਦੇ ਨੇ ਕਿ ਪਿਛੇ ਰੋਣਾ ਪਿਟਣਾ ਪੈ ਗਿਆ।

ਕਹਿਣ ਲੱਗੀ ਉਸ ਵੇਲੇ ਮੈਨੂੰ ਨਿਹਚਾ ਹੋ ਗਿਆ ਕਿ ਮੇਰੇ ਨਾਲ ਜਿਹੜੀ ਗੱਲਬਾਤ ਹੋਈ ਹੈ ਇਹ ਨਾ ਤਾਂ ਸੁਪਨਾ ਹੈ, ਨਾ ਬੇਹੋਸ਼ੀ ਦੀ ਗੱਲ ਹੈ। ਨਾ ਕੋਈ ਕਲਪਨਾ ਹੈ, ਇਹ ਤਾਂ ਬਿਲਕੁਲ ਸਤਿ ਹੈ, ਜਦੋਂ ਮੈਂ ਜੀਉਂਦੀ ਹੋ ਗਈ, ਉਹ ਮਰ ਗਈ। ਇਸ ਤੋਂ ਅੱਗੇ ਸਬੂਤ ਕੀ ਹੋਵੇ। ਕਹਿਣ ਲੱਗੀ, ਭੈਣ ਜੀ! ਉਸ ਦਿਨ ਦੀ ਮੈਂ ਗੁਰੂ ਘਰ ਨੂੰ ਅਨਾਜ ਲੈ ਕੇ ਆਉਂਦੀ ਹਾਂ। ਦਾਲ ਵੀ ਲੈ ਕੇ ਆਉਂਦੀ ਹਾਂ, ਮਿੱਠਾ ਵੀ ਲੈ ਕੇ ਆਉਂਦੀ ਹਾਂ, ਮਿਰਚਾਂ ਵੀ ਲੈ ਕੇ ਆਉਂਦੀ ਹਾਂ, ਕਿਉਂਕਿ ਮਿਲਦਾ ਉਥੇ ਓਹੀ ਹੈ ਜਿਹੜਾ ਇਥੇ ਬੀਜ ਦਿਤਾ ਜਾਂਦਾ ਹੈ। ਬਿਨਾਂ ਬੀਜੇ ਉਥੇ ਕੁਛ ਨਹੀਂ ਮਿਲਦਾ।

*ਨਾਨਕ ਅਗੈ ਸੋ ਮਿਲੈ ਜਿ ਖਟੇ ਘਾਲੇ ਦੇਇ॥*

*ਅੰਗ - 472*

ਮਿਹਨਤ ਦਾ ਕੀਤਾ ਹੋਇਆ ਮਿਲਦਾ ਹੈ। ਦੂਜਾ ਨਹੀਂ ਮਿਲਿਆ ਕਰਦਾ।

ਸੋ ਮਹਾਰਾਜ ਕਹਿੰਦੇ, ਜਦੋਂ ਇਸ ਰਸਤੇ ਤੇ ਜਾਂਦੇ ਹਾਂ ਨਾ ਉਸ ਵੇਲੇ –

*ਇਕਸੁ ਹਰਿ ਕੇ ਨਾਮ ਬਿਨੁ ਅਗੈ ਲਈਅਹਿ ਖੋਹਿ॥*

*ਅੰਗ - 133*

ਜੇ ਤਾਂ ਨਾਮ ਪੱਲੇ ਹੈ ਫੇਰ ਤਾਂ ਪਹੁੰਚ ਜਾਏਗਾ। ਨਹੀਂ ਤਾਂ ਖੋਹੇ ਜਾਣਗੇ, ਸਭ ਕਰਮ ਧਰਮ ਲੁੱਟ ਲੈਣਗੇ।

*ਦਯੁ ਵਿਸਾਰਿ ਵਿਗੁਚਣਾ ਪ੍ਰਭ ਬਿਨੁ ਅਵਰੁ ਨ ਕੋਇ॥*

*ਅੰਗ - 133*

ਵਾਹਿਗੁਰੂ ਨੂੰ ਵਿਸਾਰ ਕੇ ਤਾਂ ਵਿਗੁਚਣਾ, ਵਿਗੋਚਾ ਹੀ ਹੈ, ਵਾਹਿਗੁਰੂ ਤੋਂ ਬਿਨਾਂ ਨਹੀਂ ਹੈ ਕੋਈ ਵੀ।

*ਪ੍ਰੀਤਮ ਚਰਣੀ ਜੋ ਲਗੇ ਤਿਨ ਕੀ ਨਿਰਮਲ ਸੋਇ॥*

*ਅੰਗ - 133*

ਜਿਹੜੇ ਗੁਰੂ ਦੇ ਚਰਨੀਂ ਲਗ ਗਏ, ਗੁਰੂ ਦੇ ਬਣ ਗਏ। ਇਕ ਤਾਂ ਗੁਰੂ ਨੂੰ ਮੱਥਾ ਟੇਕਦੇ ਨੇ, ਉਹ ਤਾਂ ਨਹੀਂ ਗੁਰੂ ਦੇ ਬਣਿਆ ਕਰਦੇ। ਬਣਦਾ ਉਹ ਹੈ ਜਿਹੜਾ ਗੁਰੂ ਤੋਂ ਮੰਤਰ ਲੈ ਲਵੇ। ਮੰਤਰ ਮਿਲਦਾ ਹੈ ਅੰਮ੍ਰਿਤ ਛਕਣ ਤੋਂ ਬਾਅਦ। ਸੋ ਜਿਹੜੇ ਗੁਰੂ ਦੇ ਬਣ ਗਏ, ਮਹਾਰਾਜ ਕਹਿੰਦੇ ਉਹ ਜਿਹੜੇ ਨੇ ਉਹ ਪ੍ਰਮੇਸ਼ਰ ਤਕ ਚਲੇ ਜਾਂਦੇ ਨੇ।

*ਨਾਨਕ ਕੀ ਬੇਨਤੀ ਪ੍ਰਭ ਮਿਲਹੁ ਪਰਾਪਤਿ ਹੋਇ॥*

*ਅੰਗ - 134*

*ਵੈਸਾਖੁ ਸੁਹਾਵਾ ਤਾਂ ਲਗੈ ਜਾ ਸੰਤੁ ਭੇਟੈ ਹਰਿ ਸੋਇ॥*

*ਅੰਗ - 134*

ਜੇ ਤਾਂ ਮਹਾਂਪੁਰਸ਼ਾਂ ਦੀ ਸੰਗਤ ਮਿਲ ਗਈ। ਫੇਰ ਤਾਂ ਇਹ ਮਹੀਨਾ ਹੈ ਬਹੁਤ ਵਧੀਆ। ਸੋ ਅੱਜ ਵਿਸਾਖੀ ਦਾ ਦਿਨ ਇਹਦੇ ਵਿਚ ਬਹੁਤ ਮਹੱਤਵਪੂਰਨ ਗੱਲਾਂ ਹੋਈਆਂ ਨੇ ਭਾਰਤ ਦੇ ਇਤਿਹਾਸ ਵਿਚ। ਗੁਰੂ ਨਾਨਕ ਪਾਤਸ਼ਾਹ ਨੇ ਜਦੋਂ ਸਾਰੀ ਸ੍ਰਿਸ਼ਟੀ ਨੂੰ ਜਲਦੀ ਦੇਖਿਆ ਕਿ ਇਹ ਤਾਂ ਸਾਰਾ ਸੰਸਾਰ ਜਲ ਰਿਹਾ ਹੈ। ਆਪਸ ਵਿਚ ਲੜ ਰਹੇ ਨੇ। ਹਨ੍ਹੇਰਾ ਛਾਇਆ ਪਿਆ ਹੈ। ਉਸ ਵੇਲੇ ਗੁਰੂ ਨਾਨਕ ਧਰਤ ਲੋਕਾਈ ਨੂੰ ਸੋਧਣ ਵਾਸਤੇ, ਪਹਿਲਾਂ ਕਦਮ ਅੱਜ ਗੁਰੂ ਨਾਨਕ ਨੇ ਘਰੋਂ ਪੁੱਟਿਆ। ਦੋਵੇਂ ਬੱਚੇ ਲੱਤਾਂ ਦੇ ਨਾਲ ਚਿੰਬੜੇ ਹੋਏ ਨੇ ਛੋਟੇ-ਛੋਟੇ। ਪਿਤਾ ਦਾ ਪਿਆਰ ਹੈ ਕਿ ਪਿਤਾ ਜੀ, ਨਾ ਜਾਓ ਸਾਨੂੰ ਛੱਡ ਕੇ। ਮਾਤਾ ਸੁਲੱਖਣੀ ਦੇ ਨੇਤਰਾਂ 'ਚੋਂ ਜਲ ਜਾ ਰਿਹਾ ਹੈ। ਕਿਥੇ ਜਾ ਰਹੇ ਓਂ, ਕਿੰਨਾ ਚਿਰ ਵਾਸਤੇ ਜਾ ਰਹੇ ਓਂ? ਤੁਸੀਂ ਇਕ ਗੱਲ ਕਹਿੰਦੇ ਓਂ ਹੁਕਮ ਹੈ ਅਕਾਲ ਪੁਰਖ ਦਾ ਵਜਾਉਣ ਵਾਸਤੇ ਜਾ ਰਿਹਾ ਹਾਂ। ਕੁਛ ਉੱਘ ਸੁੱਘ ਤਾਂ ਦੇ ਜਾਓ। ਆਹ ਬੱਚਿਆਂ ਦਾ ਤਾਂ ਕੋਈ ਬੰਦੋਬਸਤ ਕਰ ਜਾਓ, ਮੈਂ ਕਿਵੇਂ ਪਾਲਾਂਗੀ। ਮਾਂ-ਬਾਪ ਦੇ ਘਰ ਕਿਥੋਂ ਬੈਠਾਂਗੀ ਤੇ ਬੇਬੇ ਨਾਨਕੀ ਦੇ ਉਤੇ ਮੈਂ ਕਿਵੇਂ ਬੋਝ ਬਣ ਕੇ ਬੈਠਾਂਗੀ। ਕ੍ਰਿਪਾ ਕਰੋ ਨਾ ਜਾਓ। ਆਪਣੇ ਬੱਚਿਆਂ ਦਾ ਧਿਆਨ ਦੇਵੋ, ਸਾਰਾ ਸੰਸਾਰ ਆਪਣੇ ਬੱਚਿਆਂ ਦਾ ਧਿਆਨ ਦਿੰਦਾ ਹੈ ਤੇ ਤੁਸੀਂ ਹੋ ਜਿਹੜੇ ਪਿੱਠ ਦੇ ਕੇ ਜਾ ਰਹੇ ਓਂ। ਕਹਿਣ ਲੱਗੇ, ਭੋਲੀਏ! ਆਹ ਦੋ ਬੱਚੇ ਰੋਂਦੇ ਨੇ। ਸੰਸਾਰ ਦੇ ਕਰੋੜਾਂ ਬੱਚੇ ਰੋ ਰਹੇ ਨੇ, ਨਰਕਾਂ 'ਚ ਜਾ ਰਹੇ ਨੇ। ਜੰਮਣ ਮਰਣ ਦਾ, ਕਾਲ ਦਾ ਫਾਹਾ ਉਨ੍ਹਾਂ ਦੇ ਗਲ 'ਚ ਪਿਆ ਹੋਇਆ ਹੈ। ਅੰਧਕਾਰ ਵਿਚ ਦੁਖੀ ਹੋ ਰਹੇ ਨੇ। ਸੋ ਇਹ ਤਾਂ ਦੋ ਰੋਂਦੇ ਨੇ, ਉਹ ਹਜ਼ਾਰਾਂ ਲੱਖਾਂ ਦੀ ਤਾਦਾਦ ਵਿਚ ਰੋਂਦੇ ਨੇ। ਉਨ੍ਹਾਂ ਦੇ ਵੀ ਵੈਣ ਮੇਰੇ ਕੰਨਾਂ ਵਿਚ ਸੁਣ ਰਹੇ ਨੇ। ਇਨ੍ਹਾਂ ਦੇ ਵੀ ਹੰਝੂ ਮੇਰੀਆਂ ਲੱਤਾਂ ਦੇ ਨਾਲ ਲੱਗ ਰਹੇ ਨੇ ਰੋਂਦੇ ਹੋਏ। ਹੁਣ ਤੂੰ ਆਪ ਹੀ ਦੱਸ ਉਨ੍ਹਾਂ ਵਾਸਤੇ ਜਾਵਾਂ ਕਿ ਨਾ ਜਾਵਾਂ?

ਗੁਰੂ ਨਾਨਕ ਪਾਤਸ਼ਾਹ ਨੇ ਉਸ ਵੇਲੇ ਪਰਿਵਾਰਕ ਮੋਹ ਨੂੰ ਪਿੱਠ ਦੇ ਕੇ ਪਹਿਲਾ ਕਦਮ ਅੱਜ ਪੁਟਿਆ। ਉਹ ਕਦਮ

ਪੁੱਟ ਕੇ ਆਪ 12 ਸਾਲ ਬਾਅਦ ਮੁੜ ਕੇ ਘਰ ਪਹੁੰਚੇ। ਕੋਈ ਪਤਾ ਨਹੀਂ, ਨਾ ਕੋਈ ਚਿੱਠੀ ਨਾ ਕੋਈ ਖਬਰ, ਕਿਥੇ ਕੁ ਤੁਰੇ ਫਿਰਦੇ ਨੇ। ਦੂਰ ਦਰਾਜ਼ ਤੱਕ ਗੁਰੂ ਨਾਨਕ ਨੇ ਸਫਰ ਕਰਿਆ।

ਦੂਸਰਾ ਅੱਜ ਦੇ ਦਿਨ ਹੀ, ਗੋਇੰਦਵਾਲ ਸਾਹਿਬ ਦਾ ਜਿਹੜਾ ਬਉਲੀ ਸਾਹਿਬ ਹੈ, ਉਹਦਾ ਕੜ ਨਹੀਂ ਸੀ ਟੁੱਟਦਾ। ਉਸ ਵੇਲੇ ਇਕ ਗੁਰਸਿੱਖ, ਮਰਜੀਵੜੇ ਦਾ ਜਿਸਨੂੰ ਖਿਤਾਬ ਮਿਲਿਆ ਹੈ। ਮਹਾਰਾਜ ਕਹਿੰਦੇ ਕੜ ਤਾਂ ਟੁੱਟੇਗਾ ਪਰ ਐਨੇ ਜ਼ੋਰ ਦੀ ਪਾਣੀ ਬਾਹਰ ਨਿਕਲਣਾ ਹੈ ਕਿ ਉਸ ਬੰਦੇ ਦੇ ਬਚਣ ਦਾ ਨਹੀਂ ਪਤਾ। ਉਹ ਲੈ ਕੇ ਹਥੌੜਾ ਕੜ ਤੋੜਨ ਲਗ ਗਿਆ। ਰੋੜਾਂ ਦਾ ਕੜ ਸੀ, ਜਿਸ ਵਕਤ ਟੁੱਟਿਆ ਐਨੇ ਜ਼ੋਰ ਦਾ ਪਾਣੀ ਸੀ ਕਿ ਵਿਚ ਹੀ ਡੁੱਬ ਗਿਆ। ਇਕ ਪਾਸੇ ਖੁਸ਼ੀਆਂ ਹੀ ਖੁਸ਼ੀਆਂ, ਇਕ ਪਾਸੇ ਹਾਹਾਕਾਰ ਮਚ ਗਈ ਕਿ ਗੁਰਸਿੱਖ ਤਾਂ ਡੁੱਬ ਗਿਆ। ਗੁਰੂ ਅਮਰਦਾਸ ਜੀ ਮਹਾਰਾਜ ਕੋਲ ਲੈ ਆਏ, ਕਹਿਣ ਲੱਗੇ ਕੋਈ ਨਹੀਂ ਭਾਈ, ਇਹ ਮਰਜੀਵੜਾ ਹੈ, ਹੁਣ ਗੁਰੂ ਦੇ ਘਰ ਦਾ ਹੋ ਕੇ ਜੀਵਨ ਬਤੀਤ ਕਰੇਗਾ।

ਏਸੇ ਹੀ ਦਿਨ ਜੋ ਸੰਸਾਰ ਦੀ ਕਲਿਆਣ ਵਾਸਤੇ ਅੰਮ੍ਰਿਤ ਸਰੋਵਰ ਦਾ ਤੀਰਥ ਹੈ। ਅੱਜ ਦਾ ਹੀ ਦਿਨ ਸੀ ਜਿਸ ਵਕਤ ਦੁਖਭੰਜਨੀ ਬੇਰੀ ਹੇਠ ਆ ਕੇ ਬੀਬੀ ਰਜਨੀ ਨੇ ਆ ਕੇ ਟੋਕਰਾ ਰੱਖਿਆ ਤੇ ਐਸ ਕੁ ਵੇਲੇ ਉਹ ਪ੍ਰਸ਼ਾਦੇ ਲੈਣ ਚਲੀ ਗਈ। ਮੁੜ ਕੇ ਆਈ ਤਾਂ ਹੈਰਾਨ ਹੋ ਗਈ ਕਿ ਮੇਰਾ ਪਤੀ ਕਿਥੇ ਚਲਿਆ ਗਿਆ। ਪਤੀ ਨੇ ਦੇਖਿਆ ਕਿ ਕੁਝ ਕਾਉਂ ਆਏ ਨੇ, ਪਾਣੀ ਦੇ ਵਿਚ ਵੜੇ ਨੇ, ਨਾਹੁੰਣ ਲਗ ਗਏ, ਉਹ ਕਾਉਂ ਨਹੀਂ ਨਜ਼ਰ ਆ ਰਹੇ, ਉਹ ਸਫੈਦ ਹੋ ਕੇ ਉੜ ਗਏ। ਉਹਦੇ ਮਨ ਵਿਚ ਆਇਆ ਕਿ ਕਰਾਮਾਤੀ ਪਾਣੀ ਹੈ ਕੋਈ ਇਹ। ਹੋਵੇ ਨਾ ਤਾਂ ਮੈਂ ਵੀ ਆਪਣਾ ਕੋਈ ਅੰਗ ਡੁਬੋ ਕੇ ਦੇਖਾਂ। ਜਦੋਂ ਹੱਥ ਡਬੋਇਆ ਤਾਂ ਹੱਥ ਸਾਬਤ ਹੋ ਗਿਆ। ਲੱਤ ਡਬੋਈ, ਲੱਤ ਸਾਬਤ ਹੋ ਗਈ। ਦੋਵੇਂ ਲੱਤਾਂ ਠੀਕ ਹੋ ਗਈਆਂ, ਛਾਲ ਮਾਰੀ ਵਿਚ ਤੇ ਇਸ਼ਨਾਨ ਕਰਦਾ ਰਿਹਾ। ਇਕ ਹੱਥ ਦੇ ਨਾਲ ਉਤੋਂ ਫੜ ਰੱਖਿਆ। ਬੀਬੀ ਆਉਂਦੀ ਹੈ ਉਹ ਰੌਲਾ ਪਾਉਂਦੀ ਹੈ ਕਿ ਤੂੰ ਮੇਰਾ ਪਤੀ ਮਾਰ ਦਿਤਾ। ਕਹਿਣ ਲੱਗਿਆ ਕਿ ਮੈਂ ਤੇਰਾ ਪਤੀ ਨਹੀਂ ਮਾਰਿਆ, ਆਹ ਜਲ ਦੇ ਵਿਚ ਕੋਈ ਕਰਾਮਾਤੀ ਸ਼ਕਤੀ ਹੈ, ਮੈਂ ਇਹਦੇ ਵਿਚ ਨਾਤ੍ਹਾ, ਇਹਦੇ ਨਾਲ ਮੇਰਾ ਸਰੀਰ ਕੰਚਨ ਵਰਗਾ ਹੋ ਗਿਆ। ਗੁਰੂ ਮਹਾਰਾਜ ਕੋਲ ਗੱਲ ਪਹੁੰਚਦੀ ਹੈ, ਮਹਾਰਾਜ ਆਉਂਦੇ ਨੇ, ਜਿਹੜਾ ਰਿਹਾ ਹੋਇਆ ਹੱਥ ਸੀ ਕਹਿੰਦੇ ਇਹ ਡੁਬੋ ਕੇ ਦਿਖਾ, ਜਦੋਂ ਉਹ ਡਬੋ ਕੇ ਦਿਖਾਇਆ ਤਾਂ ਉਹ ਹੱਥ ਠੀਕ ਹੋ ਗਿਆ। ਸੋ ਅੰਮ੍ਰਿਤ ਸਰੋਵਰ ਅੱਜ ਦੇ ਦਿਨ ਪ੍ਰਗਟ ਹੋਇਆ।

ਗੁਰੂ ਅੱਠਵੇਂ ਪਾਤਸ਼ਾਹ ਮਹਾਰਾਜ ਜੀ ਸਰੀਰ ਛੱਡਣ ਦੀ ਤਿਆਰੀ ਕੀਤੀ ਹੋਈ ਹੈ ਦਿੱਲੀ। ਸਾਰੀ ਸੰਗਤ ਨੇ ਗਲ ਵਿਚ ਪੱਲੇ ਪਾਏ, ਅਰਜ਼ ਕੀਤੀ ਪਾਤਸ਼ਾਹ! ਪਹਿਲੇ ਗੁਰੂ ਜਦੋਂ ਸਰੀਰ ਲਾਂਭੇ ਕਰਦੇ ਸੀ, ਉਸ ਵੇਲੇ ਅੱਗੇ ਸੰਗਤ ਦੀ ਬਾਂਹ ਫੜਾ ਦਿੰਦੇ ਸੀ ਕਿਸੇ ਨੂੰ। ਆਪ ਕ੍ਰਿਪਾ ਕਰਕੇ ਦੱਸੋ ਸੰਗਤ ਕਿਥੇ ਜਾਵੇ। ਆਪ ਨੇ ਹੱਥ ਵਿਚ ਨਾਰੀਅਲ ਲੈ ਕੇ ਪੰਜਾਬ ਵਲ ਦਾ ਰੁਖ ਕਰਕੇ ਤਿੰਨ ਵਾਰੀ ਘੁੰਮਾ ਕੇ ਨਾਰੀਅਲ ਫੜਾ ਦਿਤਾ। ਕਹਿੰਦੇ ਬਾਬਾ ਬਕਾਲੇ। ਇਸ਼ਾਰਾ ਕਰ ਗਏ ਕਿ ਬਾਬਾ ਲਗਦਾ ਹੈ ਸਾਡਾ ਜਿਹਨੇ ਸਭ ਸੰਭਾਲਣਾ ਹੈ। 21 ਉਸ ਵੇਲੇ ਮੰਜੀਆਂ ਲਗ ਗਈਆਂ। ਮੱਖਣਸ਼ਾਹ ਲੁਬਾਣੇ ਨੇ ਗੁਰੂ ਲਾਧੋ ਰੇ ਦਾ ਕੌਤਕ ਕਰਕੇ ਗੁਰੂ ਮਹਾਰਾਜ ਨੂੰ ਪ੍ਰਗਟ ਕਰਿਆ।

ਸੋ ਅੱਜ ਦੇ ਦਿਨ ਹੀ ਇਕ ਬੜੀ ਭਾਰੀ ਘਟਨਾ ਪੰਜਾਬ ਵਿਚ ਵਾਪਰੀ, ਬੇਅੰਤ ਲੋਕ ਆਜ਼ਾਦੀ ਵਾਸਤੇ ਇਕੱਠੇ ਹੋਏ ਜ਼ਲ੍ਹਿਆਂ ਵਾਲੇ ਬਾਗ ਵਿਚ, 1620 ਰਾਊਂਡ ਚੱਲਿਆ, ਉਸ ਵੇਲੇ ਕਿੰਨੇ ਕੁ ਮਾਰੇ ਗਏ, ਕੋਈ ਗਿਣਤੀ ਕਿਸੇ ਨੂੰ ਨਹੀਂ ਪਤਾ। ਕੋਈ ਤਿੰਨ ਸੌ ਕਹਿੰਦੈ, ਕੋਈ ਸਾਢੇ ਤਿੰਨ ਸੌ, ਕੋਈ ਅੱਠ ਸੌ ਜ਼ਖਮੀ ਕਹਿੰਦਾ ਹੈ। ਬੜਾ ਵੱਡਾ ਉਹ ਮੈਦਾਨ ਸੀ, ਵਿਸਾਖੀ ਦਾ ਦਿਨ ਸੀ। ਪਿੰਡਾਂ ਦੇ ਬੇਅੰਤ ਲੋਕ ਉਥੇ ਪਹੁੰਚੇ ਹੋਏ ਸੀ। ਉਸ ਵੇਲੇ ਗੋਲੀਆਂ ਦੇ ਨਾਲ ਉਥੇ ਭੁੰਨ ਕੇ ਰੱਖ ਦਿਤੇ।

ਏਸੇ ਹੀ ਦਿਨ 1699 ਦੀ ਵਿਸਾਖੀ ਦੇ ਦਿਨ ਗੁਰੂ ਮਹਾਰਾਜ ਨੇ ਅੱਜ ਸੰਸਾਰ ਦੇ ਅੰਦਰ ਰੂਹਾਨੀ ਕਰਾਮਾਤ ਵਰਤਾਈ ਕਿ ਇਕ ਸਾਧਾਰਣ ਮਨੁੱਖ ਨੂੰ ਦੋ ਪਾਸੇ ਪੂਰਾ ਕਰ ਦਿਤਾ। ਇਕ ਪਾਸੇ ਸੰਤ, ਦੂਜੇ ਪਾਸੇ ਰਾਖੀ ਕਰਨ ਵਾਲਾ ਸਿਪਾਹੀ। ਸੋ ਇਹ ਦਿਨ ਸੀਗਾ ਜਿਸ ਦਿਨ ਅੱਜ ਖਾਲਸੇ ਦਾ ਪ੍ਰਕਾਸ਼ ਹੋਇਆ ਹੈ।

ਜਦੋਂ ਇਸ ਤੋਂ ਅਸੀਂ ਪਹਿਲਾਂ ਸੋਚਦੇ ਹਾਂ, ਮਹਾਰਾਜ ਤੋਂ ਪਹਿਲਾਂ। ਗੁਰੂ ਨਾਨਕ ਪਾਤਸ਼ਾਹ ਤੋਂ ਸ਼ੁਰੂ ਹੋ ਗਿਆ ਸੀ। ਗੁਰੂ ਨਾਨਕ ਪਾਤਸ਼ਾਹ ਜਦੋਂ ਸੰਸਾਰ ਤੇ ਆਏ ਸੀ, ਧੁੰਦ ਵਰਤੀ ਹੋਈ ਸੀ। ਹਨ੍ਹੇਰਾ ਤਾਂ ਦੂਰ ਕੀਤਾ ਜਾ ਸਕਦਾ ਹੈ, ਧੁੰਦ ਨਹੀਂ ਹੁੰਦੀ। ਹਨ੍ਹੇਰਾ ਤਾਂ ਦੱਸ ਬਲਬ ਜਲਾ ਦਿਓ, ਦੂਰ ਹੋ ਜਾਂਦਾ ਹੈ, ਧੁੰਦ ਨਹੀਂ ਹੁੰਦੀ। ਧੁੰਦ ਦੇ ਵਿਚ ਚਾਹੇ ਕਿੱਡੇ-ਕਿੱਡੇ ਬਲਬ ਜਲਾ ਦਿਓ, ਉਹਦੇ ਨਾਲ ਹਨ੍ਹੇਰਾ ਨਹੀਂ ਦੂਰ ਹੋ ਸਕਿਆ ਕਰਦਾ। ਸੋ ਇਥੇ ਰੂਹਾਨੀ ਧੁੰਦ ਪਈ ਹੋਈ ਸੀ। ਚਾਰ ਵਰਣ ਸੀ, ਸ਼ੂਦਰ ਜਿਹੜਾ ਸੀ ਉਹਨੂੰ ਕੋਈ ਵੀ ਪਸੰਦ ਨਹੀਂ ਸੀ ਕਰਦਾ। ਇਥੇ ਤਕ ਸੀ ਦੋ ਸ਼੍ਰੇਣੀਆਂ ਸ਼ੂਦਰਾਂ ਦੀਆਂ, ਇਕ ਤਾਂ ਛੂਤ ਸੀ, ਇਕ ਨੂੰ ਅਛੂਤ ਆਖਿਆ ਜਾਂਦਾ ਸੀ। ਅਛੂਤ ਜੋ ਸੀ ਉਹ ਜਿਥੇ ਪੈਰ ਰੱਖ ਦੇਵੇ, ਉਹਨੂੰ ਕਹਿੰਦੇ ਸੀ ਪੈਰ ਦਾ ਨਿਸ਼ਾਨ ਖਤਮ ਕਰ, ਨਹੀਂ ਤਾਂ ਮਾਰਦੇ ਸੀ ਆ ਕੇ। ਝਾਫੇ ਬੰਨ੍ਹੇ ਹੁੰਦੇ ਪਿਛੇ। ਜਦੋਂ ਤੁਰਨਾ ਤਾਂ ਪਿਛੇ ਪੈੜ ਮਿਟਦੀ ਚਲੀ ਜਾਣੀ। ਜੇ ਕਦੇ ਵੇਦ ਮੰਤਰ ਸੁਣ ਲਿਆ ਤਾਂ ਕੰਨ ਬੰਦ ਕਰ ਦਿਤੇ ਜਾਂਦੇ ਸੀ। ਜੇ ਕਿਤੇ ਭੁੱਲ ਚੁੱਕੇ ਓਅੰਕਾਰ ਮੂੰਹ ਵਿਚੋਂ ਨਿਕਲ ਆਇਆ, ਜੁਬਾਨ ਕੱਟ ਦਿਤੀ ਜਾਂਦੀ ਸੀ। ਗੰਦ ਮੰਦ ਚੁਕਾਇਆ ਜਾਂਦਾ ਸੀ

ਉਸ ਤੋਂ, ਮਰੇ ਹੋਏ ਪਸ਼ੂ, ਆਦਮੀ ਦਾ ਆਪਣਾ ਗੰਦ। ਮਾੜੀ ਤੋਂ ਮਾੜੀ ਕਿਰਤ ਦਿਤੀ ਜਾਂਦਾ ਸੀ ਉਨ੍ਹਾਂ ਨੂੰ ਅਛੂਤ ਕਹਿੰਦੇ ਸੀ। ਜਿਨ੍ਹਾਂ ਨੂੰ ਛੋਹਿਆ ਨਹੀਂ ਜਾ ਸਕਦਾ। ਛੋਹਣ ਦੇ ਨਾਲ ਭਿੱਟ ਪੈ ਜਾਵੇਗੀ ਤੇ ਕਰਮ ਧਰਮ ਸਭ ਭ੍ਰਿਸ਼ਟ ਹੋ ਜਾਣਗੇ। ਐਸਾ ਅਕੀਦਾ ਸੀ ਬੰਦਿਆਂ ਦਾ। ਦੂਸਰੇ ਉਹ ਸੀ ਜਿਨ੍ਹਾਂ ਨੂੰ ਰੋਟੀ ਕਮਾਉਣ ਦੇ ਵਿਚ ਪਸੀਨਾ ਆਉਂਦਾ ਸੀ। ਮੱਥੇ ਤੋਂ ਪਸੀਨੇ ਦੀ ਧਾਰ ਜੇ ਵਗ ਜਾਵੇ, ਉਹ ਸਾਰੇ ਦੇ ਸਾਰੇ ਜਿੰਨੇ ਮਿਹਨਤਕਸ਼ ਬੰਦੇ ਸੀ, ਸਾਰਿਆਂ ਨੂੰ ਅਛੂਤ, ਸ਼ੂਦਰ ਕਿਹਾ ਜਾਂਦਾ ਸੀ। ਜਿਸ ਦੇਸ਼ ਦੇ ਵਿਚ ਕਿਰਤ ਦੀ ਐਨੀ ਮੰਦੀ ਹਾਲਤ ਹੋਵੇ, ਉਹ ਦੇਸ਼ ਕਿਹੋ ਜਿਹਾ ਹੋਏਗਾ ਆਪੇ ਹੀ ਅੰਦਾਜ਼ਾ ਲਾ ਲਓ। ਬਾਹਰਲੀ ਦੁਨੀਆਂ ਕਿਉਂ ਤਰੱਕੀ ਤੇ ਹੈ ਕਿਉਂਕਿ ਉਥੇ ਕਿਰਤ ਕਰਨ ਵਾਲੇ ਦੀ ਮਹਾਨਤਾ ਹੈ। ਇਥੇ ਕਿਰਤ ਕਰਨ ਵਾਲੇ ਨੂੰ ਛੋਟਾ ਗਿਣਿਆ ਜਾਂਦਾ ਹੈ। ਇਹਦੇ ਨਾਲ ਉਹ ਵਰਗ ਐਨਾ ਨੀਵਾਂ ਕਰਾਰ ਦੇ ਦਿਤਾ ਸੀ ਉਨ੍ਹਾਂ ਦੇ ਅੰਦਰ ਆਪਣੇ ਆਪ ਹੀ ਐਨੀ ਹੀਣਤਾ ਆ ਗਈ ਸੀ ਕਿ ਉਹ ਕੋਈ ਗੱਲ ਨਹੀਂ ਸੀ ਕਹਿ ਸਕਦੇ, ਨਾ ਨੇੜੇ ਆ ਕੇ ਖੁਲ੍ਹ ਕੇ ਬੋਲਦੇ ਸੀ। ਬਹੁਤ ਜ਼ਿਆਦਾ ਜ਼ੁਲਮ ਸੀ ਉਨ੍ਹਾਂ ਦੇ ਉਤੇ, ਮਾਰੇ ਜਾਂਦੇ ਕੁੱਟੇ ਜਾਂਦੇ। ਕੋਈ ਨਹੀਂ ਸੀ ਰੋਕਦਾ, ਕਹਿੰਦੇ ਸ਼ੂਦਰ ਨੇ ਕੋਈ ਗੱਲ ਕਰ ਦਿਤੀ ਹੋਣੀ। ਦੂਸਰਾ ਵਰਗ ਸੀ ਵਪਾਰੀਆਂ ਦਾ ਜਿਨ੍ਹਾਂ ਨੂੰ ਵੈਸ਼ ਕਹਿੰਦੇ ਸੀ। ਧਨ ਕਮਾਉਂਦੇ ਸੀ ਬਾਹਰ ਦੂਰ-ਦਰਾਜ਼ ਜਾ ਕੇ। ਉਨ੍ਹਾਂ ਨੂੰ ਜ਼ਰਾ ਸ਼ੂਦਰਾਂ ਤੋਂ ਉਪਰ ਰੱਖਿਆ ਜਾਂਦਾ ਸੀ। ਤੀਸਰਾ ਵਰਗ ਸੀ ਉਨ੍ਹਾਂ ਲੋਕਾਂ ਦਾ ਜਿਨ੍ਹਾਂ ਕੋਲ ਜ਼ਮੀਨਾਂ ਦੇ ਕੰਟਰੋਲ ਸੀ, ਰਾਜਸੀ ਸੱਤਾ ਸੀ, ਲੜਾਈ ਝਗੜਾ ਕਰਨਾ ਉਨ੍ਹਾਂ ਦਾ ਕੰਮ ਸੀ। ਚੌਥਾ ਉਹ ਸੀ ਜਿਹੜੇ ਆਰਾਮ ਦੇ ਨਾਲ ਬਹਿੰਦੇ ਸੀ ਤੇ ਵਿਦਿਆ ਪੜ੍ਹਦੇ ਸੀ, ਪੜ੍ਹਾਉਂਦੇ ਸੀ, ਯੱਗ ਕਰਦੇ ਸੀ, ਕਰਾਉਂਦੇ ਸੀ, ਦਾਨ ਦਿੰਦੇ ਸੀ, ਦਾਨ ਲੈਂਦੇ ਸੀ। ਪਹਿਲੇ ਨੂੰ ਬ੍ਰਾਹਮਣ, ਦੂਸਰੇ ਨੂੰ ਖਤ੍ਰੀ, ਤੀਸਰੇ ਨੂੰ ਵੈਸ਼, ਚੌਥੇ ਨੂੰ ਸ਼ੂਦਰ। ਇਸੇ ਤਰ੍ਹਾਂ ਚਾਰ ਆਸ਼ਰਮ ਹੋਇਆ ਕਰਦੇ ਸੀ। ਬ੍ਰਹਮਚਰੀਆ ਆਸ਼ਰਮ, ਗ੍ਰਹਿਸਤ ਆਸ਼ਰਮ, ਬਾਨਪ੍ਰਸਤ ਆਸ਼ਰਮ, ਸੰਨਿਆਸ ਆਸ਼ਰਮ। ਸੋ ਸਾਰਾ ਹੀ ਜਿਹੜਾ ਭਾਰਤ ਵਰਸ਼ ਸੀ, ਇਸ ਵਿਚ ਮਨੁੱਖ ਵੰਡਿਆ ਪਿਆ ਸੀ ਕਰਮਾਂਕਾਂਡਾਂ ਵਿਚ। ਜਨੇਊ ਪਾਉਣਾ ਹੀ ਪਾਉਣਾ ਹੈ। ਜੇ ਜਨੇਊ ਨਹੀਂ ਪਾਇਆ, ਉਪਰਲੀਆਂ ਜਾਤਾਂ ਨੇ ਤਾਂ ਉਨ੍ਹਾਂ ਦੇ ਹੱਥ ਦਾ ਕੋਈ ਖਾਂਦਾ ਨਹੀਂ ਸੀ ਕਿ ਇਹ ਪਵਿੱਤਰ ਨਹੀਂ ਹੈਗੇ। ਗੁਰੂ ਨਾਨਕ ਨੂੰ ਜਨੇਊ ਪਾਉਣ ਲੱਗੇ ਮਹਾਰਾਜ ਕਹਿੰਦੇ ਜਨੇਊ ਤਾਂ ਮੈਂ ਪਾ ਲੈਂਦਾ ਹਾਂ ਪਰ ਮੈਨੂੰ ਜਨੇਊ ਉਹ ਦੇਵੋ ਜਿਹੜਾ ਨਾਲ ਨਿਭਦਾ ਹੋਵੇ। ਇਹ ਜੋ ਤੁਸੀਂ ਸੂਤ ਦਾ ਜਨੇਊ ਪਾਉਂਦੇ ਓਂ, ਕਪਾਹ ਦਾ। ਇਹ ਤਾਂ ਮੈਲਾ ਹੋ ਜਾਣਾ ਹੈ, ਟੁੱਟ ਜਾਣਾ ਹੈ ਨਾਲ ਨਹੀਂ ਜਾਣਾ। ਜਦੋਂ ਸਰੀਰ ਦਾ ਸਸਕਾਰ ਕਰਨਾ ਹੈ, ਉਸ ਵੇਲੇ ਇਸ ਨੇ ਇਥੇ ਹੀ ਜਲ ਜਾਣਾ ਹੈ, ਇਹਨੂੰ ਐਸੀ ਮਹੱਤਤਾ ਕਿਉਂ ਦਿੰਦੇ ਹੋਂ। ਕੋਈ ਜਨੇਊ ਐਸਾ ਟੋਲੋ ਜਿਹੜਾ ਦਰਗਾਹ ਵਿਚ ਵੀ ਨਾਲ ਜਾਵੇ।

*ਦਇਆ ਕਪਾਹ ਸੰਤੋਖੁ ਸੂਤੁ ਜਤੁ ਗੰਢੀ ਸਤੁ ਵਟੁ॥*
*ਏਹੁ ਜਨੇਊ ਜੀਅ ਕਾ ਹਈ ਤ ਪਾਡੇ ਘਤੁ॥*

*ਅੰਗ - 471*

ਜੇ ਤਾਂ ਇਹ ਹੈਗਾ ਤਾਂ, ਤੇ ਦੇ ਦੇ। ਜੇ ਇਹ ਨਹੀਂ ਹੈ ਭਾਈ ਫੇਰ ਆਪਣੇ ਕੋਲ ਹੀ ਰੱਖ। ਸੋ ਇਸ ਤਰ੍ਹਾਂ ਦੇ ਖਿਆਲਾਂ ਨੇ ਸੁਸਾਇਟੀ ਨੂੰ ਵੰਡ ਕੇ ਰੱਖ ਦਿਤਾ। ਐਨੇ ਕਮਜ਼ੋਰ ਹੋ ਗਏ ਕਿ ਜਿਸ ਵਕਤ ਦੁਸ਼ਮਣ ਚੜ੍ਹ ਕੇ ਆਉਂਦਾ ਤਾਂ ਖਤਰੀਆਂ ਨੇ ਲੜਨਾ ਸੀ। ਦੂਸਰੇ ਤਾਂ ਇਹ ਸਮਝਦੇ ਸੀ ਕਿ ਅਸੀਂ ਤਾਂ ਹੈਗੇ ਭੇਡਾਂ, ਭੇਡਾਂ ਤੋਂ ਤਾਂ ਉੱਨ ਲਹਿਣੀ ਹੀ ਲਹਿਣੀ ਹੈ ਚਾਹੇ ਮਾਲਕ ਆਹ ਹੋਵੇ ਚਾਹੇ ਓਹ ਹੋਵੇ। ਕੋਈ ਦਿਲਚਸਪੀ ਨਹੀਂ ਸੀ ਉਨ੍ਹਾਂ ਨੂੰ ਆਪਣੀ ਆਜ਼ਾਦੀ ਦੇ ਅੰਦਰ। ਬਾਕੀ ਆਦਮੀ ਜਿਹੜਾ ਸੀ ਇਹ ਅੰਦਰੋਂ ਐਨਾ ਹੀਣਾ ਹੋ ਚੁੱਕਿਆ ਸੀ ਕਿ ਸੱਚਮੁਚ ਮਨ ਚੁੱਕਿਆ ਸੀ ਕਿ ਮੈਂ ਨੀਵਾਂ ਹਾਂ। ਮੈਨੂੰ ਭਗਤੀ ਕਰਨ ਦਾ ਅਧਿਕਾਰ ਨਹੀਂ ਹੈ। ਨਿਹਚੇ ਜਿਹੜੇ ਸੀ ਉਹ ਕਿਸੇ ਇਕ ਦੇ ਉਤੇ ਨਹੀਂ ਸੀ ਬਿਲਕੁਲ ਹਨ੍ਹੇਰ ਹੈ ਸਾਧਸੰਗਤ ਜੀ ਕਦੇ ਵਿਚਾਰ ਕੇ ਦੇਖਿਓ। ਹੁਣ ਤਾਂ ਗੱਲਾਂ ਹੀ ਹੋਰ ਨੇ, ਨਾ ਸਾਨੂੰ ਪਤਾ ਲਗ ਸਕੇ। ਨਿਹਚੇ ਐਨੇ ਟੁੱਟੇ ਹੋਏ ਸੀ -

*ਕਈ ਹਨੂੰਮਾਨ, ਕੋਈ ਭੈਰੋ ਦੇ,*
*ਕਈ ਪਰਬਤ ਵਾਲੀ ਨੈਣਾਂ ਦੇ*
*ਕਈ ਵੈਸ਼ਨਵ ਦੇਵੀ ਜਵਾਲਾ ਦੇ,*
*ਫੇਰ ਢੋਲ ਢਮਕਾ ਸਰਵਰ ਦਾ*
*ਅਤੇ ਹਿਰਸ ਬਾਬੇ ਨਾਨਕ ਦੀ।*

ਸਾਡੇ ਬਾਬਾ ਜੀ ਦਸਦੇ ਹੁੰਦੇ ਸੀ ਕਿ ਜਦੋਂ ਅਸੀਂ ਨੈਣਾਂ ਦੇਵੀ ਨੂੰ ਜਾਇਆ ਕਰਦੇ ਸੀ। ਉਹ ਸਾਰੇ ਜਿਹੜੇ ਲੋਕ ਸੀ ਪਿੰਡਾਂ ਦੇ ਜਾਂ ਤਾਂ ਸਰਵਰ ਨੂੰ ਮੰਨਦੇ ਸੀ ਜਾਂ ਦੇਵੀਆਂ ਨੂੰ ਮੰਨਦੇ ਸੀ। ਵਿਚਾਲੇ ਹੋਰ ਨਹੀਂ ਸੀ ਕਿਸੇ ਨੂੰ ਮੰਨਦੇ। ਜਦੋਂ ਜਾਂਦੇ ਹੋਏ ਜਦੋਂ ਅਨੰਦਪੁਰ ਸਾਹਿਬ ਕੋਲੋਂ ਲੰਘਣਾ, ਮੁੜਦੇ ਕਹਿਣਾ ਕਿ ਬਾਬਿਆਂ ਨੂੰ ਵੀ ਮੱਥਾ ਟੇਕ ਚੱਲੀਏ। ਪੰਜ ਪੀਰੀਏ ਲੋਕ ਸੀਗੇ, ਕਿਸੇ ਇਕ ਨੂੰ ਨਹੀਂ ਸੀ ਮੰਨਦੇ। ਸੋ ਐਸੇ ਟੁੱਟੇ ਹੋਏ ਨਿਹਚੇ ਉਨ੍ਹਾਂ ਨੂੰ ਨਾ ਪਰਮੇਸ਼ਰ ਦਾ ਗਿਆਨ, ਗਿਆਨ ਕੇਵਲ ਬ੍ਰਾਹਮਣਾਂ ਕੋਲ ਸੀਮਤ ਹੋ ਕੇ ਰਹਿ ਗਿਆ। ਖਤਰੀਆਂ ਕੋਲ ਲੜਾਈ ਝਗੜਾ ਰਹਿ ਗਿਆ, ਪੈਸਾ ਰਹਿ ਗਿਆ, ਸ਼ਕਤੀ ਰਹਿ ਗਈ। ਸੋ ਇਸ ਤਰ੍ਹਾਂ ਦੇ ਨਾਲ ਨਿਹਚੇ ਟੁੱਟੇ ਹੋਏ ਸੀ। ਗੁਰੂ ਮਹਾਰਾਜ ਨੇ ਇਸੇ ਟੁੱਟੇ ਵਰਗ ਨੂੰ ਜਿਸ ਵਕਤ ਏਕੰਕਾਰ ਦਾ ਸੰਦੇਸ਼ ਦਿਤਾ ਤੇ ਸਮਝਾਇਆ ਕਿ ਪਿਆਰਿਓ, ਸਾਰੀ ਸ੍ਰਿਸ਼ਟੀ ਦਾ ਮਾਲਕ ਇਕ ਹੈ। ਉਹਨੂੰ ਪਛਾਣੋ, ਹੋਰ ਨਾ ਕਿਸੇ ਨੂੰ ਮੰਨੋ। ਕੋਈ ਦੇਵੀ ਦੇਵਤਾ ਨਹੀਂ ਜਿਹਨੇ ਸੰਸਾਰ ਬਣਾਇਆ ਹੈ। ਕੋਈ ਬੈਲ ਨਹੀਂ ਹੈ ਜਿਹੜਾ ਇਹਦਾ ਬੋਝ ਚੁੱਕ ਕੇ ਰੱਖ ਦੇਵੇ। ਇਹ ਤਾਂ ਧਰਮ ਹੈ -

*ਧੌਲੁ ਧਰਮੁ ਦਇਆ ਕਾ ਪੂਤੁ॥*
*ਸੰਤੋਖੁ ਥਾਪਿ ਰਖਿਆ ਜਿਨਿ ਸੂਤਿ॥* *ਅੰਗ - 3*

ਨਾ ਡਰੋ ਇਨ੍ਹਾਂ ਚੀਜ਼ਾਂ ਤੋਂ, ਤੁਸੀਂ ਪ੍ਰਮੇਸ਼ਰ ਦਾ ਭਜਨ ਕਰੋ, ਕੋਈ ਜਾਤ ਪਾਤ ਨਹੀਂ ਹੈ, ਮਨੁੱਖ ਸਭ ਬਰਾਬਰ ਨੇ। ਕੋਈ ਵੀ ਹੀਣਾ ਨਹੀਂ ਹੈ ਸਾਰੇ ਹੀ ਪੰਜ ਤੱਤ ਤੋਂ ਬਣੇ ਹੋਏ ਨੇ। ਇਸ ਕਰਕੇ ਦਿਮਾਗ 'ਚੋਂ ਕੱਢ ਦਿਓ ਖਿਆਲ, ਬਈ ਅਸੀਂ ਨੀਵੇਂ ਹਾਂ, ਸੋਚ ਉਚੀ ਕਰ ਦਿਤੀ। ਸੋਝੀ ਦੇ ਦਿਤੀ, ਸੁਰਤ ਉਚੀ ਹੋ ਗਈ। ਨਾਲ ਮਹਾਰਾਜ ਨੇ ਦੱਸਿਆ ਹੈ ਕਿ ਗੁਰੂ ਨਾਨਕ ਪਾਤਸ਼ਾਹ ਤੋ ਗੁਰੂ ਨੌਵੇਂ ਪਾਤਸ਼ਾਹ ਤੱਕ ਕਿ ਬੰਦਾ ਮਰਿਆ ਨਹੀਂ ਕਰਦਾ ਕਦੇ ਵੀ। ਸਰੀਰ ਬਦਲਦਾ ਹੈ। ਜਿਵੇਂ ਇਕ ਕਪੜਾ ਉਤਾਰ ਦੇਈਏ, ਦੂਸਰਾ ਪਾ ਲਈਏ। ਉਹਦੇ ਨਾਲ ਪਾਉਣ ਵਾਲਾ ਤਾਂ ਨਹੀਂ ਨਾ ਮਰਦਾ ਹੈ, ਕਪੜਾ ਪਾਟਦਾ ਹੈ, ਕਪੜਾ ਮਰ ਗਿਆ। ਮੌਤ ਤਾਂ ਬੰਦਗੀ ਕਰਨ ਵਾਲਿਆਂ ਵਾਸਤੇ ਅਨੰਦ ਦਾ ਸੋਮਾ ਹੈ। ਅਨੰਦ ਪ੍ਰਾਪਤੀ ਦਾ ਇਕ ਰਸਤਾ ਹੈ।

*ਕਬੀਰ ਜਿਸੁ ਮਰਨੇ ਤੇ ਜਗੁ ਡਰੈ ਮੇਰੈ ਮਨਿ ਆਨੰਦੁ॥*
*ਮਰਨੇ ਹੀ ਤੇ ਪਾਈਐ ਪੂਰਨੁ ਪਰਮਾਨੰਦੁ॥*

*ਅੰਗ - 1365*

ਕਿਉਂਕਿ ਮਨੁੱਖ ਨੂੰ ਸਭ ਤੋਂ ਜ਼ਿਆਦਾ ਡਰ ਮੌਤ ਦਾ ਲਗਦਾ ਹੈ। ਜੇ ਮੌਤ ਹੀ ਫਤਹਿ ਕਰ ਲਈ ਜਾਵੇ ਫੇਰ ਡਰ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ। ਮਰਦਾ ਕੀ ਹੈ? ਹਉਮੈ ਮਰਿਆ ਕਰਦੀ ਹੈ।

*ਜਿਨਿ ਰਚਿ ਰਚਿਆ ਪੁਰਖਿ ਬਿਧਾਤੈ ਨਾਲੇ ਹਉਮੈ ਪਾਈ॥*
*ਜਨਮ ਮਰਣੁ ਉਸ ਹੀ ਕਉ ਹੈ ਰੇ ਓਹਾ ਆਵੈ ਜਾਈ॥*

*ਅੰਗ - 999*

ਸੋ ਗੁਰੂ ਦੀ ਬਾਣੀ ਨੇ ਜਦੋਂ ਸੁਚੇਤ ਕੀਤੇ, ਨਾਮ ਜਪਿਆ, ਬੰਦਗੀ ਕਰੀ, ਉਚੀਆਂ ਸੁਰਤਾਂ ਲਿਵ ਦੇ ਵਿਚ ਜਾ ਕੇ, ਉਸ ਵੇਲੇ ਗੁਰਸਿੱਖ ਜਿਹੜਾ ਸੀ ਉਹ ਅਮਰ ਹੋ ਗਿਆ। ਐਸੀ ਅਵਸਥਾ ਨੌਂ ਪਾਤਸ਼ਾਹੀਆਂ ਦੇ ਵਿਚ ਸਿੱਖ ਦੀ ਉਚਤਾ ਹੋਈ, ਸੋਝੀ ਆਈ ਤੇ ਪਤਾ ਲੱਗਿਆ ਕਿ ਇਥੇ ਕੋਈ ਜ਼ਾਤ ਪਾਤ ਨਹੀਂ ਇਹ ਫਜ਼ੂਲ ਚੀਜ਼ਾਂ ਨੇ ਸਾਰੀਆਂ। ਇਥੇ ਤਾਂ ਮਨੁੱਖ ਜਿਹੜਾ ਹੈ ਇਹ ਵੀ ਪ੍ਰਮੇਸ਼ਰ ਦਾ ਰੂਪ ਹੈ। ਇਥੇ ਤਾਂ ਪ੍ਰਮੇਸ਼ਰ ਆਪ ਹੀ ਆਪਣਾ ਖੇਲ੍ਹ ਕਰ ਰਿਹਾ ਹੈ।

*ਨਿਰੰਕਾਰੁ ਆਕਾਰੁ ਹੋਇ ਏਕੰਕਾਰੁ ਅਪਾਰੁ ਸਦਾਇਆ॥*

*ਭਾਈ ਗੁਰਦਾਸ ਜੀ ਦੀ ਵਾਰ 26/2*

ਨਿਰੰਕਾਰ ਨੇ ਜਦੋਂ ਆਕਾਰ ਧਾਰਿਆ ਉਸ ਵੇਲੇ ਉਸ ਦਾ ਨਾਮ ਏਕੰਕਾਰ ਹੋਇਆ। ਏਕੰਕਾਰ ਗੁਰੂ ਗ੍ਰੰਥ ਸਾਹਿਬ ਦਾ ਪਹਿਲਾ ਅੱਖਰ ਹੈ।

*ਏਕੰਕਾਰਹੁ ਸਬਦ ਧੁਨਿ ਓਅੰਕਾਰ ਅਕਾਰੁ ਬਣਾਇਆ॥*

*ਭਾਈ ਗੁਰਦਾਸ ਜੀ ਦੀ ਵਾਰ 26/2*

ਫੇਰ ਇਸ ਤੋਂ ਸ਼ਬਦ ਦੀ ਧੁਨ ਹੋਈ। ਸ਼ਬਦ ਦੀ ਧੁਨ ਤੋਂ ਸਾਰੇ ਹੀ ਆਕਾਰ ਬਣੇ। ਇਹ ਤਾਂ ਸਾਰੇ ਹੀ ਸ਼ਬਦ ਤੋਂ ਬਣੇ ਹੋਏ ਨੇ, ਜਿੰਨੇ ਆਪਾਂ ਦੇਖਦੇ ਹਾਂ ਜੀਵ ਜੰਤੂ ਸਾਰੇ ਹੀ ਇਕੋ ਹੀ ਹੈ। ਇਹ ਤਾਂ ਆਪ ਹੀ ਪ੍ਰਮੇਸ਼ਰ ਨੇ -

*ਆਪੀਨੈ ਆਪੁ ਸਾਜਿਓ॥ ਅੰਗ - 462*

ਆਪਣੇ ਆਪ ਤੋਂ ਆਪ ਹੀ ਪ੍ਰਮੇਸ਼ਰ ਨੇ ਪਸਾਰਾ ਕਰਕੇ ਆਪੇ ਹੀ ਆਪਣੀ ਖੇਲ੍ਹ ਖੇਲ੍ਹੀ ਹੈ। ਇਕੋ ਹੀ ਵਾਹਿਗੁਰੂ ਹੈ ਇਥੇ ਹੋਰ ਕੋਈ ਹੈ ਨਹੀਂ।

*ਸੋਧਤ ਸੋਧਤ ਸੋਧਤ ਸੀਝਿਆ॥*
*ਗੁਰ ਪ੍ਰਸਾਦਿ ਤਤੁ ਸਭੁ ਬੂਝਿਆ॥*
*ਜਬ ਦੇਖਉ ਤਬ ਸਭੁ ਕਿਛੁ ਮੂਲੁ॥*
*ਨਾਨਕ ਸੋ ਸੂਖਮੁ ਸੋਈ ਅਸਥੂਲੁ॥ ਅੰਗ - 281*

ਆਹ ਜਿੰਨਾਂ ਨਜ਼ਰ ਆਉਂਦਾ ਹੈ, ਇਹ ਵੀ ਪ੍ਰਮੇਸ਼ਰ ਹੈ। ਜਿਹੜਾ ਬਿਲਕੁਲ ਪ੍ਰਮੇਸ਼ਰ ਹੈ ਉਹ ਵੀ ਹੈ ਉਸੇ ਤੋਂ ਫੈਲਾਓ ਹੁੰਦਾ ਹੈ, ਫੈਲਾਓ ਤੋਂ ਸੂਖਸ਼ਮ ਹੋ ਜਾਂਦਾ ਹੈ। ਸੋ ਐਸੇ ਸੂਝਵਾਨ ਜਿਹੜੇ ਗੁਰਸਿੱਖ ਸੀ, ਉਹ ਗੁਰੂ ਦੇ ਨਾਲ ਬੇਅੰਤ ਪਿਆਰ ਕਰਦੇ ਸੀ, ਤਨ ਮਨ ਵਾਰਦੇ ਸੀ ਉਨ੍ਹਾਂ ਤੋਂ। ਕਿਉਂਕਿ ਪਿਆਰ ਦੀ ਜਿਹੜੀ ਖੇਡ ਹੈ ਉਹ ਗੱਲਾਂ-ਬਾਤਾਂ ਨਾਲ ਨਹੀਂ ਹੋਇਆ ਕਰਦੀ। ਜੇ ਕੋਈ ਗੱਲਾਂ ਨਾਲ ਕਹੇ ਕਿ ਮੈਂ ਤੁਹਾਨੂੰ ਪਿਆਰ ਕਰਦਾ ਹਾਂ, ਉਹ ਕੇਵਲ ਗੱਲਾਂ ਨੇ ਲੇਕਿਨ ਪਿਆਰ ਦਾ ਤਾਂ ਬਹੁਤ ਵੱਡਾ ਮੁੱਲ ਲਿਖਿਆ ਹੈ ਮਹਾਰਾਜ ਨੇ।

*ਜਉ ਤਉ ਪ੍ਰੇਮ ਖੇਲਣ ਕਾ ਚਾਉ॥*
*ਸਿਰੁ ਧਰਿ ਤਲੀ ਗਲੀ ਮੇਰੀ ਆਉ॥ ਅੰਗ - 1412*

ਦੋ ਤਰ੍ਹਾਂ ਦੇ ਨਾਲ ਸਰੀਰਕ ਰੂਪ ਦੇ ਅੰਦਰ ਵੀ ਤੇ ਨਾਲ, ਆਪਣਾ ਜੋ ਮਨੌਤ ਹੈ ਹਉਮੈ ਦੀ, ਉਹਦੇ ਵੀ, ਜੇ ਪਿਆਰ ਕਰਨਾ ਹੈ ਆਪਣਾ ਵਜੂਦ ਨਹੀਂ ਰਿਹਾ ਕਰਦਾ। ਉਹ ਬੰਦਾ ਦੂਸਰੇ ਵਾਸਤੇ ਜੀਉਂਦਾ ਹੈ। ਪਿਆਰ ਦੇ ਵਿਚ ਦੋ ਨਹੀਂ ਹੋਇਆ ਕਰਦੇ, ਇਕ ਹੋਇਆ ਕਰਦਾ ਹੈ। ਤਾਂ ਲੀਨਤਾ ਹੋਇਆ ਕਰਦੀ ਹੈ, ਜੇ ਦੋ ਹੋਣ ਫੇਰ ਲੀਨਤਾ ਹੀ ਨਹੀਂ ਹੋਇਆ ਕਰਦੀ। ਸੋ ਏਸ ਤਰ੍ਹਾਂ ਦੇ ਨਾਲ ਗੁਰਸਿੱਖੀ ਦੇ ਅੰਦਰ ਗੁਰੂ ਵਾਸਤੇ ਬੇਅੰਤ ਪਿਆਰ ਸੀ।

ਗੁਰੂ ਛੇਵੇਂ ਪਾਤਸ਼ਾਹ ਮਹਾਰਾਜ ਆਪ ਨੇ ਦੇਖਿਆ ਕਿ ਗੁਰੂ ਪੰਜਵੇਂ ਪਾਤਸ਼ਾਹ ਮਹਾਰਾਜ ਕਿਸੇ ਦਾ ਕੁਛ ਵਿਗਾੜਦੇ ਨਹੀਂ ਸੀ। ਨਾ ਕਿਸੇ ਰਾਜੇ ਦੇ ਖਿਲਾਫ ਕੁਛ ਕਹਿੰਦੇ ਸੀ, ਲੰਗਰ ਲੱਗੇ ਹੋਏ ਸੀ ਥਾਂ ਥਾਂ। ਜਦੋਂ ਲਾਹੌਰ ਦੇ ਅੰਦਰ ਬਿਮਾਰੀ ਪਈ ਉਸ ਵੇਲੇ ਐਨੇ ਮੁਰਦੇ ਹੋ ਗਏ ਕਿ ਕੋਈ ਦੱਬਣ ਵਾਲਾ ਨਾ ਰਿਹਾ, ਸਾੜਨ ਵਾਲਾ ਨਾ ਰਿਹਾ। ਉਸ ਵੇਲੇ ਮਹਾਰਾਜ ਜੀ ਨੇ ਗੁਰਸਿੱਖਾਂ ਨੂੰ ਕਿਹਾ ਕਿ ਪਿਆਰਿਓ! ਸੇਵਾ ਕਰੋ ਜਨਤਾ ਦੀ। ਆਪ ਮੂਹਰੇ ਲੱਗੇ ਤੇ ਪਿਛੇ ਸੰਗਤਾਂ ਲੱਗੀਆਂ। ਜਾ ਕੇ ਗਲੀਆਂ ਦੇ ਵਿਚੋਂ ਜੋ ਮਰੇ ਹੋਏ ਬੰਦਿਆਂ ਨਾਲ ਭਰੀਆਂ ਪਈਆਂ ਸੀ, ਪਲੇਗ ਦੀ ਬਿਮਾਰ ਸੀ ਆਪਣੀ ਸਿਹਤ ਦੀ ਪਰਵਾਹ ਨਾ ਕਰਦੇ ਹੋਏ, ਗੁਰਸਿੱਖਾਂ ਨੇ ਕਿਸੇ ਦਾ ਸਸਕਾਰ ਕਰਿਆ, ਕਿਸੇ ਨੂੰ ਕਬਰਾਂ ਪੁੱਟ-ਪੁੱਟ ਕੇ ਦੱਬਿਆ। ਕਿਸੇ ਦਾ ਬੁਰਾ ਤਾਂ ਨਹੀਂ ਨਾ ਕਰਦੇ।

ਜਿਸ ਵੇਲੇ ਪੰਜਾਬ ਦੇ ਅੰਦਰ ਕਾਲ ਪੈ ਗਿਆ, ਉਸ

ਵੇਲੇ ਅਕਬਰ ਨੇ ਆ ਕੇ, ਪੰਜਾਬ ਉਸ ਵੇਲੇ ਸ਼ੁਰੂ ਹੋ ਜਾਇਆ ਕਰਦਾ ਸੀ ਦਿੱਲੀ ਤੋਂ, ਪਿਸ਼ਾਵਰ ਤੋਂ ਉਪਰ ਲੰਘ ਜਾਇਆ ਕਰਦਾ ਸੀ, ਅਫਗਾਨਿਸਤਾਨ ਦੇ ਨਾਲ ਜਾ ਲਗਦਾ ਸੀ। ਉਸ ਵੇਲੇ ਸੇਵਾ ਕਰਨੀ ਚਾਹੀ ਕਿ ਦੱਸੋ ਆਪ ਮੈਂ ਸੇਵਾ ਕੀ ਕਰਾਂ। ਮਹਾਰਾਜ ਕਹਿੰਦੇ ਅਕਬਰ ਬਾਦਸ਼ਾਹ, ਜੇ ਸੇਵਾ ਕਰਨੀ ਹੈ ਤਾਂ ਇਕ ਤਾਂ ਅਨਾਜ ਭੇਜ ਦੇ ਪੰਜਾਬ ਵਾਸਤੇ, ਭੁੱਖਾ ਨਾ ਕੋਈ ਮਰੇ, ਦੂਸਰਾ ਇਹ ਹੈ ਕਿ ਇਨ੍ਹਾਂ ਤੋਂ ਕੋਈ ਮਾਮਲਾ ਨਾ ਲੈਣ। ਇਹ ਵੀ ਕੋਈ ਐਸੀ ਗੱਲ ਨਹੀਂ ਸੀ ਜਿਹਦੇ ਨਾਲ ਗੁਰੂ ਮਹਾਰਾਜ ਦੇ ਖਿਲਾਫ ਕੋਈ ਹੋ ਜਾਂਦਾ। ਖਿਲਾਫ ਗੱਲ ਕਿਹੜੀ ਸੀ, ਗੁਰੂ ਮਹਾਰਾਜ ਜਾਤ ਪਾਤ ਨੂੰ ਨਹੀਂ ਸੀ ਮੰਨਦੇ। ਉਹ ਤੀਰਥਾਂ ਨੂੰ ਮਹੱਤਤਾ ਨਹੀਂ ਸੀ ਦਿੰਦੇ। ਕਹਿੰਦੇ ਤੀਰਥਾਂ ਤੇ ਲੁੱਟ ਮਚੀ ਪਈ ਹੈ।

ਤੀਰਥ ਤਾਂ ਨਾਮ ਹੈ, ਸਭ ਤੋਂ ਵੱਡਾ ਜਿਹੜਾ ਤੀਰਥ ਹੈ ਜਿਸ ਥਾਂ ਦੇ ਉਤੇ ਸਤਿਸੰਗ ਹੋ ਰਿਹਾ ਹੋਵੇ, ਉਸ ਤੋਂ ਵੱਡਾ ਤੀਰਥ ਦੁਨੀਆਂ ਤੇ ਕੋਈ ਹੁੰਦਾ ਹੀ ਨਹੀਂ।

*ਹਰਿ ਕੀ ਕਥਾ ਹੋਤ ਹੈ ਜਹਾਂ*
*ਗੰਗਾ ਭੀ ਚਲ ਆਵਤ ਤਹਾਂ।*

ਜਿਥੇ ਹਰੀ ਦੀ ਕਥਾ ਹੁੰਦੀ ਹੈ, ਗੰਗਾ ਕੀ ਸਾਰੇ ਅਠਾਹਠ ਤੀਰਥਾਂ ਦੇ ਦੇਵਤੇ ਉਥੇ ਆ ਕੇ ਆਪਣਾ-ਆਪਣਾ ਖੋਲ੍ਹ ਕੇ ਬਹਿ ਜਾਂਦੇ ਨੇ, ਜਿਵੇਂ ਦੁਕਾਨਾਂ ਖੋਲ੍ਹਦੇ ਨੇ। ਨਾਲੇ ਕਹਿੰਦੇ ਨੇ ਕਿ ਜੇ ਕਿਸੇ ਨੇ ਮੰਗ ਮੰਗੀ ਤਾਂ ਮੈਂ ਛੇਤੀ ਹੀ ਦੇ ਦੇਵਾਂਗਾ। ਕਿਉਂਕਿ ਇਸ ਤੋਂ ਵੱਡਾ ਤੀਰਥ ਨਹੀਂ ਕੋਈ ਹੋਇਆ ਕਰਦਾ। ਸਤਿਸੰਗ ਦੀ ਤਾਂ ਤੀਰਥ ਧੂੜ ਲੋਚਦੇ ਨੇ ਕਿ ਜੇ ਸਤਿਸੰਗ ਦੀ ਧੂੜ ਹਨ੍ਹੇਰੀ ਨਾਲ ਉਡ ਕੇ ਸਾਡੇ ਉਤੇ ਪੈ ਜਾਵੇ ਨਾ, ਤਾਂ ਵੀ ਸਾਡੇ ਪਾਪ ਲਹਿ ਜਾਂਦੇ ਨੇ। ਜਿਹੜੇ ਸਤਿਸੰਗ ਕਰਦੇ ਨੇ ਮਹਾਤਮਾ ਉਨ੍ਹਾਂ ਦੇ ਬਾਰੇ ਬੇਨਤੀਆਂ ਕਰਦੇ ਨੇ ਕਿ ਹੇ ਪ੍ਰਭੂ! ਕਿਸੇ ਆਪਣੇ ਪਿਆਰੇ ਦੀ ਧੂੜ ਦੇਹ। ਸਾਡੇ ਵਿਚ ਬਹੁਤ ਜ਼ਿਆਦਾ ਪਾਪ ਭਰ ਗਏ। ਕ੍ਰਿਪਾ ਕਰ।

*ਗੰਗਾ ਜਮੁਨਾ ਗੋਦਾਵਰੀ ਸਰਸੁਤੀ*
*ਤੇ ਕਰਹਿ ਉਦਮੁ ਧੂਰਿ ਸਾਧੂ ਕੀ ਤਾਈ॥*
*ਕਿਲਵਿਖ ਮੈਲੁ ਭਰੇ ਪਰੇ ਹਮਰੈ ਵਿਚਿ*
*ਹਮਰੀ ਮੈਲੁ ਸਾਧੂ ਕੀ ਧੂਰਿ ਗਵਾਈ॥ ਅੰਗ - 1263*

ਇਹ ਗੱਲਾਂ ਲੁੱਟ-ਕਸੁੱਟ ਜਦੋਂ ਚਲ ਰਹੀ ਸੀ ਜਦੋਂ ਗੁਰੂ ਮਹਾਰਾਜ ਨੇ ਪ੍ਰਕਾਸ਼ ਕਰ ਦਿਤਾ। ਅੰਦਰ ਚਾਨਣਾ ਹੋ ਗਿਆ ਸਾਰਿਆਂ ਦੇ, ਉਹ ਬੰਦ ਹੋ ਗਈ। ਕਬਰਾਂ ਤੇ ਕੋਈ ਨਾ ਜਾਵੇ, ਤੀਰਥਾਂ ਤੇ ਜਾਣ ਤੋਂ ਘਟ ਗਏ, ਸਤਿਸੰਗ 'ਚ ਬਹੁਤੇ ਆਉਣ ਲਗ ਗਏ। ਜਿਹੜਾ ਐਵੇਂ ਹੀ ਸਾੜ੍ਹਸਤੀਆਂ ਚੜ੍ਹੀਆਂ ਰਹਿੰਦੀਆਂ ਸੀ ਉਹ ਗੁਰਸਿੱਖਾਂ ਨੇ ਕਿਹਾ ਇਹ ਤਾਂ ਸ਼ਗਨ ਅਪਸ਼ਗਨ ਉਸ ਨੂੰ ਲਗਦੇ ਨੇ ਜਿਹੜਾ ਨਾਮ ਤੋਂ ਭੁੱਲਿਆ ਹੋਇਆ ਹੈ। ਜਿਹੜਾ ਨਾਮ ਜਪਦਾ ਹੈ ਉਹਦੇ ਤਾਂ ਕਰੋੜਾਂ ਬਦਸ਼ਗਨ ਜਿਹੜੇ ਨੇ ਉਹ ਕੁਛ ਕਰ ਨਹੀਂ ਸਕਦੇ, ਵਿਗਾੜ ਨਹੀਂ ਸਕਦੇ।

*ਪ੍ਰਭ ਸਿਮਰਤ ਕਛੁ ਬਿਘਨੁ ਨ ਲਾਗੈ॥ ਅੰਗ - 262*

ਵਿਘਨ ਲਗਦੇ ਹੀ ਓਸ ਨੂੰ ਨੇ -

*ਕੋਟਿ ਬਿਘਨ ਤਿਸੁ ਲਾਗਤੇ ਜਿਸ ਨੋ ਵਿਸਰੈ ਨਾਉ॥*
*ਅੰਗ - 522*

ਤੀਰਥਾਂ ਤੇ ਜਾਣ ਤੋਂ ਹਟ ਗਏ ਕਿ ਨਾਮ ਨਾਲੋਂ ਤਾਂ ਵੱਡਾ ਕੋਈ ਤੀਰਥ ਨਹੀਂ। ਸਤਿਸੰਗ ਜਿਹੜਾ ਐਡਾ ਵੱਡਾ ਤੀਰਥ ਹੈ ਵਾਹਿਗੁਰੂ ਵੀ ਉਹਦੇ ਵਿਚ ਆ ਕੇ ਬੈਠ ਜਾਂਦਾ ਹੈ। ਸਾਰੇ ਅਠਾਹਠ ਤੀਰਥਾਂ ਦੇ ਦੇਵਤੇ ਬੈਠ ਜਾਂਦੇ ਨੇ।

ਸੋ ਇਨ੍ਹਾਂ ਆਦਰਸ਼ਾਂ ਕਰਕੇ ਇਹ ਲੋਕ ਜਿਹੜੇ ਕੱਟੜ ਸੀ, ਜਿਨ੍ਹਾਂ ਦੀ ਰੋਜ਼ੀ ਬੰਦ ਹੁੰਦੀ ਸੀ, ਉਹ ਖਿਲਾਫ ਹੋ ਗਏ। ਖਿਲਾਫ ਹੋਏ ਤਾਂ ਬਾਦਸ਼ਾਹ ਨੂੰ ਚੁੱਕਿਆ, ਬਾਦਸ਼ਾਹ ਪਹਿਲਾਂ ਹੀ ਇਹ ਚਾਹੁੰਦਾ ਸੀ ਜਹਾਂਗੀਰ ਤੇ ਮਹਾਰਾਜ ਨੂੰ ਸ਼ਹੀਦ ਕਰ ਦਿਤਾ, ਬਹੁਤ ਤਸੀਹੇ ਦੇ ਕੇ। ਗੁਰੂ ਛੇਵੇਂ ਪਾਤਸ਼ਾਹ ਮਹਾਰਾਜ ਜੀ ਨੇ ਉਸ ਵੇਲੇ ਬਾਬਾ ਬੁੱਢਾ ਜੀ ਨੂੰ ਕਿਹਾ ਕਿ ਬਾਬਾ ਜੀ ਹੁਣ ਸ਼ਾਂਤਮਈ ਦੀ ਹੱਦ ਹੋ ਗਈ, ਹੁਣ ਸ਼ਸਤਰ ਚੁੱਕਣੇ ਪੈਣੇ ਨੇ।

ਹਥਿਆਰ ਉਸ ਵੇਲੇ ਬੰਦਾ ਚੁੱਕਦਾ ਹੈ ਜਦੋਂ ਉਹਨੂੰ ਪਤਾ ਲਗ ਜਾਵੇ ਕਿ ਹੁਣ ਨਹੀਂ ਬਚ ਸਕਦੇ। ਕੌਮ ਉਸ ਵੇਲੇ ਹਥਿਆਰ ਚੁੱਕਦੀ ਹੈ ਜਦੋਂ ਪਤਾ ਲਗ ਜਾਵੇ ਕਿ ਹੁਣ ਸਾਡੇ ਬਚਣ ਦਾ ਕੋਈ ਸਾਧਨ ਹੀ ਨਹੀਂ ਹੈ। ਲੇਕਿਨ ਉਹਦੇ ਵਾਸਤੇ ਤਿਆਰ ਹੋਵੇ ਤਾਂ ਸ਼ਸਤਰ ਕੰਮ ਦਿੰਦਾ ਹੈ, ਨਹੀਂ ਤਾਂ ਸ਼ਸਤਰ ਕੰਮ ਹੀ ਨਹੀਂ ਦਿੰਦਾ। ਜਿਹੜਾ ਸ਼ਸਤਰ ਦੂਸਰੇ ਨੂੰ ਡਰਾਉਣ ਵਾਸਤੇ ਚੁੱਕਣਾ ਹੈ, ਮਹਾਰਾਜ ਕਹਿੰਦੇ ਨਹੀਂ ਪਿਆਰਿਓ! ਬਿਲਕੁਲ ਗਲਤ ਹੈ। ਨਾ ਡਰ ਮੰਨਣਾ ਹੈ, ਨਾ ਕਿਸੇ ਨੂੰ ਦੇਣਾ ਹੈ ਤੇ ਹਿਰਦੇ ਤੋਂ ਕਹਿਣਾ ਹੈ ਸ਼ਸਤਰਧਾਰੀ ਹੋ ਕੇ ਵੀ -

*ਨਾਨਕ ਨਾਮ ਚੜ੍ਹਦੀ ਕਲਾ ਤੇਰੇ ਭਾਣੇ ਸਰਬੱਤ ਕਾ ਭਲਾ॥*

ਡਰਾਉਣਾ ਨਹੀਂ ਹੈ ਕਿਸੇ ਨੂੰ, ਜੇ ਵਾਹਿਗੁਰੂ ਨੇ ਤਾਕਤ ਦੇ ਦਿਤੀ ਤਾਂ ਉਹਦੇ ਭਲੇ ਵਾਸਤੇ ਵਰਤੋ। ਉਨ੍ਹਾਂ ਨੂੰ ਬਚਾਓ ਮਾੜੇ ਬੰਦਿਆਂ ਤੋਂ। ਜੇ ਤੁਹਾਡੇ ਵਿਚ ਜ਼ੋਰ ਹੈ, ਰਾਜਸੀ ਜ਼ੋਰ ਹੈ, ਪੈਸੇ ਦਾ ਜ਼ੋਰ ਹੈ, ਬੁੱਧੀ ਦਾ ਜ਼ੋਰ ਹੈ, ਸਰੀਰ ਦਾ ਜ਼ੋਰ ਹੈ ਤਾਂ ਇਹਨੂੰ ਗਰੀਬਾਂ ਤੇ ਨਾ ਵਰਤੋ। ਜਿਹੜੇ ਗਰੀਬਾਂ ਨੂੰ ਤੰਗ ਕਰਦੇ ਨੇ ਉਨ੍ਹਾਂ ਨਾਲ ਗੱਲ ਕਰੋ, ਕਿਉਂਕਿ ਉਨ੍ਹਾਂ ਨੂੰ ਸਮਝਾਉਣ ਦੀ ਲੋੜ ਹੈ। ਸਿੱਖ ਦਾ ਤਾਂ ਆਦਰਸ਼ ਹੀ ਬੜਾ ਉਚਾ ਹੈ।

ਸੋ ਇਸ ਤਰ੍ਹਾਂ ਦੇ ਨਾਲ ਗੁਰੂ ਛੇਵੇਂ ਪਾਤਸ਼ਾਹ ਮਹਾਰਾਜ ਨੇ ਸ਼ਸਤਰ ਚੁੱਕੇ, ਟਰੇਨਿੰਗ ਦਿਤੀ ਹੈ, ਹੱਲਾ ਨਹੀਂ ਕਿਸੇ ਤੇ ਵੀ ਕਰਿਆ। ਗੁਰੂ ਮਹਾਰਾਜ ਨੇ ਅੱਠ ਅਸੂਲ ਕਾਇਮ ਕਰੇ ਸੀਗੇ, ਇਹ ਵੀ ਧਿਆਨ ਨਾਲ ਸੁਣ ਲਓ।

ਮਹਾਰਾਜ ਨੇ ਕਿਹਾ ਕਿ ਜੇ ਤੇਜ ਵਧਾਉਣਾ ਹੈ ਪਹਿਲਾਂ ਤਾਂ ਇਹ ਹੈ ਕਿ ਐਵੇਂ ਜਣੇ ਖਣੇ ਨੂੰ ਨਹੀਂ

ਮਾਰਨਾ। ਯੁੱਧ ਦੇ ਅੰਦਰ ਜਿਸ ਵਕਤ ਸਾਮ੍ਹਣੇ ਆਉਂਦਾ ਹੈ ਪਹਿਲਾਂ ਟਾਲੋ ਜਿੰਨਾਂ ਟਾਲ ਸਕਦੇ ਹੋਂ, ਲੜਾਈ ਕੋਈ ਚੰਗੀ ਚੀਜ਼ ਨਹੀਂ ਹੁੰਦੀ। ਫੇਰ ਜੇ ਗਲ ਪੈ ਗਈ ਲੜਾਈ ਤਾਂ ਸੂਰਮਿਆਂ ਵਾਂਗਣ ਲੜੋ। ਹਥਿਆਰ ਟੁੱਟ ਗਿਆ ਤਾਂ ਉਹਦੇ ਤੇ ਵਾਰ ਨਾ ਕਰੋ। ਪਹਿਲੀ ਗੱਲ ਸਾਨੂੰ ਇਹ ਦੱਸੀ। ਇਕ ਘਾਤ ਲਾ ਕੇ ਹੱਲਾ ਨਾ ਕਰੋ। ਦੱਸ ਦਿਓ ਪਹਿਲਾਂ ਕਿ ਹੁਣ ਅਸੀਂ ਸਾਰੇ ਹਥਿਆਰ ਵਰਤਾਂਗੇ। ਆਪ ਸਾਵਧਾਨ ਰਿਹੋ ਤੁਸੀਂ। ਸੁੱਤੇ ਪਏ ਨੂੰ ਨਾ ਮਾਰੋ ਤੀਸਰਾ ਇਹ ਸੀ। ਚੌਥਾ ਇਹ ਸੀ ਕਿ ਬਿਰਧ ਦੇ ਉਤੇ ਹੱਲਾ ਨਾ ਕਰੋ, ਇਸਤ੍ਰੀ ਦੇ ਉਤੇ ਕਿਸੇ ਤਰ੍ਹਾਂ ਦੇ ਨਾਲ ਵੀ ਹੱਥ ਨਾ ਉਠਾਓ। ਪੰਜਵਾਂ ਸੀ ਬੱਚੇ ਦੇ ਉਤੇ ਬਿਲਕੁਲ ਵੀ ਸ਼ਸਤਰ ਨਹੀਂ ਚਲਾਉਣਾ। ਛੇਵਾਂ ਸੀ ਜਿਹੜਾ ਬੀਮਾਰ ਹੋ ਗਿਆ ਤੁਹਾਡਾ ਦੁਸ਼ਮਣ ਉਹਦੇ ਉਤੇ ਹੱਲਾ ਨਾ ਕਰੋ, ਤਕੜਾ ਹੋ ਲੈਣ ਦਿਓ ਓਹਨੂੰ। ਸੱਤਵਾਂ ਸੀ ਜਿਹੜਾ ਸ਼ਰਨ ਆ ਗਿਆ, ਉਹਦੇ ਉਤੇ ਹੱਲਾ ਨਾ ਕਰੋ। ਉਹਨੂੰ ਸ਼ਰਨ ਦੇਵੋ, ਉਹਨੂੰ ਇਹ ਨਹੀਂ ਕਿ ਕੋਲ ਆ ਗਿਆ ਤੇ ਗਲ ਵੱਢ ਦਿਓ। ਬੜੇ ਅਸੂਲ ਮਹਾਰਾਜ ਨੇ ਯੁੱਧ ਦੇ ਅੰਦਰ ਦੱਸੇ ਸੀ ਕਿ ਜੇ ਕੋਈ ਇਹਦੀ ਵਿਰੋਧਤਾ ਕਰਦਾ ਹੈ ਉਹਦਾ ਤੇਜ ਹਾਰ ਜਾਏਗਾ। ਸੋ ਉਹ ਕੋਈ ਲੜਾਈ ਨਹੀਂ ਸੀ, ਡੀਫੈਂਸ ਸੀ, ਸ੍ਵੈ-ਰੱਖਿਆ ਸੀ ਆਪਣੀ, ਕਿਸੇ ਦੇ ਉਤੇ ਕੋਈ ਹੱਲਾ ਨਹੀਂ ਕਰਿਆ, ਕਿਸੇ ਦਾ ਕੋਈ ਮਕਾਨ ਨਹੀਂ ਰੋਕਿਆ, ਕਿਸੇ ਦੀ ਜ਼ਮੀਨ ਨਹੀਂ ਰੋਕੀ, ਇਥੇ ਤੱਕ ਸ਼ਾਂਤੀ ਸੀ ਕਿ ਗੁਰੂ ਮਹਾਰਾਜ ਨੇ ਜਿਸ ਵਕਤ ਕਰਤਾਰਪੁਰ ਦੀ ਨੀਂਹ ਰੱਖੀ ਤਾਂ ਉਥੇ ਕਰਮਚੰਦ ਨਾਮ ਦਾ ਇਕ ਪ੍ਰੇਮੀ ਆ ਗਿਆ ਜੋ ਚੰਦੂ ਦਾ ਕੋਈ ਰਿਸ਼ਤੇਦਾਰ ਸੀ। ਉਹਨੇ ਗੁਰੂ ਮਹਾਰਾਜ ਨੂੰ ਕੋਈ ਸੌ ਗਾਲ ਕੱਢੀ ਸਾਰੀ ਸੰਗਤ ਦੇ ਸਾਮ੍ਹਣੇ। ਭਾਈ ਵਿਧੀ ਚੰਦ ਵਰਗੇ ਸੀ, ਡੌਲੇ ਫਰਕਣ ਉਨ੍ਹਾਂ ਦੇ। ਟਿਕਿਆ ਨਾ ਜਾਵੇ, ਮਹਾਰਾਜ ਹੱਥ ਕਰ ਦੇਣ ਕਿ ਬੈਠੋ, ਬੈਠੋ। ਨਾਲੇ ਸਮਝਾਉਣ ਕਿ ਕਿਉਂ ਐਹੋ ਜਿਹੀਆਂ ਗੱਲਾਂ ਕਰਦਾ ਹੈਂ। ਅਖੀਰ ਜਦੋਂ ਹਟਿਆ ਹੀ ਨਾ ਤਾਂ ਮਹਾਰਾਜ ਨੇ ਕਿਹਾ ਕਿ ਤੇਰੇ ਨਾਲ ਤਾਂ ਗੱਲ ਕਰਨੀ ਹੀ ਗਲਤ ਹੈ। ਤੂੰ ਤਾਂ ਕਿਸੇ ਦੀ ਗੱਲ ਸੁਣਦਾ ਹੀ ਨਹੀਂ। ਬਾਹਰ ਚਲਿਆ ਗਿਆ ਸਿੰਘਾਂ 'ਚ, ਉਥੇ ਜਾ ਕੇ ਲੱਗ ਗਿਆ ਕਹਿਣ ਕਿ ਗੁਰੂ ਬੋਲ ਸਕਿਆ ਮੇਰੇ ਬਰਾਬਰ? ਉਹ ਭਾਈ ਬਿਧੀ ਚੰਦ ਨੇ ਮੋਢੇ ਤੇ ਚੁੱਕਿਆ, ਚੁੱਕ ਬਿਆਸਾ 'ਚ ਸੁੱਟ ਦਿਤਾ।

ਸੋ ਮਹਾਰਾਜ ਕਹਿੰਦੇ ਜਦੋਂ ਕੋਈ ਹੀਲਾ ਬਹਾਨਾ ਨਾ ਬਚੇ, ਫੇਰ ਤਾਂ ਸ਼ਸਤਰ ਚੁੱਕ ਲਈਦਾ ਹੈ, ਇਹ ਨਹੀਂ ਕਿ ਐਵੇਂ ਡਰਾਈ ਜਾਓ ਸ਼ਸਤਰਾਂ ਨਾਲ।

ਸਤਵੇਂ ਪਾਤਸ਼ਾਹ ਮਹਾਰਾਜ ਜੀ, ਅੱਠਵੇਂ ਪਾਤਸ਼ਾਹ ਜੀ ਤੋਂ ਬਾਅਦ ਨੌਵੇਂ ਪਾਤਸ਼ਾਹ ਮਹਾਰਾਜ ਨੇ ਫੇਰ ਬਲੀਦਾਨ ਦਿਤਾ। ਉਸ ਵੇਲੇ ਗੁਰੂ ਦਸਵੇਂ ਪਾਤਸ਼ਾਹ ਮਹਾਰਾਜ ਨੇ ਚੰਗਿਆਈ ਦੀ ਰਾਖੀ ਕਰਨ ਵਾਸਤੇ, ਸੰਤਾਂ ਦੀ ਰਾਖੀ ਕਰਨ ਵਾਸਤੇ, ਸੰਤਾਂ ਦੇ ਅੰਦਰ ਸਿਪਾਹੀਅਤ ਲਿਆਂਦੀ। ਕਈ ਪ੍ਰੇਮੀ ਕਹਿੰਦੇ ਨੇ ਸੰਤਾਂ ਦੀ ਰਾਖੀ ਵਾਸਤੇ ਖਾਲਸਾ ਬਣਾਇਆ। ਖਾਲਸਾ ਤਾਂ ਹੁੰਦਾ ਹੀ ਸੰਤ ਹੈ। ਖਾਲਸਾ ਕੋਈ ਹੋਰ ਨਹੀਂ ਹੁੰਦਾ, ਖਾਲਸਾ ਕੋਈ ਆਮ ਬੰਦਾ ਤਾਂ ਹੁੰਦਾ ਹੀ ਨਹੀਂ। ਉਹ ਤਾਂ ਸੰਤ ਨੂੰ ਸਿਪਾਹੀ ਬਣਾਇਆ ਹੈ। ਸਿਪਾਹੀ ਸੰਤਾਂ ਦੀ ਰਾਖੀ ਵਾਸਤੇ ਨਹੀਂ ਬਣਾਏ ਹੈਗੇ। ਸੰਤਾਂ ਦੀ ਰਾਖੀ ਕੌਣ ਕਰੇ, ਸੰਤਾਂ ਦਾ ਰਾਖਾ ਤਾਂ ਵਾਹਿਗੁਰੂ ਹੁੰਦਾ ਹੈ। ਵਾਹਿਗੁਰੂ ਜਿਹਦੇ ਵਲ ਹੋਵੇ ਉਹਦੇ ਕਦੇ ਹਾਰ ਨਹੀਂ ਹੋਇਆ ਕਰਦੀ। ਸੋ ਉਸ ਵੇਲੇ ਗੁਰੂ ਮਹਾਰਾਜ ਨੇ ਬਦਲ ਦਿਤਾ ਸਭ ਕੁਝ। ਪਹਿਲਾਂ ਚਰਨਮ੍ਰਿਤ ਦੇ ਨਾਲ ਨਾਮਦਿੰਦੇ ਸੀ। ਮਹਾਰਾਜ ਨੇ ਕਿਹਾ ਕਿ ਹੁਣ ਚਰਣਾਮ੍ਰਿਤ ਦੇ ਨਾਲ ਨਹੀਂ ਨਾਮ ਦੇਣਾ। ਹੁਣ ਖੰਡੇ ਦੇ ਨਾਲ ਨਾਮ ਦੇਣਾ ਹੈ। ਲੇਕਿਨ ਤੇਜ ਕਰਾਰਾ ਹੈ। ਐਵੇਂ ਪਤਲੀ ਜਿਹੀ ਨਹੀਂ ਗੱਲ ਕਰਨੀ। ਖਾਲਸੇ ਦੀ ਰਚਨਾ ਸਹਿਜੇ ਹੋਏਗੀ। ਉਸ ਵੇਲੇ ਗੁਰੂ ਮਹਾਰਾਜ ਜੀ ਨੇ ਐਸਾ ਹੁਕਮ ਦਿਤਾ ਕਿ ਏਸ ਵਿਸਾਖੀ ਦੇ ਉਤੇ ਸਾਰੀ ਸੰਗਤ ਆਵੇ। ਪਹਿਲਾਂ ਆਪ ਤਪ ਕਰਦੇ ਰਹੇ ਨੌਂ ਮਹੀਨੇ। ਜਿਸ ਵਕਤ ਹੁਕਮ ਗਿਆ ਸਾਰੇ ਹਿੰਦੁਸਤਾਨ ਭਰ 'ਚ, ਉਸ ਵੇਲੇ ਬੰਗਾਲ ਤੋਂ ਵੀ, ਲੰਕਾ ਤੋਂ, ਉੜੀਸਾ ਤੋਂ, ਹਰ ਥਾਵਾਂ ਤੋਂ ਵਹੀਰਾਂ ਚੱਲ ਪਈਆਂ ਤੇ ਜਿਉਂ-ਜਿਉਂ ਵਿਸਾਖੀ ਨੇੜੇ ਆਉਂਦੀ ਗਈ, ਸੰਗਤਾਂ ਦਾ ਇਕੱਠ ਹੁੰਦਾ ਗਿਆ।

ਅੱਜ 30 ਮਾਰਚ 1999 ਨੂੰ ਗੁਰੂ ਮਹਾਰਾਜ ਨੇ ਪ੍ਰਬੰਧ ਕਰਿਆ। ਕੇਸਗੜ੍ਹ ਸਾਹਿਬ ਦੀ ਉਚੀ ਢੇਰੀ ਹੈ, ਉਚਾ ਥਾਉਂ, ਉਹ ਸਾਰੀ ਦੇ ਉਤੇ ਬੰਦੋਬਸਤ ਕਰਿਆ ਕਿ ਇਥੇ ਸੰਗਤ ਬੈਠ ਜਾਏ। ਇਤਿਹਾਸ ਸਾਰੇ ਲਿਖਦੇ ਨੇ, ਕਈ ਤਾਂ ਲਿਖਦੇ ਨੇ ਕਿ 80 ਹਜ਼ਾਰ ਸਿੱਖ ਆ ਗਏ ਸੀ ਉਥੇ। ਕਈ ਇਹ ਲਿਖਦੇ ਨੇ ਕਿ ਉਥੇ ਥੋੜ੍ਹੇ ਸੀ। ਸੀ ਬਹੁਤ ਜ਼ਿਆਦਾ। ਉਸ ਵੇਲੇ ਸਾਰੇ ਇੰਤਜ਼ਾਰ ਕਰ ਰਹੇ ਨੇ ਕਿ ਗੁਰੂ ਸਾਹਿਬ ਅੱਜ ਕੀ ਦੱਸਣਗੇ ਕਿਉਂਕਿ ਇਹ ਗੱਲ ਹੋ ਗਈ ਸੀ ਕਿ ਗੁਰੂ ਸਾਹਿਬ ਨੇ ਅੱਜ ਕੋਈ ਨਵਾਂ ਪਰੋਗਰਾਮ ਦੇਣਾ ਹੈ। ਕੋਈ ਐਸੀ ਬੁਨਿਆਦੀ ਤਬਦੀਲੀ ਲਿਆਉਣੀ ਹੈ ਸਿੱਖੀ ਦੇ ਅੰਦਰ। ਜੋ ਸਾਰੀ ਦੁਨੀਆਂ ਨੂੰ ਹੈਰਾਨ ਕਰ ਦੇਵੇਗੀ। ਉਸੇ ਵੇਲੇ ਆਪ ਜਾ ਕੇ ਤਖਤ ਤੇ ਬੈਠ ਜਾਂਦੇ ਨੇ, ਰਾਗੀ ਸਿੰਘ ਜਿਹੜੇ ਨੇ ਕੀਰਤਨ ਕਰਦੇ ਨੇ, ਸੰਗਤਾਂ ਆਉਂਦੀਆਂ ਨੇ ਨਮਸ਼ਕਾਰ ਕਰ-ਕਰ ਕੇ ਬੈਠਦੀਆਂ ਜਾਂਦੀਆਂ ਨੇ। ਅਚਾਨਕ ਗੁਰੂ ਮਹਾਰਾਜ ਆਪਣੇ ਸਿੰਘਾਸਨ ਦੇ ਉਤੇ ਖੜ੍ਹੇ ਹੋ ਜਾਂਦੇ ਨੇ। ਸ੍ਰੀ ਸਾਹਿਬ ਕੱਢ ਲੈਂਦੇ ਨੇ ਹੱਥ ਵਿਚ ਲੈ ਲੈਂਦੇ ਨੇ। ਨੰਗੀ ਸ੍ਰੀ ਸਾਹਿਬ ਹਵਾ ਵਿਚ ਘੁੰਮਾਉਂਦੇ ਨੇ ਤੇ ਨਾਲ ਉਚੀ ਆਵਾਜ਼ ਨਾਲ ਕਹਿੰਦੇ ਨੇ ਕਿ ਪਿਆਰਿਓ! ਆਜ਼ਾਦੀ ਦੇ ਹਵਨ ਵਾਸਤੇ ਸਾਨੂੰ ਘਿਉ ਦੀ ਲੋੜ ਨਹੀਂ ਹੈ, ਧੂਫ ਦੀ ਲੋੜ ਨਹੀਂ ਹੈ, ਉਹਦੇ ਵਿਚ ਅਸੀਂ ਆਪਣੇ ਕਿਸੇ ਪਿਆਰੇ ਸਿੱਖ ਦਾ ਸੀਸ ਦਾ ਬਲੀਦਾਨ ਦੇਣਾ ਚਾਹੁੰਦੇ ਹਾਂ। ਉਹਦੇ ਖੂਨ ਪਾਉਣਾ ਚਾਹੁੰਦੇ ਹਾਂ ਉਸ ਯੱਗ ਦੇ ਅੰਦਰ। ਏਸ ਕਰਕੇ ਉਠੋ ਕੋਈ ਪਿਆਰਾ ਸਿੱਖ ਜਿਹੜਾ ਆਪਣਾ ਬਲੀਦਾਨ ਦੇਵੇ।

ਇਤਿਹਾਸਾਂ ਵਿਚ ਆਉਂਦਾ ਹੈ ਕਿ ਗੁਰੂ ਮਹਾਰਾਜ ਨੇ ਇਕ ਵਾਰੀ ਕਿਹਾ ਚਾਰੇ ਪਾਸੇ ਦੇਖਿਆ, ਸਨਾਟਾ ਛਾ ਗਿਆ ਤੇ ਕੋਈ ਨਾ ਉਠੇ। ਸੁਣਦੇ ਆਉਂਦੇ ਹਾਂ ਆਪਾਂ ਪਹਿਲਾਂ ਤੋਂ। ਲੇਕਿਨ ਇਹ ਗੱਲ ਬਿਲਕੁਲ ਗਲਤ ਹੈ ਸਾਧਸੰਗਤ ਜੀ! ਸਿੱਖੀ ਐਨੀ ਉਚੀ ਹੋ ਚੁੱਕੀ ਸੀ ਕਿ ਸਿੱਖ ਨੂੰ ਪਤਾ ਲਗ ਚੁਕਿਆ ਸੀ ਕਿ ਮੌਤ ਦੇ ਨਾਲ ਮੌਤ ਨਹੀਂ ਹੋਇਆ ਕਰਦੀ। ਮੌਤ ਤੋਂ ਬਾਅਦ ਸਦਾ ਦਾ ਜੀਵਨ ਪ੍ਰਾਪਤ ਹੋਇਆ ਕਰਦਾ ਹੈ। ਦੂਸਰਾ ਇਹ ਸੀ ਕਿ ਉਹ ਜੀਉਂਦੇ ਜੀਉਂਦੇ ਜੀਵਨ ਮੁਕਤ ਹੋ ਗਏ ਸੀ।

*ਪ੍ਰਭ ਕੀ ਆਗਿਆ ਆਤਮ ਹਿਤਾਵੈ॥*
*ਜੀਵਨ ਮੁਕਤਿ ਸੋਊ ਕਹਾਵੈ॥*
*ਤੈਸਾ ਹਰਖੁ ਤੈਸਾ ਉਸੁ ਸੋਗੁ॥*
*ਸਦਾ ਅਨੰਦੁ ਤਹ ਨਹੀ ਬਿਓਗੁ॥*
*ਤੈਸਾ ਸੁਵਰਨੁ ਤੈਸੀ ਉਸੁ ਮਾਟੀ॥*
*ਤੈਸਾ ਅੰਮ੍ਰਿਤੁ ਤੈਸੀ ਬਿਖੁ ਖਾਟੀ॥*
*ਤੈਸਾ ਮਾਨੁ ਤੈਸਾ ਅਭਿਮਾਨੁ॥*
*ਤੈਸਾ ਰੰਕੁ ਤੈਸਾ ਰਾਜਾਨੁ॥*
*ਜੋ ਵਰਤਾਏ ਸਾਈ ਜੁਗਤਿ॥*
*ਨਾਨਕ ਓਹੁ ਪੁਰਖੁ ਕਹੀਐ ਜੀਵਨ ਮੁਕਤਿ॥*

*ਅੰਗ - 275*

ਜਿਹਨੇ ਮੌਤ ਨੂੰ ਫਤਹਿ ਕਰ ਲਿਆ ਉਹ ਫੇਰ ਡਰਦੈ? ਹੋਰ ਇਹਨੂੰ ਮੰਨੋਰੰਜਨ ਬਣਾਉਣ ਵਾਸਤੇ ਲਿਖ ਦਿੰਦੇ ਨੇ ਕਿ ਜੀ, ਸਾਰਿਆਂ ਦੇ ਮੂੰਹ ਪੀਲੇ ਹੋ ਗਏ। ਇਤਿਹਾਸ ਗਲਤ ਹੈ। ਆਪਣੇ ਮਨ ਦੇ ਨਾਲ ਲਿਖਦੇ ਨੇ। ਚੜ੍ਹਦੀ ਕਲਾ ਦਾ ਇਤਿਹਾਸ ਨਹੀਂ ਹੈ। ਜਿਸ ਵਕਤ ਗੁਰੂ ਮਹਾਰਾਜ ਦੇ ਮੁਖਾਰਬਿੰਦ ਤੋਂ ਇਹ ਸਦਾ, ਲਲਕਾਰ ਖਤਮ ਹੋਈ। ਉਸੇ ਵੇਲੇ ਭਾਈ ਦਇਆ ਸਿੰਘ ਜਿਨ੍ਹਾਂ ਦੀ ਜਾਤੀ ਖਤਰੀ ਸੀ। ਆਪ ਆ ਕੇ ਅੱਗੇ ਵਧ ਕੇ ਗੁਰੂ ਮਹਾਰਾਜ ਦੇ ਕੋਲ ਬੇਨਤੀ ਕਰਦੇ ਨੇ -

*ਮੈ ਨਾਹੀ ਪ੍ਰਭ ਸਭੁ ਕਿਛੁ ਤੇਰਾ॥*
*ਈਘੈ ਨਿਰਗੁਨ ਊਘੈ ਸਰਗੁਨ*
*ਕੇਲ ਕਰਤ ਬਿਚਿ ਸੁਆਮੀ ਮੇਰਾ॥*
*ਨਗਰ ਮਹਿ ਆਪਿ ਬਾਹਰਿ ਫੁਨਿ ਆਪਨ*
*ਪ੍ਰਭ ਮੇਰੇ ਕੋ ਸਗਲ ਬਸੇਰਾ॥*
*ਆਪੇ ਹੀ ਰਾਜਨੁ ਆਪੇ ਹੀ ਰਾਇਆ*
*ਕਹ ਕਹ ਠਾਕੁਰੁ ਕਹ ਕਹ ਚੇਰਾ॥*
*ਕਾ ਕਉ ਦੁਰਾਉ ਕਾ ਸਿਉ ਬਲਬੰਚਾ*
*ਜਹ ਜਹ ਪੇਖਉ ਤਹ ਤਹ ਨੇਰਾ॥*
*ਸਾਧ ਮੂਰਤਿ ਗੁਰੁ ਭੇਟਿਓ ਨਾਨਕ*
*ਮਿਲਿ ਸਾਗਰ ਬੂੰਦ ਨਹੀ ਅਨ ਹੇਰਾ॥ ਅੰਗ - 827*

ਹੇ ਪ੍ਰਭੂ! ਮੈਂ ਤਾਂ ਹਾਂ ਹੀ ਕੁਛ ਨਹੀਂ, ਇਹ ਸੀਸ ਵੀ ਤੇਰਾ ਹੈ ਪੰਜ ਤੱਤ ਤੇਰੇ ਨੇ। ਪੰਜਾਂ ਤੱਤਾਂ ਤੋਂ ਬਣਿਆ ਸਰੀਰ ਤੇਰਾ। ਸੀਸ ਵੀ ਤੇਰਾ ਹੈ। ਨਾ ਮੇਰਾ ਮਨ ਹੈ, ਨਾ ਮੇਰੀ ਬੁੱਧੀ ਹੈ, ਨਾ ਮੇਰਾ ਅੰਤਸ਼ਕਰਣ ਹੈ, ਨਾ ਮੇਰੀ ਮੈਂ ਹੈ। ਇਹ ਤਾਂ ਤੂੰ ਹੀ ਖੇਲ੍ਹਦਾ ਹੈਂ ਅਨੇਕਾਂ ਰੂਪਾਂ ਵਿਚ। ਆਪਣੀ ਚੀਜ਼ ਤੂੰ ਆਪੇ ਹੀ ਲੈ ਲੈ। ਕਿਉਂਕਿ ਭਾਈ ਦਇਆ ਸਿੰਘ ਜੀ ਪੂਰਨ ਜੋਗੀ ਸੀਗੇ। ਰਾਜ ਜੋਗ ਦੇ ਪੂਰਨ ਗਿਆਤਾ ਸੀ, ਜਿਹਨੂੰ ਸਬਦਿ ਸੁਰਤਿ ਜੋਗ ਕਹਿੰਦੇ ਨੇ, ਉਹਦੇ ਪੂਰੇ ਸੀਗੇ। ਭਗਤ ਜੋਗ ਵਿਚ ਆਪ ਪੂਰੇ ਸੀ, ਬ੍ਰਹਮਗਿਆਨ ਵਿਚ ਆਪ ਪੂਰੇ ਸੀ। ਬੇਅੰਤ ਸ਼ਕਤੀਆਂ ਦੇ ਮਾਲਕ ਸੀ। ਜੇ ਇਹ ਗੱਲ ਕਹੋ ਕਿ ਗੁਰੂ ਸਾਹਿਬ ਨੇ ਤਿੰਨ ਵਾਰ ਕਿਹਾ ਕੋਈ ਨਾ ਉਠਿਆ, ਅਖੀਰ ਭਾਈ ਦਇਆ ਸਿੰਘ ਜੀ ਕੰਬਦੇ-ਕੰਬਦੇ ਆਏ। ਉਨ੍ਹਾਂ ਨੂੰ ਆਪ ਹੀ ਨਹੀਂ ਪਤਾ ਕਿ ਸਿੱਖੀ ਕੀ ਹੁੰਦੀ ਹੈ। ਜੇ ਐਨੀ ਕਮਜ਼ੋਰ ਸਿੱਖੀ 200 ਸਾਲ ਤੋਂ ਬਾਅਦ ਸੀ, ਤਾਂ ਫੇਰ ਫਾਇਦਾ ਕੀ ਹੋਇਆ ਨੌਂ ਗੁਰੂਆਂ ਦੇ ਉਪਦੇਸ਼ ਦਾ? ਉਦੋਂ ਤਾਂ ਪੂਰਨ ਸਿਖਰ ਤੇ ਜਾ ਚੁੱਕੀ ਸੀ ਸਿੱਖੀ। ਲਿਵ ਵਿਚ ਰਹਿਣ ਵਾਲੇ ਗੁਰਸਿੱਖ ਸੀਗੇ।

ਸੋ ਉਸ ਵੇਲੇ ਗੁਰੂ ਮਹਾਰਾਜ ਨੇ ਆਪ ਦਾ ਸੀਸ ਲਿਆ। ਦੂਸਰੀ ਵਾਰੀ ਫੇਰ ਆਵਾਜ਼ ਦਿਤੀ। ਦੂਸਰੀ ਆਵਾਜ਼ ਉਤੇ ਭਾਈ ਧਰਮ ਸਿੰਘ ਜੀ, ਹਸਤਨਾਪੁਰ ਦਿੱਲੀ ਦੇ, ਜੱਟ ਜਾਤੀ ਨਾਲ ਸਬੰਧ ਰੱਖਣ ਵਾਲੇ, ਉਨ੍ਹਾਂ ਨੇ ਆ ਕੇ ਗੁਰੂ ਮਹਾਰਾਜ ਕੋਲ ਬੇਨਤੀ ਕੀਤੀ -

*ਤਨੁ ਧਨੁ ਤੇਰਾ ਤੂੰ ਪ੍ਰਭੁ ਮੇਰਾ ਹਮਰੈ ਵਸਿ ਕਿਛੁ ਨਾਹਿ॥*
*ਜਿਉ ਜਿਉ ਰਾਖਹਿ ਤਿਉ ਤਿਉ ਰਹਣਾ ਤੇਰਾ ਦੀਆ ਖਾਹਿ॥*

*ਅੰਗ - 406*

ਹੇ ਪ੍ਰਭੂ ਅਸੀਂ ਤਾਂ ਤੇਰੇ ਹੀ ਹਾਂ। ਸਾਡੇ ਕੋਲ ਤਾਂ ਵਖਰੀ ਚੀਜ਼ ਹੈ ਨਹੀਂ ਜਿਹੜੀ ਤੈਨੂੰ ਦੇਈਏ। ਸੋ ਐਸੀ ਚੜ੍ਹਦੀ ਕਲਾ ਦੇ ਨਾਲ ਆਪ ਆਏ। ਉਸ ਤੋਂ ਬਾਅਦ ਤੀਸਰੀ ਆਵਾਜ਼ ਦਿਤੀ, ਭਾਈ ਹਿੰਮਤ ਸਿੰਘ ਜੀ ਜਗਰਨਾਥ ਦੇ, ਝੀਵਰ ਜਾਤ ਵਾਲੇ, ਉਹ ਆਏ। ਚੌਥੀ ਅਵਾਜ਼ ਦਿਤੀ ਭਾਈ ਮੋਹਕਮ ਚੰਦ ਜੀ ਦਵਾਰਕਾ ਵਾਲੇ ਛੀਂਬਾ ਜਾਤੀ ਦੇ ਉਹ ਆਏ। ਪੰਜਵੀਂ ਆਵਾਜ਼ ਦੇ ਉਤੇ ਭਾਈ ਸਾਹਿਬ ਚੰਦ ਜੀ ਬਿਦਰ ਸ਼ਹਿਰ ਦੇ ਰਹਿਣ ਵਾਲੇ ਤੇ ਨਾਈ ਜਾਤ ਦੇ ਆਪ ਦੇ ਪਾਸ ਆਉਂਦੇ ਨੇ। ਉਸ ਤੋਂ ਬਾਅਦ ਗੁਰੂ ਮਹਾਰਾਜ ਉਨ੍ਹਾਂ ਨੂੰ ਤੰਬੂ 'ਚ ਲੈ ਗਏ। ਆਪ ਨੇ ਨਵੇਂ ਵਸਤਰ ਪਹਿਨਾਅ ਕੇ, ਅੰਮ੍ਰਿਤ ਦਾ ਬਾਟਾ ਤਿਆਰ ਕਰਿਆ।

ਸਾਰੇ ਦੇਖਦੇ ਨੇ, ਉਸ ਵੇਲੇ ਇੰਤਜ਼ਾਰ ਕਰਦੇ ਨੇ ਕਿ ਗੁਰੂ ਮਹਾਰਾਜ ਫੇਰ ਮੰਗਣ ਸੀਸ। ਇਕ ਤੋਂ ਇਕ ਮੂਹਰੇ ਹੋ ਕੇ ਸੀਸ ਦੇਣ ਨੂੰ ਤਿਆਰ ਸੀ। ਬਾਕੀ ਬਹੁਤ ਦੁਨੀਆਂ ਹੁੰਦੀ ਹੈ, ਕੱਚੇ ਪਿੱਲੇ ਵੀ ਆਏ ਹੁੰਦੇ ਨੇ। ਵਿਸਾਖੀ ਦੇਖਣ ਵਾਲੇ ਵੀ ਆਏ ਹੁੰਦੇ ਨੇ। ਬਾਲ-ਬੱਚਿਆਂ ਨੂੰ ਪਿਆਰ ਕਰਨ ਵਾਲੇ ਵੀ ਆਏ ਹੁੰਦੇ ਨੇ। ਉਨ੍ਹਾਂ ਦੇ ਸਰੀਰ ਕੰਬਦੇ ਸੀ ਕਿ ਹੋ ਕੀ ਰਿਹਾ ਹੈ ਇਹ।

ਸੋ ਆਪ ਨੇ ਅੰਮ੍ਰਿਤ ਤਿਆਰ ਕਰਕੇ ਇਕ ਨਵਾਂ ਮੋੜ

ਦੇ ਦਿਤਾ। ਕਈ ਪ੍ਰੇਮੀ ਇਸ ਘਟਨਾ ਨੂੰ ਹੋਰ ਤਰੀਕੇ ਨਾਲ ਦਸਦੇ ਨੇ। ਇਹ ਸੰਸੇ ਨੇ ਮੈਂ ਇਨ੍ਹਾਂ ਤੇ ਕੁਛ ਬੇਨਤੀ ਕਰਨਾ ਚਾਹੁੰਦਾ ਹਾਂ।

ਪਹਿਲੇ ਤਾਂ ਉਹ ਨੇ ਕਿ ਜਿਹੜੇ ਇਹ ਕਹਿੰਦੇ ਨੇ ਕਿ ਗੁਰੂ ਮਹਾਰਾਜ ਨੇ ਤੰਬੂ ਲਾਇਆ ਹੋਇਆ ਸੀ। ਉਹਦੇ ਵਿਚ ਪੰਜ ਬੱਕਰੇ ਬੰਨ੍ਹੇ ਹੋਏ ਸੀ, ਸਿੱਖ ਨੂੰ ਬਾਂਹ ਤੋਂ ਫੜ ਕੇ ਅੰਦਰ ਲੈ ਜਾਂਦੇ ਸੀ, ਬੱਕਰੇ ਦੀ ਗਰਦਨ ਵੱਢ ਦਿੰਦੇ ਸੀ ਤੇ ਉਹ ਬੱਕਰਾ ਮਰ ਜਾਂਦਾ ਸੀ ਤੇ ਉਹਦਾ ਖ਼ੂਨ ਬਾਹਰ ਆਉਂਦਾ ਸੀ। ਹੁਣ ਇਹਦੇ ਉਤੇ ਵਿਚਾਰ ਕਰੋ। ਖੜਕਾ ਹੁੰਦਾ ਸੀ, ਇਥੇ ਬੱਕਰਾ ਵੱਢ ਕੇ ਦੇਖ ਲਓ, ਜੇ ਭੋਰਾ ਖੜਕਾ ਹੋ ਜਾਏ। ਮੂੰਹ ਬੰਨ੍ਹਿਆ ਹੋਵੇ। ਉਥੇ ਤਾਂ 80 ਹਜ਼ਾਰ ਬੰਦਾ ਬੈਠਾ ਹੈ। ਫਰਲਾਂਗ ਭਰ 'ਚ ਬੰਦੇ ਬੈਠੇ ਨੇ ਤੇ ਗੁਰੂ ਮਹਾਰਾਜ ਦੇ ਤਖਤ ਤੋਂ ਕਿੰਨੀ ਦੂਰ ਬੈਠੇ ਨੇ। ਪਿਛੇ ਤੰਬੂ ਲੱਗਿਆ ਹੋਵੇ। ਬੱਕਰਾ ਵੱਢ ਦਓ, ਕਿਸੇ ਨੂੰ ਸੁਣਦਾ ਹੈ ਤੇ ਖੜਾਕਾ ਕਾਹਦੇ ਤੇ ਹੁੰਦਾ ਸੀ। ਕੱਚੀ ਧਰਤੀ ਤੇ ਤਾਂ ਹੁੰਦਾ ਹੀ ਨਹੀਂ। ਪੱਕੀ ਤੇ ਸੁੱਟ ਲਓ ਤਾਂ ਵੀ ਨਹੀਂ ਹੁੰਦਾ। ਇਹ ਕਹਿਣਾ ਕਿ ਜੀ ਖੜਕਾ ਹੋਇਆ ਜੀ, ਖ਼ੂਨ ਦੀ ਧਾਰ ਬਾਹਰ ਆਈ ਤੰਬੂ ਤੋਂ। ਮਾਰ ਕੇ ਦੇਖ ਲਓ ਜੇ ਐਨਾ ਖ਼ੂਨ ਚਲ ਜਾਵੇ, ਥੋੜ੍ਹੀ ਜਿਹੀ ਧਾਰ ਚੱਲ ਕੇ ਰੁਕ ਜਾਵੇਗੀ।

ਦੂਸਰੇ ਕੋਈ ਗੱਲ ਵੀ ਨਹੀਂ ਕਹਿੰਦੇ। ਇਹਦੇ ਵਿਚ ਬੜਾ ਭਾਰੀ ਫਰਕ ਪੈ ਗਿਆ। ਜੇ ਬੱਕਰੇ ਹੁੰਦੇ ਤਾਂ ਪਿਛੋਂ ਲਿਖਦੇ ਕਿ ਉਹ ਚੁੱਕ ਕੇ ਸੁੱਟੇ ਜਾਂ ਉਨ੍ਹਾਂ ਦਾ ਕੀ ਕਰਿਆ। ਇਨ੍ਹਾਂ ਦਾ ਵੀ ਨਿਹਚਾ ਹਿੱਲ ਜਾਂਦਾ ਕਿ ਗੁਰੂ ਐਵੇਂ ਹੀ ਸੀਗਾ, ਡਰਾਮਾ ਕਰਿਆ ਸੀ। ਐਸੀ ਗੱਲ ਨਹੀਂ ਹੈ, ਉਹ ਸੀਸ ਸੱਚਮੁੱਚ ਲਏ ਸੀ। ਪਹਿਲੀ ਤਾਂ ਗੱਲ ਇਹ ਹੈ ਕਿ ਮਹਾਰਾਜ ਜਦੋਂ ਕਨਾਤ ਹੀ ਲਗਾ ਦਿਤੀ, ਉਹਦੇ ਅੰਦਰ ਸਾਡਾ ਝਾਕਣ ਦਾ ਹੱਕ ਹੀ ਨਹੀਂ ਹੈਗਾ। ਜੋ ਕੌਤਕ ਹੋਇਆ ਹੋਇਆ। ਜਿਸ ਵਕਤ ਗੁਰੂ ਮਹਾਰਾਜ ਸੰਸਾਰ ਤੋਂ ਜਾਣ ਲੱਗੇ, ਉਸ ਵੇਲੇ ਉਨ੍ਹਾਂ ਨੇ ਚਿਖਾ ਦੇ ਦੁਆਲੇ ਕਨਾਤ ਲਾ ਦਿਤੀ। ਉਸ ਕਨਾਤ 'ਚ ਕੀ ਹੋਇਆ, ਅੱਜ ਤੱਕ ਨਹੀਂ ਕਿਸੇ ਨੂੰ ਪਤਾ। ਇਕ ਤਾਂ ਉਹ ਖਿਆਲ ਹੈ ਕਿ ਗੁਰੂ ਮਹਾਰਾਜ ਜੀ ਚਿਖਾ ਦੇ ਉਤੇ ਚੌਂਕੜਾ ਮਾਰ ਕੇ ਬੈਠ ਗਏ ਤੇ ਆਪਣੀ ਯੋਗ ਅਗਨ ਦੇ ਨਾਲ ਚਿਖਾ ਵਿਚ ਆਪਣਾ ਸਰੀਰ ਭਸਮ ਕਰ ਦਿਤਾ। ਨਾਲ ਹੀ ਉਨ੍ਹਾਂ ਦਾ ਇਹ ਹੈ ਕਿ ਜਦੋਂ ਚਿਖਾ ਫੋਲੀ, ਛੋਟੀ ਕਿਰਪਾਨ ਤੋਂ ਇਲਾਵਾ ਹੋਰ ਕੁਛ ਹੱਥ ਹੀ ਨਹੀਂ ਲੱਗਿਆ। ਸ਼ਸਤਰ ਸਵਾ ਮਣ ਪਾਏ ਹੋਏ ਸੀ। ਉਹ ਲੋਹਾ ਕਿਥੇ ਚਲਿਆ ਗਿਆ, ਜਾਂ ਢਲ ਜਾਂਦਾ। ਪਹਿਲੀ ਗੱਲ ਤਾਂ ਢਲਦਾ ਹੀ ਨਹੀਂ ਹੁੰਦਾ, ਕਿਰਪਾਨ ਰੱਖ ਕੇ ਦੇਖ ਲਓ ਚਿਖਾ ਵਿਚ। ਕਦੇ ਵੀ ਨਹੀਂ ਢਲਦੀ। ਜੇ ਢਲ ਵੀ ਜਾਵੇ ਤਾਂ ਸੁਆਹ ਵਿਚ ਹੀ ਰਹਿ ਜਾਏਗੀ। ਲੋਹਾ ਜਲਦਾ ਹੈ ਕਿਤੇ, ਇਥੇ ਸੈਂਕੜੇ, ਹਜ਼ਾਰਾਂ ਅੱਗਾਂ ਦਿੰਦੇ ਨੇ, ਜਿਹੜੇ ਕੁਸ਼ਤਾ ਬਣਾਉਂਦੇ ਨੇ ਫੌਲਾਦ ਦਾ, ਮਸਾਂ ਜਾ ਕੇ ਕਿਤੇ ਫੁਟਦਾ ਹੈ। ਦੂਸਰੇ ਉਹ ਨੇ ਜਿਹੜੇ ਕਹਿੰਦੇ ਨੇ ਕਿ ਗੁਰੂ ਮਹਾਰਾਜ, ਹਨ੍ਹੇਰਾ ਸੀਗਾ, ਹਨ੍ਹੇਰੇ ਦੀ ਵਿਚ ਆਪ ਘੋੜਾ ਲੈ ਕੇ ਚਲੇ ਗਏ ਤੇ ਜੰਗਲ ਵਿਚ ਮਿਲੇ ਜਾ ਕੇ। ਉਸ ਤੋਂ ਬਾਅਦ ਫੂਨੇ ਸਿਤਾਰੇ ਦੇ ਕਿਲੇ ਵਿਚੋਂ ਬਾਲਾ ਰਾਓ ਤੇ ਬਾਜੀ ਰਾਓ ਦੋ ਮਰਹੱਟਾ ਸਰਦਾਰਾਂ ਨੂੰ ਕੱਢਿਆ। ਤੀਜਿਆ ਨੇ ਇਹ ਕਹਿ ਦਿਤਾ ਕਿ ਨਹੀਂ ਗੁਰੂ ਮਹਾਰਾਜ ਨੂੰ ਤਾਂ ਬਾਕਾਇਦਾ ਅਰਥੀ ਤੇ ਪਾ ਕੇ ਲੈ ਕੇ ਗਏ। ਬਿਬਾਨ ਕੱਢਿਆ ਤੇ ਉਨ੍ਹਾਂ ਦਾ ਸਸਕਾਰ ਕਰਿਆ ਬਾਕਾਇਦਾ। ਉਨ੍ਹਾਂ ਨੇ ਝਗੜਾ ਹੀ ਮੁਕਾ ਦਿਤਾ ਕਿ ਕੱਲ੍ਹ ਨੂੰ ਗੱਲਾਂ ਹੋਣਗੀਆਂ।

ਵਾਹਿਗੁਰੂ ਜਾਣੇ ਸਮਰੱਥ ਪੁਰਸ਼ਾਂ ਦਾ ਪਤਾ ਨਹੀਂ ਹੁੰਦਾ ਸਾਧਸੰਗਤ ਜੀ! ਗੁਰੂ ਨਾਨਕ ਸਾਹਿਬ ਦਾ ਜਦੋਂ ਸਸਕਾਰ ਕਰਨ ਲੱਗੇ ਤਾਂ ਝਗੜਾ ਪੈ ਗਿਆ। ਹਿੰਦੂ ਕਹਿੰਦੇ ਅਸੀਂ ਸਸਕਾਰ ਕਰਨਾ ਹੈ, ਮੁਸਲਮਾਨ ਕਹਿੰਦੇ ਅਸੀਂ ਦਫਨਾਉਣਾ ਹੈ। ਅਸੀਂ ਤਾਂ ਮਕਬਰਾ ਬਣਾਉਣਾ ਹੈ ਉਨ੍ਹਾਂ ਦਾ। ਉਹ ਕਹਿੰਦੇ ਅਸੀਂ ਸਮਾਧ ਬਣਾਉਣੀ ਹੈ। ਅਖੀਰ ਕਪੜਾ ਪਾ ਕੇ ਫੁੱਲ ਰੱਖ ਦਿਤੇ। ਸਾਰੇ ਹੈਰਾਨ ਹੋ ਗਏ ਕਿ ਉਥੇ ਇਕ ਕਪੜਾ ਹੈ ਤੇ ਫੁੱਲ ਨੇ। ਅੱਧੇ ਫੁੱਲ ਉਨ੍ਹਾਂ ਨੇ ਲੈ ਲਏ, ਅੱਧੇ ਉਨ੍ਹਾਂ ਨੇ ਲੈ ਲਏ। ਅੱਧਾ ਕਪੜਾ ਉਨ੍ਹਾਂ ਨੇ ਪਾੜ ਲਿਆ। ਇਕ ਨੇ ਕਬਰ ਬਣਾ ਦਿਤੀ, ਇਕ ਨੇ ਮੜੀ ਬਣਾ ਦਿਤਾ। ਬਾਬਾ ਬੁੱਢਾ ਜੀ ਕਹਿੰਦੇ ਨੇ –

***ਬਾਬਾ ਮੜੀ ਨਾ ਗੋਰ ਗੁਰ ਅੰਗਦ ਕੇ ਹੀਏ ਮੇਂ।***

ਉਹ ਤਾਂ ਗੁਰੂ ਅੰਗਦ ਸਾਹਿਬ ਦੇ ਹਿਰਦੇ ਵਿਚ ਪ੍ਰਵੇਸ਼ ਕਰ ਗਏ। ਸਰੀਰ ਅਲੋਪ ਕਰ ਦਿਤਾ। ਪਹਿਲਾਂ ਕਿੰਨੀਆਂ ਸਾਖੀਆਂ ਆਉਂਦੀਆਂ ਨੇ ਜਦੋਂ ਸਰੀਰ ਅਲੋਪ ਕਰ ਦਿਤਾ।

ਅਸੀਂ ਗੁਰੂਆਂ ਨੂੰ ਸਮਰੱਥ ਨਹੀਂ ਸਮਝਦੇ, ਮਨੁੱਖ ਵਾਂਗੂੰ ਸਮਝਦੇ ਹਾਂ। ਇਕ ਮੌਕੇ ਤੇ ਜੋ ਬੰਦਾ ਸੀ, ਉਹਨੇ ਵੀ ਕੁਛ ਲਿਖਿਆ ਹੈ, ਉਹ ਇਕ ਬ੍ਰਾਹਮਣ ਸੀ, ਉਹ ਮੁਸਲਮਾਨ ਹੋਇਆ ਹੋਇਆ ਸੀ। ਉਹਦਾ ਨਾਮ ਸੀ ਅਵਲ ਤੁਰਾਨੀ, ਉਹ ਔਰੰਗਜ਼ੇਬ ਨੇ ਖੁਫੀਆ ਪੁਲਿਸ 'ਚ, ਇਥੇ ਭੇਜਿਆ ਹੋਇਆ ਸੀ ਕਿ ਅਨੰਦਪੁਰ ਸਾਹਿਬ ਦੀਆਂ ਸਾਰੀਆਂ ਖਬਰਾਂ ਮੈਨੂੰ ਦਿਆ ਕਰ। ਉਹ ਜਾਸੂਸ ਸੀਗਾ। ਉਹ ਹਮੇਸ਼ਾ ਹੀ ਰੋਜ਼ ਦੀ ਰੋਜ਼ ਰਿਪੋਰਟਾਂ ਭੇਜਦਾ ਸੀ। ਪਹਿਲਾਂ ਵੀ ਆਇਆ ਸੀ ਗੋਲਕੰਡੇ ਦਾ, ਉਹ ਵੀ ਬੜੀ ਦੇਰ ਤੱਕ ਰਿਹਾ। ਇਹ ਵੀ ਅਵਲ ਤੁਰਾਨੀ ਜਿਹੜਾ ਬ੍ਰਾਹਮਣ ਸੀ ਮੁਸਲਮਾਨ ਬਣਿਆ ਹੋਇਆ, ਇਹ ਬ੍ਰਾਹਮਣ ਬਣ ਕੇ ਖਬਰਾਂ ਭੇਜਦਾ ਸੀ। ਇਹਨੇ ਜਿਹੜੀ ਰਿਪੋਰਟ ਉਸ ਦਿਨ ਦੀ ਔਰੰਗਜ਼ੇਬ ਨੂੰ ਭੇਜੀ, ਉਹ ਇਕ ਲਿਖਾਰੀ ਹੋਇਆ ਹੈ ਉਹਦਾ ਨਾਉਂ ਸੀ ਬਖਸ਼ੀ ਸਿੰਘ ਆਦਲ, ਉਹਦੀ ਕਿਤਾਬ ਪਈ ਹੈ ਲਿਖੀ ਹੋਈ ਜਿਹਦੇ ਵਿਚ ਉਹਨੇ ਉਹਦਾ ਹਵਾਲਾ ਦੇ ਕੇ ਲਿਖਿਆ ਹੈ ਕਿ ਅਵਲ ਤੁਰਾਨੀ ਨੇ ਜੋ ਰਿਪੋਰਟ ਭੇਜੀ ਸੀ ਉਹਦੇ ਵਿਚ ਲਿਖਦਾ ਹੈ ਕਿ ਗੁਰੂ ਨੇ ਜਿਸ ਵਕਤ ਆਵਾਜ਼ ਦਿਤੀ, ਇਕ ਸਿੱਖ ਇਕ ਦਮ ਉਤੇ ਚੜ੍ਹ ਗਿਆ, ਉਹ ਜੇ ਜਿੱਕ ਨਹੀਂ ਕਰੀ, ਕੰਬਿਆ ਨਹੀਂ ਹੈ। ਇਕ ਦਮ ਚਲਿਆ

ਗਿਆ। ਕਾਹਲੀ ਦੇ ਨਾਲ ਉਠ ਕੇ। ਗੁਰੂ ਨੇ ਉਸੇ ਵੇਲੇ ਹੀ ਸਾਰਿਆਂ ਦੇ ਸਾਮ੍ਹਣੇ ਉਹਦਾ ਸੀਸ ਕੱਟ ਦਿਤਾ, ਕਹਿੰਦਾ ਮੇਰੇ ਤੇ ਦਹਿਸ਼ਤ ਪੈ ਗਈ ਮੈਂ ਡਰ ਗਿਆ। ਐਨੇ ਨੂੰ ਦੂਜੀ ਆਵਾਜ਼ ਦਿਤੀ ਦੂਜਾ ਚਲਿਆ ਗਿਆ। ਉਹਦਾ ਵੀ ਕੱਟ ਦਿਤਾ ਤੇ ਨਾਲ ਹੀ ਉਤੇ ਚਾਦਰ ਦੇ ਦਿਤੀ। ਤੀਸਰਾ ਚਲਿਆ ਗਿਆ ਤੀਸਰੇ ਦੀ ਕੱਟ ਦਿਤੀ, ਚੌਥੇ ਦਾ ਪੰਜਵੇਂ ਦਾ। ਕਹਿੰਦਾ ਘਬਰਾ ਕੇ ਮੈਂ ਇਹ ਨਹੀਂ ਦੇਖ ਸਕਿਆ ਕਿ ਅੱਗੇ ਕਿਸ ਤਰ੍ਹਾਂ ਹੋਇਆ। ਕਹਿੰਦਾ ਜੋ ਮੈਂ ਦੇਖਿਆ ਉਹ ਇਹ ਦੇਖਿਆ ਕਿ ਗੁਰੂ ਨੇ ਬੈਠ ਕੇ ਕੋਈ ਮੰਤਰ ਪੜ੍ਹਨਾ ਸ਼ੁਰੂ ਕਰ ਦਿਤਾ। ਪਾਣੀ ਦੀ ਇਕ ਕੜਾਹੀ ਲਈ ਕੁੰਡਿਆਂ ਤੋਂ ਬਗੈਰ, ਕੁੰਡੇ ਨਹੀਂ ਸੀ ਉਹਦੇ। ਬਾਟੇ ਨੂੰ ਕੜਾਹੀ ਲਿਖਦਾ ਸੀ। ਕਹਿੰਦਾ ਗੁਰੂ ਪੜ੍ਹਨ ਲਗ ਗਿਆ ਬਹੁਤ ਤੇਜ਼ੀ ਦੇ ਵਿਚ। ਚਿਹਰੇ ਵਲ ਦੇਖਿਆ ਨਾ ਜਾਵੇ ਉਨ੍ਹਾਂ ਦੇ। ਕਹਿੰਦੇ ਉਸੇ ਵੇਲੇ ਇਕ ਮਾਈ ਆਈ, ਉਸ ਨੇ ਕੁਛ ਪਾਇਆ ਪਾਣੀ ਦੇ ਵਿਚ, ਮੈਨੂੰ ਨਹੀਂ ਪਤਾ ਕੀ ਪਾਇਆ ਉਹਦੇ ਵਿਚ, ਕੁਛ ਪਾਇਆ ਸੀ। ਉਸ ਤੋਂ ਬਾਅਦ ਉਹ ਆਬ-ਏ-ਹਿਆਤ ਬਣਾ ਲਿਆ, ਸਾਰਿਆਂ 'ਚ ਮਸ਼ਹੂਰ ਸੀ ਕਿ ਆਬ-ਏ-ਹਿਆਤ, ਅੰਮ੍ਰਿਤ ਬਣਾ ਦਿਤਾ। ਕਹਿੰਦੇ ਗੁਰੂ ਨੇ ਛਿੱਟੇ ਲਏ, ਤੇ ਪਹਿਲਾਂ ਬੰਦਾ ਜਿਹੜਾ ਕੱਟਿਆ ਸੀ ਉਹਦਾ ਸਿਰ ਨਾਲ ਜੋੜ ਕੇ ਛਿੱਟੇ ਮਾਰੇ ਉਹਦੇ। ਪੰਜ ਅੱਖਾਂ 'ਚ, ਪੰਜ ਸਿਰ ਦੇ ਵਿਚ ਤੇ ਉਸ ਤੋਂ ਬਾਅਦ ਉਹਨੇ ਜਦੋਂ ਸਿਰ ਵਲ ਆ ਕੇ ਕਿਹਾ ਕਿ ਬੋਲ ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕੀ ਫਤਹਿ। ਉਹ ਕੱਟਿਆ ਹੋਇਆ ਆਦਮੀ ਉਠ ਕੇ ਖੜ੍ਹਾ ਹੋ ਗਿਆ। ਕਹਿੰਦਾ ਇਸੇ ਤਰ੍ਹਾਂ ਦੂਸਰਾ, ਤੀਸਰਾ, ਚੌਥਾ, ਪੰਜਵਾਂ। ਐਨਾ ਵਿਸਮਾਦ ਹੋ ਗਿਆ ਸੰਗਤ 'ਚ ਖੁਸ਼ੀਆਂ ਹੋ ਗਈਆਂ ਕਿ ਗੁਰੂ ਮਹਾਰਾਜ ਨੇ ਕਿਹਾ ਜਦੋਂ ਕੌਤਕ ਕਰਕੇ ਦਿਖਾ ਦਿਤਾ ਸੰਗਤ 'ਚ, ਮੈਂ ਹੈਰਾਨ ਹਾਂ ਕਿ 20,000 ਬੰਦੇ ਉਸੇ ਵੇਲੇ ਅੰਮ੍ਰਿਤ ਛਕਣ ਲਈ ਤਿਆਰ ਹੋ ਗਏ। ਕਿਉਂਕਿ ਉਹਦੇ ਵਿਚ ਵੱਡੀ ਰੁਕਾਵਟ ਇਹ ਸੀ ਕਿ ਜਾਤ ਪਾਤ ਦਾ ਝਗੜਾ ਸੀ, ਉਚੀਆਂ ਜਾਤਾਂ ਵਾਲੇ ਛੋਟੀਆਂ ਨਾਲ ਨਹੀਂ ਸੀ ਬੈਠ ਕੇ ਖਾਂਦੇ, ਕਹਿੰਦੇ ਉਨ੍ਹਾਂ ਨੇ ਇਕੋ ਬਾਟੇ ਵਿਚ ਛਕਾ ਦਿਤਾ ਸਾਰਿਆਂ ਨੂੰ। ਇਹ ਵੱਡੀ ਕਰਾਮਾਤ ਮੈਂ ਦੇਖੀ। ਪਰ ਹੋਈ ਤਾਂ ਜਦੋਂ ਗੁਰੂ ਦਾ ਇਹੋ ਜਿਹਾ ਕੌਤਕ ਦੇਖਿਆ। ਹੁਣ ਜਦੋਂ ਅਸੀਂ ਬਾਣੀ ਦੇ ਨਾਲ ਵਿਚਾਰ ਕਰੀਏ, ਕਿ ਕੀ ਗੁਰੂ ਇਕ ਮਨੁੱਖ ਸੀਗਾ ਸਾਡੇ ਵਰਗਾ? ਚਾਹੇ ਸਮਝ ਲਓ ਕਿ ਇਹ ਚਲਾਕ ਮਨੁੱਖ ਸੀ, ਉਹਨੇ ਇਕ ਨਾਟਕ ਰਚਿਆ। ਤੰਬੂ ਦੇ ਅੰਦਰ ਬੱਕਰੇ ਲਿਆ ਦਿਤੇ, ਸ਼ਕਤੀ ਤਾਂ ਹੈ ਨਹੀਂ। ਪਰ ਗੁਰਬਾਣੀ ਇਹ ਕਹਿੰਦੀ ਹੈ ਕਿ ਪਿਆਰਿਓ! ਗੁਰੂ ਨੂੰ ਐਵੇਂ ਮਨੁੱਖ ਨਾ ਸਮਝੋ। ਅਕਾਲ ਪੁਰਖ ਨੇ ਗੁਰੂ ਨਾਨਕ ਨੂੰ ਕਿਹਾ ਹੇ ਨਾਨਕ! ਮੈਂ ਪਾਰਬ੍ਰਹਮ ਪ੍ਰਮੇਸ਼ਰ, ਤੂੰ ਗੁਰੂ ਪਰਮੇਸ਼ਰ। ਹੁਣ ਜੇ ਪਰਮੇਸ਼ਰ ਵਿਚ ਸ਼ਕਤੀ ਹੀ ਨਹੀਂ ਹੈ, ਤਾਂ ਪਰਮੇਸ਼ਰ ਦਾ ਫਾਇਦਾ ਕੀ? ਉਹ ਤਾਂ ਇਕ ਫੁਰਨੇ ਦੇ ਨਾਲ ਸੰਸਾਰ ਰਚ ਦਿਤਾ।

*ਹਰਨ ਭਰਨ ਜਾ ਕਾ ਨੇਤ੍ਰ ਫੋਰੁ॥* *ਅੰਗ - 284*

ਅੱਖ ਝਮਕਣ ਜਿੰਨੇ ਚਿਰ ਵਿਚ ਸੰਸਾਰ ਬਣਾ ਸਕਦਾ ਹੈ, ਅੱਖ ਝਮਕਣ ਜਿੰਨੇ ਚਿਰ ਵਿਚ ਇਥੇ ਕੁਛ ਨਹੀਂ ਹੋਏਗਾ। ਉਹ ਤਾਂ ਆਪ ਹੀ ਸ਼ਕਤੀ ਦਾ ਰੂਪ ਹੈ। ਉਹ ਪ੍ਰਮੇਸ਼ਰ ਕਹਿੰਦਾ ਹੈ ਕਿ ਹੇ ਨਾਨਕ! ਮੈਂ ਪਾਰਬ੍ਰਹਮ ਪ੍ਰਮੇਸ਼ਰ ਤੇ ਤੂੰ ਗੁਰੂ ਪ੍ਰਮੇਸ਼ਰ। ਇਧਰ ਗੁਰੂ ਦਸਵੇਂ ਪਾਤਸ਼ਾਹ ਕਹਿੰਦੇ ਨੇ -

*ਠਾਢ ਭਯੋ ਮੈ ਜੋਰਿ ਕਰ, ਬਚਨ ਕਹਾ ਸਿਰ ਨਿਆਇ।*
*ਪੰਥ ਚਲੈ ਤਬ ਜਗਤ ਮੈ, ਜਬ ਤੁਮ ਕਰਹੁ ਸਹਾਇ॥*
*ਕਬਿ ਬਾਚ ਦੋਹਰਾ*

ਅਕਾਲ ਪੁਰਖ ਕਹਿੰਦਾ ਹੈ -

*ਮੈ ਅਪਨਾ ਸੁਤ ਤੁਹਿ ਨਿਵਾਜਾ।* *(ਚੌਪਈ)*
*ਸਮੁੰਦੁ ਵਿਰੋਲਿ ਸਰੀਰੁ ਹਮ ਦੇਖਿਆ*

*ਇਕ ਵਸਤੁ ਅਨੂਪ ਦਿਖਾਈ॥*
*ਗੁਰ ਗੋਵਿੰਦੁ ਗੋੁਵਿੰਦੁ ਗੁਰੂ ਹੈ ਨਾਨਕ ਭੇਦੁ ਨ ਭਾਈ॥*
*ਅੰਗ - 442*

ਫੇਰ ਰੱਬ ਵਿਚ ਤਾਂ ਤਾਕਤ ਹੁੰਦੀ ਹੈ ਭਾਈ। ਐਹੋ ਜਿਹਾ ਸਟੰਟ ਰਚਣ ਦੀ ਕੀ ਲੋੜ ਸੀ ਗੁਰੂ ਮਹਾਰਾਜ ਨੂੰ। ਉਹ ਸਮਰੱਥ ਸੀ ਐਸਾ ਬਾਣੀ ਦੇ ਅੰਦਰ ਆਉਂਦਾ ਹੈ।

*ਸਤਿਗੁਰੁ ਮੇਰਾ ਸਰਬ ਪ੍ਰਤਿਪਾਲੈ॥*
*ਸਤਿਗੁਰੁ ਮੇਰਾ ਮਾਰਿ ਜੀਵਾਲੈ॥*
*ਸਤਿਗੁਰ ਮੇਰੇ ਕੀ ਵਡਿਆਈ॥*
*ਪ੍ਰਗਟੁ ਭਈ ਹੈ ਸਭਨੀ ਥਾਈ॥* *ਅੰਗ - 1142*

ਗੁਰੂ ਮਹਾਰਾਜ ਜੋ ਕੁਛ ਵੀ ਕਰਿਆ ਹੈ ਸਾਮ੍ਹਣੇ ਕਰਿਆ ਹੈ। ਕਈ ਪ੍ਰੇਮੀ ਖਿਆਲ ਕਰਦੇ ਨੇ ਕਮਜ਼ੋਰ ਨਿਹਚਿਆਂ ਵਾਲੇ ਕਿ ਐਉਂ ਹੋ ਸਕਦਾ ਹੈ? ਉਹ ਤਾਂ ਗੁਰੂਆਂ ਦੀ ਗੱਲ ਹੈ, ਬਾਬਾ ਫਰੀਦ ਜਦੋਂ ਤਪ ਕਰਕੇ ਵਾਪਸ ਆਉਂਦਾ ਹੈ, ਪਹਿਲੀ ਵਾਰੀ ਬਾਰ੍ਹਾਂ ਸਾਲ ਬਾਅਦ। ਦਰਖਤ ਦੇ ਹੇਠਾਂ ਬੈਠਾ ਹੈ, ਚਿੜੀਆਂ ਰੌਲਾ ਪਾਈ ਜਾਂਦੀਆਂ ਸੀ। ਤਪ ਕਰਕੇ ਮਨ ਵਿਚ ਕ੍ਰੋਧ ਵਧਿਆ ਹੋਇਆ ਸੀ। ਉਤੇ ਨੂੰ ਦੇਖਿਆ, ਕਹਿੰਦਾ ਮਰ ਵੰਞੋ ਚਿੜੀਓ, ਸਾਰੀਆਂ ਹੀ ਮਰ ਗਈਆਂ। ਖਿਆਲ ਆਇਆ ਕਿ ਐਵੇਂ ਚਹਿ ਚਹਾਉਂਦੇ ਪੰਛੀ ਮੈਂ ਮਾਰ ਦਿਤੇ। ਮੈਨੂੰ ਕੀ ਮਿਲਿਆ। ਐਂ ਇਕ ਨਿਗ੍ਹਾ ਕਰੀ ਸਾਰੀਆਂ ਵਲ, ਕਹਿੰਦਾ ਉਡ ਵੰਞੋ ਚਿੜੀਓ। ਸਾਰੀਆਂ ਉਡ ਗਈਆਂ।

ਨਾਮਦੇਵ ਜੀ ਜਮੁਨਾ ਦੇ ਕੰਢੇ ਬੈਠੇ ਨੇ। ਨੌਜਵਾਨ ਬ੍ਰਾਹਮਣ ਦੀ ਅਰਥੀ ਜਾ ਰਹੀ ਹੈ। ਸਤੀ ਹੋਣ ਵਾਸਤੇ ਬੀਬੀ ਹਾਰ ਸ਼ਿੰਗਾਰ ਲਾ ਕੇ, ਪੂਰੇ ਵਸਤਰ ਪਹਿਨ ਕੇ ਜਾ ਰਹੀ ਹੈ। ਨਾਮਦੇਵ ਜੀ ਨੂੰ ਨਮਸਕਾਰ ਕਰਨ ਆਈ, ਆਪ ਦੇ ਨੇਤਰ ਬੰਦ ਸੀ, ਅਕਹਿ ਰਸ ਦੇ ਵਿਚ ਆਪ ਦੀ ਸੁਰਤ

ਲੱਗੀ ਹੋਈ ਸੀ। ਜਦੋਂ ਗਹਿਣਿਆਂ ਦਾ ਖੜਾਕ ਹੋਇਆ ਤਾਂ ਨੇਤਰ ਖੋਲ੍ਹੇ ਤਾਂ ਨਾਲ ਦੀ ਨਾਲ ਬਚਨ ਮੁੱਖ 'ਚੋਂ ਨਿਕਲ ਗਿਆ, ਬੇਟਾ! ਸੁਹਾਗ ਮਾਣ। ਬੀਬੀ ਨੇ ਬਚਨ ਫੜ ਲਿਆ, ਬਾਬਾ ਜੀ! ਮੇਰਾ ਸੁਹਾਗ ਤਾਂ ਅਰਥੀ ਤੇ ਪਿਆ ਹੈ। ਹੁਣ ਸਾਧੂ ਦਾ ਹੋ ਗਿਆ ਬਚਨ। ਸੰਸ਼ੋਪੰਜ ਦੇ ਵਿਚ ਪੈ ਗਈ। ਅੰਦਰੋਂ ਆਵਾਜ਼ ਆਈ ਕਹਿਣ ਲੱਗੀ, ਨਾਮਦੇਵ ਘਬਰਾ ਨਾ। ਮੋਢੇ ਤੋਂ ਫੜ ਕੇ ਕਹਿ ਦੇ ਰਾਮੁ ਕਹੁ ਉਠ। ਨਾਮਦੇਵ ਨੇ ਮੋਢੇ ਤੋਂ ਫੜਿਆ, ਉਠ ਕੇ ਕਹਿ ਦਿਤਾ। ਨਤੀਜਾ ਕੀ ਹੋਇਆ ਸੁਲਤਾਨ ਨੇ ਬੁਲਾ ਕੇ ਗਊ ਮਾਰ ਕੇ ਕਿਹਾ ਕਿ ਜੀਉਂਦੀ ਕਰ। ਕਹਿੰਦੇ ਮੈਂ ਤਾਂ ਨਹੀਂ ਸੀ ਕਰਿਆ। ਉਹ ਤਾਂ ਪ੍ਰਭੂ ਨੇ ਕਰਿਆ ਹੈ। ਮਤਲਬ ਸੀ ਕਿ ਉਨ੍ਹਾਂ ਨੇ ਬ੍ਰਾਹਮਣ ਦਾ ਲੜਕਾ ਜੀਉਂਦਾ ਕਰ ਦਿਤਾ।

ਬਾਬੇ ਅਟੱਲ ਦੀ ਵਾਰੀ ਰਾਤ ਨੂੰ ਬੱਚਿਆਂ ਨਾਲ ਖੇਲ੍ਹਦੇ ਹੋਏ ਰਹਿ ਗਈ, ਮੋਹਨ ਦੇ ਸਿਰ। ਰਾਤ ਨੂੰ ਉਹਦੇ ਸੱਪ ਲੜ ਗਿਆ। ਖੇਲ੍ਹ ਸ਼ੁਰੂ ਹੋ ਗਈ, ਵਾਰੀ ਦੇਣ ਆਇਆ ਨਾ। ਬਾਬਾ ਜੀ ਕਹਿੰਦੇ ਬੁਲਾਓ ਉਹਨੂੰ। ਕਹਿੰਦੇ ਉਹ ਤਾਂ ਆਉਂਦਾ ਨਹੀਂ। ਘਰ ਦੇ ਐਉਂ ਕਹਿ ਛੱਡਣ ਕਿ ਬਾਬਾ ਜੀ! ਆ ਕੇ ਲੈ ਜਾਣ। ਜਦੋਂ ਬਾਬਾ ਅਟੱਲ ਜੀ ਗਏ ਤਾਂ ਉਹ ਮਰਿਆ ਪਿਆ ਹੈ। ਤਾਂ ਖੂੰਡੀ ਗਲ ਵਿਚ ਪਾ ਕੇ ਕਹਿਣ ਲੱਗੇ, ਵਾਰੀ ਦੇਣ ਦਾ ਮਾਰਿਆ ਬਹਾਨਾ ਕਰਕੇ ਪਿਆ ਹੈਂ। ਕਹਿੰਦੇ ਉਠ ਵਾਰੀ ਦੇਹ। ਮੋਹਨ ਜਿੰਦਾ ਹੋ ਗਿਆ। ਇਤਿਹਾਸ 'ਚ ਆਉਂਦਾ ਹੈ ਕਿ ਗੁਰੂ ਛੇਵੇਂ ਪਾਤਸ਼ਾਹ ਨੇ ਗੱਲ ਪਸੰਦ ਨਾ ਕਰੀ। ਅਖੀਰ ਸਰੀਰ ਛੱਡਣਾ ਪਿਆ।

ਬਾਬਾ ਗੁਰਦਿੱਤਾ ਜੀ, ਪਤਾ ਲੱਗਿਆ ਕਿ ਸ਼ੇਰ ਆ ਗਿਆ, ਪਹਾੜੀਆਂ ਨੇ ਆ ਕੇ ਹਾਏ-ਦੁਹਾਈ ਮਚਾਈ ਕਿ ਬਾਬਾ ਜੀ ਸ਼ੇਰ ਆ ਗਿਆ, ਸਾਡੀਆਂ ਗਾਈਆਂ ਖਾਂਦਾ ਹੈ। ਬਾਬਾ ਜੀ ਜੰਗਲ ਵਿਚ ਚਲੇ ਜਾਂਦੇ ਨੇ, ਉਥੇ ਗਊ ਫਿਰਦੀ ਸੀ ਸ਼ੇਰ ਵਾਂਗੂੰ ਚਿੱਟੀ-ਮ-ਚਿੱਟੀ ਜਿਹੀ। ਦੂਰੋਂ ਸਮਝਿਆ ਕਿ ਸ਼ੇਰ ਹੈ, ਬਾਣ ਮਾਰਿਆ, ਗਊ ਮਰ ਗਈ। ਪਹਾੜੀਆਂ ਨੇ ਪਾ ਦਿਤਾ ਰੌਲਾ ਕਿ ਸਾਡੀ ਤਾਂ ਗਊ ਮਾਰ ਦਿਤੀ ਇਨ੍ਹਾਂ ਨੇ। ਅਸੀਂ ਤਾਂ ਰਾਜੇ ਕੋਲ ਫਰਿਆਦ ਕਰਾਂਗੇ। ਗੁਰੂ ਛੇਵੇਂ ਪਾਤਸ਼ਾਹ ਨੇ ਸ਼ਸਤਰ ਉਤਾਰ ਦਿਤੇ ਸੀ। ਹੁਣ

ਗੁਰੂ ਗੋਬਿੰਦ ਸਿੰਘ ਜੀ 1699 ਦੀ ਵਿਸਾਖੀ ਸਮੇਂ ਹਜ਼ਾਰਾਂ ਦੀ ਗਿਣਤੀ ਵਿਚ ਜੁੜੀ ਸੰਗਤ ਨੂੰ ਸੰਬੋਧਨ ਕਰਦਿਆਂ ਇਕ ਸੀਸ ਦੀ ਮੰਗ ਕਰ ਰਹੇ ਹਨ।

ਸਸ਼ੋਪੰਜ 'ਚ ਪੈ ਗਏ ਕਿ ਕੀ ਕਰਿਆ ਜਾਵੇ। ਇਨ੍ਹਾਂ ਨੇ ਰਾਜੇ ਨੂੰ ਕਹਿਣਾ ਹੈ, ਰਾਜੇ ਨੇ ਸਿਪਾਹੀ ਭੇਜਣੇ ਨੇ, ਬੜਾ ਇਹ ਤਾਂ ਭੁਚਾਲ ਪੈ ਜਾਣਾ ਹੈ ਗੱਲ ਦਾ। ਗੁਰੂ ਮਹਾਰਾਜ ਨੇ ਸ਼ਸਤਰ ਉਤਾਰ ਦਿਤੇ ਨੇ। ਇਕੋ ਤਰੀਕਾ ਦੇਖਿਆ ਕਿ ਹੁਣ ਤਾਂ ਇਹੀ ਹੈ ਕਿ ਗਊ ਜੀਉਂਦੀ ਕਰ ਦੇਈਏ। ਬਾਣ ਦੇ ਨਾਲ ਆਂਦਰਾਂ ਕੱਟ ਕੇ ਬਾਹਰ ਆ ਗਈਆਂ ਸੀ। ਉਥੇ ਵਾਹਿਗੁਰੂ ਕਹਿ ਕੇ, ਛਿੱਟਾ ਮਾਰ ਕੇ ਕਹਿੰਦੇ, ਉਠ ਖੜ੍ਹੀ ਹੋ, ਉਸੇ ਵੇਲੇ ਖੜ੍ਹੀ ਹੋ ਗਈ।

ਗੁਰੂ ਨਾਨਕ ਪਾਤਸ਼ਾਹ ਜਮੁਨਾ ਦੇ ਕੰਢੇ ਬੈਠੇ ਨੇ ਜਿਥੇ

ਗੁਰਦੁਆਰਾ ਬਣਿਆ ਹੋਇਆ ਹੈ ਬਾਹਰਲੇ ਪਾਸੇ। ਕੋਲ ਮਹਾਵਤਖਾਨਾ ਸੀ। ਅੰਮ੍ਰਿਤ ਵੇਲਾ ਹੋਇਆ, ਉਸ ਵੇਲੇ ਬਹੁਤ ਰੋਣ ਦੀ ਆਵਾਜ਼ ਕੰਨਾਂ 'ਚ ਆਈ। ਕਹਿੰਦੇ ਇਹ ਰੋਂਦੇ ਕਿਉਂ ਨੇ। ਮਰਦਾਨਿਆਂ ਜਾ ਕੇ ਪਤਾ ਲਿਆ। ਜਾ ਕੇ ਪਤਾ ਲਿਆਇਆ, ਕਹਿਣ ਲੱਗਿਆ, ਮਹਾਰਾਜ! ਮਹਾਵਤ ਦਾ ਇਹ ਹਾਥੀ ਮਰ ਗਿਆ ਹੈ ਇਨ੍ਹਾਂ ਦਾ ਜਿਹਦੇ ਉਤੇ ਸਾਰੇ ਪਰਿਵਾਰ ਨੂੰ ਤਨਖਾਹ ਮਿਲਦੀ ਹੈ। ਬੇਰੁਜ਼ਗਾਰ ਹੋ ਕੇ ਰੋਂਦੇ ਨੇ। ਮਹਾਰਾਜ ਕਹਿੰਦੇ ਲੱਗੇ ਜਾਹ, ਉਨ੍ਹਾਂ ਨੂੰ ਜਾ ਕੇ ਕਹਿ ਕਿ ਰੋਣ ਨਾਂਹ, ਹਾਥੀ ਤਾਂ ਜੀਉਂਦਾ ਹੈ। ਜਾ ਕੇ ਕਿਹਾ ਤਾਂ ਦੇਖਿਆ ਤਾਂ ਹਾਥੀ ਜੀਉਂਦਾ ਸੀ।

ਦੂਸਰੇ ਦਿਨ ਬਾਦਸ਼ਾਹ ਨੂੰ ਪਤਾ ਲੱਗਿਆ ਕਿ ਇਕ ਦਰਵੇਸ਼ ਆਇਆ ਹੋਇਆ ਹੈ, ਉਸ ਨੇ ਮਰਿਆ ਹੋਇਆ ਹਾਥੀ ਜੀਉਂਦਾ ਕਰ ਦਿਤਾ। ਉਹ ਆ ਕੇ ਕਹਿੰਦਾ ਮੈਂ ਸੁਣਿਆ ਹੈ ਕਿ ਦਰਵੇਸ਼ ਸਾਂਈ! ਸੁਣਿਐ ਤੂੰ ਹਾਥੀ ਮਰਿਆ ਹੋਇਆ ਜੀਉਂਦਾ ਕਰ ਦਿਤਾ। ਮਹਾਰਾਜ ਕਹਿੰਦੇ ਬਾਦਸ਼ਾਹ! ਮਾਰਨਾ ਜੀਵਾਲਣਾ ਪ੍ਰਮੇਸ਼ਰ ਦੇ ਹੱਥ ਹੁੰਦਾ ਹੈ। ਫਕੀਰਾਂ ਦੀ ਸਿਰਫ ਦੁਆ ਹੋਇਆ ਕਰਦੀ ਹੈ। ਕਹਿੰਦੇ ਹੁਣ ਮਾਰ ਕੇ ਦਿਖਾਓ। ਮਹਾਰਾਜ ਨੇ ਕਿਹਾ ਕਿ ਇਹ ਤਾਂ ਮਰਿਆ ਹੀ ਹੋਇਆ ਹੈ, ਹੁਣ ਮਾਰ ਕੇ ਕੀ ਦਿਖਾਵਾਂ। ਦੜੰਮ ਕਰਕੇ ਹਾਥੀ ਮਰ ਗਿਆ। ਕਹਿੰਦੇ ਹੁਣ ਜੀਉਂਦਾ ਕਰੋ। ਮਹਾਰਾਜ ਕਹਿੰਦੇ ਹੁਣ ਨਹੀਂ ਜੀਉਂਦਾ ਹੁੰਦਾ। ਕਹਿੰਦੇ ਰੱਬ ਦੀ ਸੁੱਟੀ ਹੋਈ ਨੂੰ ਸੰਤ ਚੁੱਕ ਲਿਆ ਕਰਦੇ ਨੇ, ਸੰਤਾਂ ਦੀ ਸੁੱਟੀ ਹੋਈ ਨੂੰ ਰੱਬ ਨਹੀਂ ਚੁਕਦਾ।

***ਮੇਰੀ ਬਾਂਧੀ ਭਗਤੁ ਛਡਾਵੈ***
***ਬਾਂਧੈ ਭਗਤੁ ਨ ਛੂਟੈ ਮੋਹਿ॥***
***ਏਕ ਸਮੈ ਮੋ ਕਉ ਗਹਿ ਬਾਂਧੈ***
***ਤਉ ਫੁਨਿ ਮੋ ਪੈ ਜਬਾਬੁ ਨ ਹੋਇ॥ ਅੰਗ - 1253***

ਕਹਿੰਦੇ ਜਿਹੜੇ ਸੰਤ ਹੁੰਦੇ ਨੇ, ਦੇਖ ਤੈਨੂੰ ਗੱਲ ਸਮਝਾਈਏ, ਰੱਬ ਦਾ ਮਾਰਿਆ ਹੋਇਆ ਐਂ ਸਮਝ ਲੈ ਕਿ ਅੱਗ ਦਾ ਕੋਲਾ ਹੈ। ਕੋਲੇ ਨੂੰ ਹੱਥ ਤੇ ਚੁੱਕ ਲਓ, ਘੁੰਮਾ ਲਓ ਦੋ ਚਾਰ ਵਾਰੀ, ਹੱਥ ਨਹੀਂ ਜਲਦਾ। ਸੰਤ ਜਿਹੜੇ ਹੁੰਦੇ ਨੇ ਉਹਦੇ ਰੰਗ ਦੇ ਵਿਚ ਲਾਲ ਹੋਏ ਹੁੰਦੇ ਨੇ, ਜਿਵੇਂ ਲੋਹਾ ਸੁੱਟ ਦੇਈਏ ਅੱਗ ਦੇ ਵਿਚ। ਲਾਲ ਸੁਰਖ ਹੋ ਜਾਏਗਾ, ਹੱਥ ਲਾ ਕੇ ਦਿਖਾਓ। ਅੱਗ ਦੇ ਵਿਚੋਂ ਹੱਥ ਲੰਘਾ ਲਓਂਗੇ, ਲੋਹੇ ਨਾਲ ਨਹੀਂ ਛੋਹ ਸਕਦੇ। ਛੋਹਣ ਸਾਰ ਹੱਥ ਜਲ ਜਾਏਗਾ। ਇਸ ਤਰ੍ਹਾਂ ਰੱਬ ਦੀ ਸੁੱਟੀ ਹੋਈ ਨੂੰ ਸੰਤ ਚਾਹ ਲੈਂਦੇ ਨੇ, ਸੰਤਾਂ ਦੀ ਸੁੱਟੀ ਹੋਈ ਨੂੰ ਰੱਬ ਨਹੀਂ ਚਾਹੁੰਦਾ। ਰੱਬ ਨਹੀਂ ਉਠਾ ਸਕਦਾ। ਸੋ ਇਸ ਤਰ੍ਹਾਂ ਦੇ ਨਾਲ ਇਕ ਘਟਨਾ ਨਹੀਂ ਸੈਂਕੜੇ ਹੀ ਨੇ।

ਗੁਰੂ ਅਮਰਦਾਸ ਜੀ ਮਹਾਰਾਜ ਅੰਮ੍ਰਿਤ ਵੇਲੇ ਉਠੇ, ਕਹਿੰਦੇ ਰੋਣ ਦੀ ਆਵਾਜ਼ ਕਿਥੋਂ ਆਉਂਦੀ ਹੈ? ਕਹਿੰਦੇ ਜੀ ਬ੍ਰਾਹਮਣੀ ਦਾ ਲੜਕਾ ਮਰ ਗਿਆ। ਕਹਿੰਦੇ ਜਾਓ ਉਹਨੂੰ ਕਹਿ ਦਿਓ, ਉਹ ਜੀਉਂਦਾ ਹੈ, ਰੋਵੇ ਨਾ। ਉਹ ਜੀਉਂਦਾ ਹੋ ਗਿਆ। ਮਹਾਰਾਜ ਨੇ ਕਾਲ ਹੀ ਬੰਦ ਕਰ ਦਿਤਾ ਕਿ ਸਾਡੇ ਜੀਉਂਦੇ-ਜੀਉਂਦੇ ਕੋਈ ਬੱਚਾ ਨਹੀਂ ਤੂੰ ਮਾਰਨਾ। ਇਥੇ ਨਹੀਂ ਤੂੰ ਵੜਨਾ ਆ ਕੇ। ਸੋ ਗੁਰੂ ਮਹਾਰਾਜ ਦੇ ਹੁੰਦੇ ਕਾਲ ਹੀ ਨਹੀਂ ਉਥੇ ਆ ਕੇ ਵੜਿਆ। ਸੋ ਇਸ ਤਰ੍ਹਾਂ ਅਨੇਕਾਂ ਹੀ ਮਿਸਾਲਾਂ ਨੇ।

ਸੋ ਜੋ ਉਹ ਦੂਜੀ ਗੱਲ ਕਹਿੰਦਾ ਸੀ ਕਿ ਕੋਈ ਮਾਤਾ ਸੀ ਉਸਨੇ ਕੋਈ ਚੀਜ਼ ਲਿਆ ਕੇ ਪਾਈ। ਉਹਦੇ ਬਾਰੇ ਇਤਿਹਾਸ ਲਿਖਦਾ ਹੈ ਕਿ ਜਦੋਂ ਮਾਤਾ ਜੀਤੋ ਜੀ ਨੂੰ ਬਾਬਾ ਬੁੱਢਾ ਕਿਆ ਨੇ ਜਾ ਕੇ ਦੱਸਿਆ, ਕਿ ਐਸਾ ਪੰਥ ਕਰਾਰਾ ਕਰ ਰਹੇ ਨੇ। ਬਈ ਇਹਨੂੰ ਸਾਂਭੇਗਾ ਕੌਣ? ਅੰਮ੍ਰਿਤ ਦਾ ਜੋ ਜਲ ਸੀ ਉਹ ਬਾਹਰ ਗਿਰਿਆ। ਕਿਸੇ ਚਿੜਿਆਂ ਨੇ ਚੁੰਝ ਭਰ ਲਈ, ਉਹ ਲੜੀ ਜਾਂਦੇ ਨੇ ਉਦੋਂ ਦੇ, ਖੂਨ ਨਿਕਲ ਰਿਹਾ ਹੈ। ਮਾਤਾ ਜੀ ਕੁਛ ਮਿਠਾਸ ਪਾਓ ਇਹਦੇ ਵਿਚ। ਉਸ ਵੇਲੇ ਮਾਤਾ ਜੀ ਨੇ ਪਤਾਸੇ ਲਿਆ ਕੇ ਅੰਮ੍ਰਿਤ ਜਲ ਬਣਦੇ-ਬਣਦੇ ਵਿਚ ਪਾ ਦਿਤੇ। ਉਸ ਵੇਲੇ ਮਹਾਰਾਜ ਜੀ ਨੇ ਬਚਨ ਕਰਿਆ ਕਿ –

***ਭਲਹੁ ਭਇਓ ਤੁਮ ਚਲ ਕਰ ਆਈ॥***
***ਨੀਰ ਵਿਖੇ ਪਾਈ ਮਧੁਰਾਈ॥***
***ਨਾ ਤਰਿ ਪੰਥ ਹੋਤ ਵਡ ਕਰੂਰਾ॥***
***ਤੇਜ ਕਰਮ ਕਰ ਕਲਹ ਕਰਿ ਪੂਰਾ॥***

ਨਹੀਂ ਤਾਂ ਬੜੀ ਕਲਾ ਵਧ ਜਾਣੀ ਸੀ। ਜਿਹਦੇ ਗਲ ਪੈ ਜਾਂਦੇ ਮਰੇ ਮਰਾਏ ਬਿਨਾਂ ਪਿਛੇ ਹਟਣਾ ਹੀ ਨਹੀਂ ਸੀ। ਸੋ ਇਸ ਤਰ੍ਹਾਂ ਦੇ ਨਾਲ ਇਹ ਇਕ ਬਹੁਤ ਵੱਡੀ ਘਟਨਾ ਰੂਹਾਨੀ ਇਤਿਹਾਸ ਵਿਚ ਵਰਤੀ। ਮਹਾਰਾਜ ਨੇ ਉਹ ਜਲ ਤਿਆਰ ਕਰ ਦਿਤਾ ਜਿਸਨੂੰ ਆਬ-ਏ-ਹਿਆਤ ਕਹਿੰਦੇ ਨੇ। ਚਿੜੀਆਂ ਪੀ ਲੈਣ ਕਹਿੰਦੇ ਬਾਜਾਂ ਦੇ ਉਪਰ ਝਪਟ ਪੈਂਦੀਆਂ। ਮੌਤ ਤੋਂ ਉਤੇ ਕਰ ਦਿਤਾ ਕਿਉਂਕਿ ਅੰਮ੍ਰਿਤ ਕਹਿੰਦੇ ਹੀ ਉਸ ਨੂੰ ਨੇ, 'ਅੰਮ੍ਰਿਤ' ਜਿਥੇ ਮੌਤ ਨਾ ਪਹੁੰਚ ਸਕੇ। ਏਸ ਅੰਮ੍ਰਿਤ ਦੇ ਨਾਲ, ਸਾਰਾ ਜਿੰਨਾ ਨਕਸ, ਨਿਖਾਰ ਕੌਮ ਦਾ ਬਦਲ ਕੇ ਰੱਖ ਦਿਤਾ। ਉਸ ਵੇਲੇ ਆਵਾਜ਼ ਆਉਂਦੀ ਹੈ ਕਿ ਪਿਆਰਿਓ! ਆਓ, ਤੁਸੀਂ ਸਾਰੇ ਅੰਮ੍ਰਿਤ ਨੂੰ ਪੀਓ।

***ਹਰਿ ਸਚੇ ਤਖਤ ਰਚਾਇਆ ਸਤਿ ਸੰਗਤਿ ਮੇਲਾ।***
***ਨਾਨਕ ਨਿਰਭਉ ਨਿਰੰਕਾਰ ਵਿਚਿ ਸਿਧਾ ਖੇਲਾ।***
***ਗੁਰੁ ਸਿਮਰ ਮਨਾਈ ਕਾਲਕਾ ਖੰਡੇ ਕੀ ਵੇਲਾ।***
***ਪੀਵਹੁ ਪਾਹੁਲ ਖੰਡੇਧਾਰ ਹੁਇ ਜਨਮ ਸੁਹੇਲਾ।***
***ਗੁਰ ਸੰਗਤਿ ਕੀਨੀ ਖਾਲਸਾ ਮਨਮੁਖੀ ਦੁਹੇਲਾ।***
***ਵਾਹ ਵਾਹ ਗੋਬਿੰਦ ਸਿੰਘ ਆਪੇ ਗੁਰੁ ਚੇਲਾ॥***
***ਭਾਈ ਗੁਰਦਾਸ ਜੀ ਦੀ ਵਾਰ 41/1***

ਪੰਜਾਂ ਨੂੰ ਛਕਾ ਦਿਤਾ। ਉਹ ਲਿਖਦਾ ਹੈ ਲਿਖਾਰੀ ਅਵਲ ਤੁਰਾਨੀ ਕਿ ਬਾਦਸ਼ਾਹ! ਮੈਂ ਹੈਰਾਨ ਹੋ ਗਿਆ। ਜਦੋਂ ਉਨ੍ਹਾਂ ਦੇ ਦੁਬਾਰਾ ਚਿਹਰੇ ਮੋਹਰੇ ਦੇਖੇ ਪਛਾਣੇ ਨਾ ਜਾਣ। ਐਹੋ ਜਿਹਾ ਰੰਗ ਚੜ੍ਹ ਗਿਆ, ਲਾਲ ਰੰਗ ਲਗ ਗਿਆ।

ਅਜੀਬ ਜੋਸ਼ ਫੈਲ ਗਿਆ ਸੰਗਤਾਂ ਦੇ ਅੰਦਰ। ਪੈਰ ਨਹੀਂ ਲਗਦੇ ਕਿ ਆਬ-ਏ-ਹਿਆਤ ਪ੍ਰਗਟ ਕਰ ਦਿਤਾ। ਜਿਹੜਾ ਮਰਿਆਂ ਨੂੰ ਜੀਉਂਦੇ ਕਰ ਦੇਵੇ, ਐਸਾ ਜਲ ਆ ਗਿਆ। ਉਹਦੇ ਵਿਚ ਹੁਣ ਵੀ ਸੱਤਿਆ ਹੈ। ਜੁੜੇ ਹੋਏ ਜਦੋਂ ਪੰਜ ਇਕੱਠੇ ਹੋ ਕੇ ਅੰਮ੍ਰਿਤ ਦਾ ਬਾਟਾ ਤਿਆਰ ਕਰਦੇ ਨੇ ਗੁਰੂ ਵਰਤਦਾ ਹੈ ਉਨ੍ਹਾਂ ਦੇ ਵਿਚ। ਸਾਧਸੰਗਤ ਜੀ ਪਹਿਲਾਂ ਹੀ ਗੁਰੂ ਹੁੰਦਾ ਹੈ ਇਕੱਲੇ-ਇਕੱਲੇ ਵਿਚ। ਜਦੋਂ ਪੰਜ ਹੋ ਜਾਂਦੇ ਨੇ ਫੇਰ ਤਾਂ ਕੋਈ ਸ਼ੱਕ ਹੀ ਨਹੀਂ ਰਹਿੰਦਾ।

ਇਕ ਮਿਸਾਲ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ, ਨਾਰੰਗਵਾਲ ਵਾਲੇ। ਉਹ ਆਪ ਲਿਖਦੇ ਨੇ ਕਿ ਲੁਧਿਆਣੇ ਅੰਮ੍ਰਿਤ ਛਕਾਉਣ ਲੱਗੇ, ਖਾਲਸਾ ਕਾਲਜ ਵਿਚ ਸਕੂਲ ਹੁੰਦਾ ਸੀ ਉਨ੍ਹਾਂ ਦਿਨਾਂ ਵਿਚ। ਉਸ ਵੇਲੇ ਪੰਜ ਪਿਆਰੇ ਪੂਰੇ ਨਾ ਹੋਣ। ਕਹਿੰਦੇ ਉਨ੍ਹਾਂ ਨੇ ਦੱਸਿਆ। ਅਸੀਂ ਕਿਹਾ ਕਿ ਅਰਦਾਸ ਕਰੋ, ਪੰਜਵੇਂ ਆ ਰਹੇ ਨੇ। ਜਦੋਂ ਅਰਦਾਸ ਕਰਕੇ ਪਿਛੇ ਦੇਖਿਆ ਤਾਂ ਪੰਜਵੇਂ ਵੀ ਖੜ੍ਹੇ ਸੀ। ਪੰਜਵੇਂ ਬੀਜੀ (ਬੀਬੀ ਰਣਜੀਤ ਕੌਰ ਜੀ) ਦੇ ਪਿਤਾ ਜੀ ਖੜ੍ਹੇ ਸੀ। ਅੰਮ੍ਰਿਤ ਦਾ ਬਾਟਾ ਤਿਆਰ ਹੋ ਗਿਆ, ਜਿਸ ਵਕਤ ਅੰਮ੍ਰਿਤ ਛਕਾਉਣ ਲੱਗੇ ਤਾਂ ਬਾਪੂ ਜੀ ਨੇ ਪਹਿਲਾਂ ਪੰਜ ਚੂਲੇ ਸਿਰ 'ਚ ਪਾਏ, ਫੇਰ ਉਸ ਤੋਂ ਬਾਅਦ ਪਿਲਾਏ, ਜਦੋਂ ਨੇਤਰਾਂ ਦੇ ਵਿਚ ਆਖਰੀ ਚੂਲਾ ਪਾਇਆ। ਉਸ ਵੇਲੇ ਕਿਹਾ ਬੋਲ, ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਹਿ। ਉਸ ਤੋਂ ਬੋਲ ਨਾ ਹੋਇਆ, ਨੌਜਵਾਨ ਬੱਚੇ ਤੋਂ। ਕਹਿੰਦੇ ਅਸੀਂ ਦੇਖਣ ਲਗ ਗਏ। ਕੀ ਦੇਖਦੇ ਹਾਂ ਕਿ ਬੱਚੇ ਦੀ ਸਮਾਧੀ ਲਗ ਗਈ। ਅਸੀਂ ਉਨ੍ਹਾਂ ਨੂੰ ਪੁੱਛਿਆ ਕਿ ਹੁਣ ਕੀ ਹੋਏਗਾ? ਕਹਿੰਦੇ ਜ਼ਰਾ ਜਲਾਲ ਜ਼ਿਆਦਾ 'ਚ ਆ ਕੇ ਛਿੱਟਾ ਮਾਰਿਆ ਗਿਆ। ਜੁੜੇ ਹੋਏ ਹਿਰਦੇ 'ਚੋਂ ਜਦ ਛਿੱਟਾ ਗਿਆ ਜਿਵੇਂ ਪਾਣੀ ਦੇ ਅੰਦਰ ਬਿਜਲੀ ਦੀ ਕਰੰਟ ਹੁੰਦੀ ਹੈ, ਠੀਕ ਇਸੇ ਤਰ੍ਹਾਂ ਕਰੰਟ ਸੀ। ਬੱਚੇ ਦੀ ਸੁਰਤ ਚੜ੍ਹ ਗਈ। ਕਹਿੰਦੇ ਹੁਣ 56 ਘੰਟੇ ਤੋਂ ਬਾਅਦ ਇਹਦੀ ਸੁਰਤ ਉਤਰਨੀ ਹੈ। ਕਿਉਂਕਿ ਜਲਾਲ ਜ਼ਿਆਦਾ ਵਿਚ ਆ ਕੇ ਛਿੱਟਾ ਮਾਰਿਆ ਗਿਆ। ਕਹਿੰਦੇ ਅਸੀਂ ਫੇਰ ਪੰਜਾਂ ਪਿਆਰਿਆਂ ਨੂੰ ਕਿਹਾ ਕਿ ਦੇਖੋ, ਓਨਾ ਕੁ ਜ਼ੋਰ ਦਿਓ, ਓਨਾ ਕੁ ਬਲ ਦਿਓ ਜਿੰਨਾਂ ਕੁ ਸਹਿ ਸਕੇ। ਅੰਮ੍ਰਿਤ ਛਕਾ ਦਿਤਾ, ਅਖੰਡਪਾਠ ਸ਼ੁਰੂ ਹੋ ਗਿਆ। ਉਸ ਤੋਂ ਬਾਅਦ 48 ਘੰਟੇ ਜਦੋਂ ਲੰਘ ਗਏ। ਕੀਰਤਨ ਸ਼ੁਰੂ ਹੋ ਗਿਆ, ਭੋਗ ਤੋਂ ਬਾਅਦ, ਕੀਰਤਨ ਕਰ ਰਹੇ ਹਾਂ, ਕਿ ਉਹ ਬੱਚਾ ਉਠ ਕੇ ਭਾਰ ਰਹਿਤ ਹੋ ਗਿਆ। ਉਚਾ ਉਠ ਗਿਆ। ਲੱਤਾਂ ਖੋਲ੍ਹ ਲਈਆਂ ਜਿਵੇਂ ਮੱਛੀ ਪਾਣੀ 'ਚ ਤੈਰਦੀ ਹੈ ਐਉਂ ਸੰਗਤਾਂ ਦੇ ਉਤੇ ਤੈਰਨ ਲਗ ਗਿਆ। ਸਾਡੇ ਵਾਜਿਆਂ ਦੇ ਉਤੇ ਦੀ ਹੋ ਕੇ ਗੁਰੂ ਗ੍ਰੰਥ ਸਾਹਿਬ ਜੀ ਦੇ ਅੱਗੇ ਆ ਕੇ ਲੰਮਾ ਪੈ ਗਿਆ। ਬਾਪੂ ਜੀ ਉਠ ਕੇ ਆ ਗਏ, ਕਹਿਣ ਲੱਗੇ ਕਿ ਭਾਈ ਸਾਹਿਬ! ਇਹਦੀ ਰੂਹ ਏਸ ਵੇਲੇ ਨਿਰੰਕਾਰ ਦੇ ਦਰਵਾਜ਼ੇ ਅੱਗੇ ਖੜ੍ਹੀ ਸੰਜੋਗ ਮੰਗ ਰਹੀ ਹੈ। ਆਪ ਕ੍ਰਿਪਾ ਕਰਕੇ ਲਾਵਾਂ ਦਾ ਕੀਰਤਨ ਕਰਨਾ ਸ਼ੁਰੂ ਕਰ ਦਿਓ। ਇਹ ਲਾਵਾਂ ਸੰਜੋਗ ਵਾਸਤੇ ਨੇ ਰੂਹ ਦੇ। ਆਪਾਂ ਕੰਮ ਲੈਂਦੇ ਹਾਂ ਵਿਆਹਾਂ ਸ਼ਾਦੀਆਂ ਦਾ। ਉਸ ਵੇਲੇ ਭਾਈ ਸਾਹਿਬ ਕਹਿੰਦੇ ਅਸੀਂ ਲਾਵਾਂ ਦਾ ਕੀਰਤਨ ਕਰ ਦਿਤਾ। ਬੱਚਾ ਜਿਹੜਾ ਸੀ ਉਹ ਲੰਮਾ ਪਿਆ ਮਹਾਰਾਜ ਦੇ ਅੱਗੇ। ਉਠ ਕੇ ਜਦੋਂ ਧਰਤੀ ਤੇ ਤੁਰਨ ਲੱਗਿਆ ਤਾਂ ਪੈਰ ਨਾ ਲੱਗਣ ਧਰਤੀ ਤੇ, ਉਤੇ ਹੀ ਰਹਿ ਜਾਵੇ। ਭਾਰ ਮੁਕਤ ਹੋ ਗਿਆ। ਹੌਲੀ-ਹੌਲੀ ਕਹਿੰਦੇ ਉਹਦੇ ਪੈਰ ਧਰਤੀ ਤੇ ਲੱਗੇ, ਆਹ ਕੱਲ੍ਹ ਦੀਆਂ ਗੱਲਾਂ ਨੇ ਬਹੁਤਾ ਨਹੀਂ ਫਰਕ ਪਿਆ।

ਬੀਜੀ ਵੀ ਤੁਹਾਡੇ ਬੈਠੇ ਨੇ ਤੇ ਪਿੰਡ ਵਾਲਿਆਂ ਨੂੰ ਵੀ ਪਤਾ ਹੈ ਕਿ ਇਹ ਘਟਨਾ ਕਿਸ ਤਰ੍ਹਾਂ ਵਾਪਰੀ ਸੀ।

ਏਥੇ ਅਸੀਂ ਕਹਿੰਦੇ ਹਾਂ ਕਿ ਜਪੁਜੀ ਸਾਹਿਬ ਦੇ ਪਾਠ ਕਰ ਲਓ। ਤੁਸੀਂ ਰਾਜ਼ੀ ਹੋ ਜਾਓਗੇ। ਇਕ ਚਿੱਤ ਹੋ ਕੇ ਕਰ ਲਓ, ਜਲ ਸਾਮ੍ਹਣੇ ਰੱਖ ਕੇ। ਜਲ ਸਾਮ੍ਹਣੇ ਰੱਖ ਕੇ ਕਰਦੇ ਨੇ, ਕਿਰਪਾਨ ਫੇਰਦੇ ਨੇ ਹਰ ਪਾਠ ਤੋਂ ਬਾਅਦ ਪੰਜ ਵਾਰੀ, ਨਾ ਕੋਈ ਡਾਕਟਰ ਦਵਾਈ ਦੇਣ ਵਾਲਾ, ਨਾ ਕੋਈ ਦਵਾਈ ਖਾਧੀ ਹੈ ਤੇ ਰਾਜ਼ੀ ਕਿਉਂ ਹੋ ਜਾਂਦੇ ਨੇ? ਕਿਉਂਕਿ ਬਾਣੀ ਦੇ ਵਿਚ ਸੱਤਿਆ ਹੈ ਸਾਧਸੰਗਤ ਜੀ! ਕਿੰਨੇ-ਕਿੰਨੇ ਬਿਮਾਰ ਰਾਜ਼ੀ ਹੋ ਕੇ ਇਥੋਂ ਗਏ ਨੇ। ਸੇਵਾ ਕਰਦੇ ਨੇ, ਸਿਮਰਨ ਕਰਦੇ ਨੇ, ਸਤਿਆ ਹੈ ਬਾਣੀ ਦੇ ਅੰਦਰ। ਜਦੋਂ ਵਾਹਿਗੁਰੂ ਦੇ ਨਾਲ ਸੁਰਤ ਜੁੜ ਜਾਂਦੀ ਹੈ, ਬਿਜਲਈ ਸ਼ਕਤੀ ਆ ਜਾਂਦੀ ਹੈ। ਆਹੀ ਹਾਲ ਅੰਮ੍ਰਿਤ ਦਾ ਹੈ, ਇਹ ਇਕ ਐਸੀ ਚੀਜ਼ ਹੈ ਜਿਹਨੂੰ ਅਸੀਂ ਦੱਸ ਨਹੀਂ ਸਕਦੇ। ਇਹ ਅੰਦਰਲੇ ਨਾਮ ਤੱਕ ਪਹੁੰਚ ਜਾਂਦੀ ਹੈ। ਸਾਡੇ ਅੰਦਰ ਵਾਹਿਗੁਰੂ ਦਾ ਨਾਮ ਪਿਆ ਹੈ -

*ਨਉ ਨਿਧਿ ਅੰਮ੍ਰਿਤੁ ਪ੍ਰਭ ਕਾ ਨਾਮੁ॥*
*ਦੇਹੀ ਮਹਿ ਇਸ ਕਾ ਬਿਸ੍ਰਾਮੁ॥*
*ਸੁੰਨ ਸਮਾਧਿ ਅਨਹਤ ਤਹ ਨਾਦ॥*
*ਕਹਨੁ ਨ ਜਾਈ ਅਚਰਜ ਬਿਸਮਾਦ॥* *ਅੰਗ - 293*

ਜਦੋਂ ਸ਼ਕਤੀਸ਼ਾਲੀ ਤਰੀਕੇ ਦੇ ਨਾਲ ਬਾਹਰੋਂ ਨਾਮ ਦੀ ਦਾਤ ਦਿਤੀ ਜਾਂਦੀ ਹੈ। ਇਸੇ ਤਰ੍ਹਾਂ ਦੇ ਨਾਲ, ਨਾਮ ਦੇ ਨਾਲ ਉਹਦਾ ਸੰਪਰਕ ਹੋ ਜਾਂਦਾ ਹੈ। ਅੰਦਰੋਂ ਨਾਮ ਪ੍ਰਗਟ ਹੋ ਜਾਂਦਾ ਹੈ ਤੇ ਗੁਰੂ ਮਹਾਰਾਜ ਅੰਮ੍ਰਿਤ ਨੂੰ ਨਾਮ ਹੀ ਦਸਦੇ ਨੇ -

*ਹਰਿ ਹਰਿ ਨਾਮੁ ਹੈ ਮੇਰੀ ਜਿੰਦੁੜੀਏ*
*ਅੰਮ੍ਰਿਤੁ ਗੁਰਮਤਿ ਪਾਏ ਰਾਮ॥*
*ਹਉਮੈ ਮਾਇਆ ਬਿਖੁ ਹੈ ਮੇਰੀ ਜਿੰਦੁੜੀਏ*
*ਹਰਿ ਅੰਮ੍ਰਿਤਿ ਬਿਖੁ ਲਹਿ ਜਾਏ ਰਾਮ॥* *ਅੰਗ - 538*

ਜਿਹੜੀ ਬਿਹੁ ਸਾਡੇ ਅੰਦਰ ਫੈਲੀ ਹੋਈ ਹੈ ਹਉਮੈ ਦੀ ਉਹਨੂੰ ਲਾਹੁਣ ਵਾਸਤੇ, ਕੇਵਲ ਅੰਮ੍ਰਿਤ ਦੇ ਵਿਚ ਸਮਰਥਾ ਹੈ ਜਿਸਨੂੰ ਨਾਮ ਕਹਿੰਦੇ ਨੇ। ਨਾਮ ਅੰਦਰੋਂ ਪ੍ਰਗਟ ਹੋ ਜਾਂਦਾ ਹੈ, ਨਾਮ ਹਉਮੈ ਦਾ ਨਾਸ਼ ਕਰ ਦਿੰਦਾ ਹੈ। ਸੋ ਇਸ ਤਰ੍ਹਾਂ ਦੇ ਨਾਲ ਗੁਰੂ ਮਹਾਰਾਜ ਜੀ ਨੇ ਅੰਮ੍ਰਿਤ ਜਦੋਂ ਛਕਾਇਆ, ਪਹਿਲਿਆਂ ਨੇ ਛਕਿਆ, ਦੂਸਰਿਆਂ ਨੇ, ਤੀਸਰਿਆਂ ਨੇ

ਐਸਾ ਦਸਦੇ ਨੇ ਕਿ ਵੀਹ ਹਜ਼ਾਰ ਉਸੇ ਵੇਲੇ ਅੰਮ੍ਰਿਤਧਾਰੀ ਸਿੰਘ ਹੋ ਗਿਆ। ਉਸ ਵੇਲੇ ਸਾਰਿਆਂ ਨੂੰ ਇਕੱਠੇ ਕਰਕੇ ਮਹਾਰਾਜ ਨੇ ਕਿਹਾ ਦੇਖੋ, ਅੱਜ ਤੋਂ ਬਾਅਦ ਤੁਸੀਂ ਅਕਾਲ ਪੁਰਖ ਤੋਂ ਵਾਹਿਗੁਰੂ ਤੋਂ ਬਗੈਰ ਹੋਰ ਕਿਸੇ ਨੂੰ ਮੰਨਣਾ ਨਹੀਂ। ਉਸ ਤੋਂ ਵੱਡਾ ਕਿਸੇ ਨੂੰ ਨਹੀਂ ਜਾਨਣਾ। ਗੁਰੂ ਨੂੰ ਵਾਹਿਗੁਰੂ ਦਾ ਰੂਪ ਸਮਝਣਾ ਹੈ। ਉਹ ਜਾਗ੍ਰਤ ਜੋਤ ਹੈ ਸਾਰੇ ਪਰੀਪੂਰਨ–

ਅੰਮ੍ਰਿਤ ਦੀ ਅਮਿਤ ਸ਼ਕਤੀ ਵਿਚ ਮਿਠਾਸ ਭਰਨ ਲਈ ਮਾਤਾ ਸਾਹਿਬ ਕੌਰ ਜੀ ਖੰਡੇ ਦੇ ਅੰਮ੍ਰਿਤ ਵਿਚ ਪਤਾਸੇ ਪਾ ਰਹੇ ਹਨ।

*ਜਿਮੀ ਜਮਾਨ ਕੇ ਬਿਖੈ ਸਮਸਤਿ ਏਕ ਜੋਤ ਹੈ।*
*ਨ ਘਾਟ ਹੈ ਨ ਬਾਢ ਹੈ, ਨ ਘਾਟਿ ਬਾਢਿ ਹੋਤ ਹੈ॥*
*ਅਕਾਲ ਉਸਤਤਿ*

ਚਾਰੋ ਪਾਸੇ ਜਿਧਰ ਵੀ ਦੇਖਦੇ ਹੋਂ, ਵਾਹਿਗੁਰੂ ਦੀ ਸੱਤਾ, ਵਾਹਿਗੁਰੂ ਜੀ ਆਪ ਫੈਲੇ ਹੋਏ ਨੇ, ਸੂਖਸ਼ਮ ਰੂਪ ਦੇ ਅੰਦਰ। ਉਸ ਜੋਤੀ ਨੂੰ ਜਪਣਾ ਹੈ ਵਾਹਿਗੁਰੂ-ਵਾਹਿਗੁਰੂ ਕਹਿ ਕੇ। ਆਪਣਾ ਜਿਹੜਾ ਭਰੋਸਾ ਹੈ ਉਹਨੂੰ ਡੋਲਣ ਨਹੀਂ ਦੇਣਾ।

*ਜਾਗਤ ਜੋਤਿ ਜਪੈ ਨਿਸ ਬਾਸੁਰ,*
*ਏਕ ਬਿਨਾ ਮਨ ਨੈਕ ਨ ਆਨੈ॥*
*ਪੂਰਨ ਪ੍ਰੇਮ ਪ੍ਰਤੀਤ ਸਜੈ,*
*ਬ੍ਰਤ ਗੋਰ ਮੜੀ ਮਟ ਭੂਲ ਨ ਮਾਨੈ॥*
*ਤੀਰਥ ਦਾਨ ਦਇਆ ਤਪ ਸੰਜਮ,*
*ਏਕ ਬਿਨਾ ਨਹਿ ਏਕ ਪਛਾਨੈ॥*
*ਪੂਰਨ ਜੋਤ ਜਗੈ ਘਟ ਮੈ,*
*ਤਬ ਖਾਲਸ ਤਾਹਿ ਨਖਾਲਸ ਜਾਨੈ॥ (ਖਾਲਸਾ)*

ਕਹਿੰਦੇ ਖਾਲਸਾ ਅੱਜ ਤੁਹਾਨੂੰ ਨਿਰਮਲ ਮਨੁੱਖ ਬਣਾ ਦਿਤਾ, ਬ੍ਰਹਮਗਿਆਨੀ ਬਣਾ ਦਿਤਾ। ਅੱਜ ਤੋਂ ਬਾਅਦ ਕਿਸੇ ਮੜ੍ਹੀ ਨੂੰ, ਮਸਾਣੀ ਨੂੰ, ਗੁੱਗੇ ਨੂੰ, ਕਿਸੇ ਨੂੰ ਵੀ ਨਹੀਂ ਮੰਨਣਾ, ਗੁਰੂ ਸਮਰੱਥ ਹੈ। ਗੁਰੂ ਅੱਗੇ ਸੀਸ ਨਿਵਾਉਣਾ ਹੈ। ਇਸ ਤਰ੍ਹਾਂ ਮਹਾਰਾਜ ਕਹਿੰਦੇ ਪਿਆਰਿਓ! ਵਰਤ, ਗੋਰ, ਮੜ੍ਹੀ, ਮੱਠ ਭੂਲ ਨਾ ਮਾਨੋ। ਤੀਰਥ ਸਭ ਤੋਂ ਵੱਡਾ ਨਾਮ ਹੈ। ਜਦੋਂ ਬ੍ਰਹਮਗਿਆਨ ਹੋ ਗਿਆ ਅੰਦਰ, ਵਾਹਿਗੁਰੂ ਪ੍ਰਗਟ ਹੋ ਗਿਆ ਅੰਦਰੋਂ ਉਸ ਵੇਲੇ ਉਹਨੂੰ 'ਖਾਲਸਾ' ਕਹਿੰਦੇ ਨੇ।

*ਆਤਮ ਰਸ ਜਿਹ ਜਾਨਹੀ*
*ਸੋ ਹੈ ਖਾਲਸ ਦੇਵ॥*
*ਪ੍ਰਭ ਮਹਿ ਮੋ ਮਹਿ ਤਾਸ*
*ਮਹਿ ਰੰਚਕ ਨਾਹਨ ਭੇਵ॥*
*(ਸਰਬ ਲੋਹ ਗ੍ਰੰਥ 'ਚੋਂ)*

ਆਤਮ ਗਿਆਨ ਜਿਸ ਦੇ ਅੰਦਰ ਪ੍ਰਗਟ ਹੋ ਗਿਆ, ਮਹਾਰਾਜ ਕਹਿੰਦੇ ਪਿਆਰਿਓ, ਮੇਰੇ ਵਿਚ, ਵਾਹਿਗੁਰੂ ਵਿਚ ਤੇ ਉਹਦੇ ਵਿਚ ਭੇਦ ਨਾ ਜਾਣਿਓ। 'ਖਾਲਸਾ' ਐਉਂ ਨਹੀਂ ਹੁੰਦਾ ਕਿ ਪਿਛੇ ਨਾਉਂ ਦੇ ਲਿਖ ਲਓ। ਝੂਠ ਬੋਲਦਾ ਹੋਵੇ, ਛਲ ਕਰਦਾ ਹੋਵੇ, ਮਾਇਆ ਦਾ ਲੋਭੀ ਹੋਵੇ, ਉਹ ਖਾਲਸਾ ਕਿਥੋਂ ਹੋ ਜਾਏਗਾ। ਖਾਲਸਾ ਤਾਂ ਉਹ ਹੈ ਜਿਹਦੇ ਅੰਦਰ ਜੋਤ ਪ੍ਰਗਟ ਹੋ ਗਈ। ਮਹਾਰਾਜ ਕਹਿੰਦੇ ਉਹਨੂੰ ਮਾਮੂਲੀ ਨਾ ਸਮਝਿਓ।

*ਖਾਲਸਾ ਅਕਾਲ ਪੁਰਖ ਕੀ ਫੌਜ॥*
*ਪ੍ਰਗਟਿਓ ਖਾਲਸਾ ਪ੍ਰਮਾਤਮ ਕੀ ਮੌਜ॥*
*ਜਬ ਲਗ ਖਾਲਸਾ ਰਹੇ ਨਿਆਰਾ॥*
*ਤਬ ਲਗ ਤੇਜ ਦੀਉ ਮੈ ਸਾਰਾ॥*
*ਜਬ ਇਹ ਗਹੈ ਬਿਪਰਨ ਕੀ ਰੀਤ॥*
*ਮੈਂ ਨ ਕਰੋਂ ਇਨ ਕੀ ਪ੍ਰਤੀਤ॥ (ਸਰਬ ਲੋਹ ਗ੍ਰੰਥ 'ਚੋਂ)*

ਅਕਾਲ ਪੁਰਖ ਹਿੰਦੁਸਤਾਨ ਦੀ ਫੌਜ ਤਾਂ ਨਹੀਂ ਹੈ। ਨਾ

ਪਾਕਿਸਤਾਨ ਦੀ ਹੈ, ਨਾ ਅਫ਼ਗਾਨਿਸਤਾਨ ਦੀ ਹੈ, ਇਹ ਤਾਂ ਸਾਰੇ ਸੰਸਾਰ ਵਾਸਤੇ ਇਕ ਚਾਨਣ-ਮੁਨਾਰਾ ਹੈ। ਜਿੰਨਾਂ ਚਿਰ ਇਹਦੇ ਆਦਰਸ਼ ਉਚੇ ਰਹਿਣਗੇ, ਜਿੰਨਾ ਚਿਰ ਤਕ ਇਹ ਬਾਣੀ ਨਾਲ ਜੁੜਿਆ ਰਹੇਗਾ, ਜਦੋਂ ਤੱਕ ਗੁਰੂ ਗ੍ਰੰਥ ਸਾਹਿਬ ਦੀਆਂ ਦੱਸੀਆਂ ਹੋਈਆਂ ਰਹਿਤਾਂ ਦੇ ਵਿਚ ਪਰਪੱਕ ਰਹੇਗਾ। ਗੁਰੂ ਗ੍ਰੰਥ ਸਾਹਿਬ ਦੀ ਰਹਿਤ ਕੀ ਕਹਿੰਦੀ ਹੈ।

*ਫਰੀਦਾ ਬੁਰੇ ਦਾ ਭਲਾ ਕਰਿ ਗੁਸਾ ਮਨਿ ਨ ਹਢਾਇ॥*
*ਦੇਹੀ ਰੋਗੁ ਨ ਲਗਈ ਪਲੈ ਸਭੁ ਕਿਛੁ ਪਾਇ॥*

*ਅੰਗ - 1382*

ਕਿਸੇ ਦੇ ਨਾਲ ਤੇਰੀ ਨਰਾਜ਼ਗੀ ਹੋ ਗਈ ਨਾ, ਕਿਸੇ ਨੇ ਬੁਰਾ ਕਰ ਦਿਤਾ ਤੇਰਾ ਜੇ, ਆਪ ਦੇ ਮਨ ਵਿਚ ਉਸ ਦੇ ਵਾਸਤੇ ਬੁਰਾ ਖਿਆਲ ਨਾ ਰੱਖ। ਤੈਨੂੰ ਵਾਹਿਗੁਰੂ ਦੇਵੇਗਾ ਕੀ। ਦੇਹੀ ਨੂੰ ਰੋਗ ਨਹੀਂ ਲੱਗੇਗਾ, ਕਿਉਂਕਿ ਅੱਧੀ ਦੁਨੀਆਂ ਤਾਂ ਈਰਖਾ ਨਾਲ ਬਿਮਾਰ ਹੋਈ ਹੋਈ ਹੈ। ਈਰਖਾ ਬਹੁਤ ਵੱਡਾ ਰੋਗ ਹੈ ਜਿਵੇਂ ਸਿਉਂਕ ਦਰਖਤ ਨੂੰ ਲਗਦੀ ਹੈ, ਐਉਂ ਈਰਖਾ ਮਨੁੱਖ ਨੂੰ ਲਗਦੀ ਹੈ। ਕਹਿੰਦੇ ਨੇ ਦਵਾਈ ਨਹੀਂ ਲਗਦੀ, ਦਵਾਈ ਕੀ ਲੱਗਣੀ ਹੈ ਈਰਖਾ ਜਾਲੀ ਜਾਂਦੀ ਹੈ। ਬਹੁਤੇ ਚਿੰਤਾ ਦੇ ਰੋਗੀ ਨੇ, ਬਹੁਤੇ ਵੈਰ ਦੇ ਰੋਗੀ ਨੇ, ਬਹੁਤੇ ਕਰੋਧ ਦੇ ਰੋਗੀ ਨੇ। ਮਹਾਰਾਜ ਕਹਿੰਦੇ ਇਹ ਗੱਲਾਂ ਛੱਡ ਦੇ, ਬੁਰੇ ਦਾ ਭਲਾ ਕਰ।

ਐਸੀਆਂ ਰਹਿਤਾਂ ਤੇ ਗੁਰੂ ਮਹਾਰਾਜ ਕਹਿੰਦੇ ਜਿੰਨੀ ਦੇਰ ਤੱਕ ਮੇਰਾ ਸਿੱਖ ਰਹੇਗਾ, ਦੁਨੀਆਂ ਸਤਿਕਾਰ ਦੇ ਨਾਲ ਇਹਨੂੰ ਸੀਸ ਨਿਵਾਏਗੀ। ਪਰ ਜਦੋਂ ਇਹ ਈਰਖਾ ਦੇ ਵਿਚ ਆਪ ਫਸ ਗਿਆ, ਪਾਰਟੀਆਂ ਦੇ ਵਿਚ ਆਪ ਫਸ ਗਿਆ, ਫੇਰ ਮੈਂ ਨਹੀਂ ਇਹਦਾ ਵਿਸ਼ਵਾਸ਼ ਕਰਨਾ। ਫੇਰ ਜਿਹੋ ਜਿਹੇ ਆਮ ਮਨੁੱਖ ਓਹੋ ਜਿਹਾ ਇਹ, ਬਾਹਰੋਂ ਰਹਿ ਜਾਏਗਾ, ਅੰਦਰੋਂ ਕੁਛ ਨਹੀਂ ਹੋਣਾ।

ਇਕ ਵਾਰੀ ਗੁਰੂ ਮਹਾਰਾਜ ਵੇਲੇ, ਭਾਈ ਬਚਿੱਤਰ ਸਿੰਘ ਨੇ ਇਕ ਸ਼ੇਰ ਮਾਰਿਆ, ਵੱਡਾ। ਮਹਾਰਾਜ ਕੋਲ ਖੱਲ੍ਹ ਲੈ ਆਏ। ਮਹਾਰਾਜ ਕਹਿੰਦੇ ਇਹਦੀ ਖੱਲ੍ਹ ਸਾਵਧਾਨੀ ਨਾਲ ਲਾਹੀ ਹੈ, ਕਹਿੰਦੇ ਹਾਂ ਜੀ। ਕਹਿਣ ਲੱਗੇ ਕੋਈ ਗਧਾ ਫੜ ਕੇ ਉਹਦੇ ਉਤੇ ਚਾੜ੍ਹ ਦਿਓ। ਇਕ ਵੱਡੇ ਕੱਦ ਦਾ ਗਧਾ ਸੀ ਉਹਦੇ ਉਤੇ ਚਾੜ੍ਹ ਦਿਤੀ। ਉਹ ਚਾੜ੍ਹੀ ਤਾਂ ਬਾਹਰ ਨੂੰ ਨਿਕਲ ਗਿਆ ਗਧਾ। ਉਹ ਫਸਲਾਂ 'ਚ ਵੜੇ ਕੋਈ ਰੋਕੇ ਹੀ ਨਾ, ਕੋਈ ਨੇੜੇ ਨਾ ਆਵੇ, ਜਿਧਰ ਨੂੰ ਜਾਵੇ ਨੱਠ ਜਾਣ ਸਾਰੇ। ਉਹ ਫਸਲਾਂ 'ਚ ਰਹਿਣ ਲਗ ਗਿਆ। ਜਿਹੜਾ ਗਧੇ ਦਾ ਮਾਲਕ ਸੀ ਉਹ ਲੱਭਦਾ ਫਿਰੇ ਉਹਨੂੰ ਲੱਭਿਆ ਨਾ। ਅਖੀਰ ਮਹਾਰਾਜ ਕੋਲ ਸ਼ਿਕਾਇਤ ਹੋਈ ਸੱਚੇ ਪਾਤਸ਼ਾਹ! ਖੇਤੀਆਂ ਦੀ ਸੰਭਾਲ ਤਾਂ ਜਾਂਦੀ ਰਹੀ, ਇਕ ਸ਼ੇਰ ਆਇਆ ਹੋਇਆ ਹੈ, ਖੇਤਾਂ 'ਚ ਹੀ ਰਹਿੰਦਾ ਹੈ, ਮਹਾਰਾਜ ਕਹਿੰਦੇ ਤੁਸੀਂ ਐਨੇ ਬੰਦੇ ਹੋਂ ਇਕੱਠੇ ਹੋ ਕੇ ਕੱਢ ਦਿਓ। ਕਹਿੰਦੇ, ਮਹਾਰਾਜ ਉਹਦਾ ਤਾਂ ਕੱਦ ਹੀ ਐਡਾ ਹੈ ਜਿਹਦੇ ਤੇ ਪੈ ਗਿਆ ਉਹ ਤਾਂ ਬਚਦਾ ਨਹੀਂ। ਇਕ ਗੁਰਸਿੱਖ ਨੂੰ ਕਹਿਣ ਲੱਗੇ ਕਿ ਜਾਹ, ਚਾਰ ਡੰਡੇ ਮਾਰ ਉਹਦੇ। ਉਹ ਗਿਆ ਜਾ ਕੇ ਗੁਰੂ ਦਾ ਹੁਕਮ ਮੰਨਿਆ ਕਿ ਕੋਈ ਕੌਤਕ ਹੈ, ਪੰਜ ਦੱਸ ਡੰਡੇ ਮਾਰੇ, ਨੱਠਿਆ ਨੱਠ ਕੇ ਆ ਕੇ ਆਪਣੇ ਘਰ ਆ ਗਿਆ। ਉਥੇ ਗਧੇ ਜਿਹੜੇ ਖੜ੍ਹੇ ਸੀ ਪੈਂਖੜ ਤੁੜਾਈ ਜਾਣ। ਉਹਦਾ ਜਿਹੜਾ ਮਾਲਕ ਸੀ ਉਸ ਨੇ ਨੱਠ ਕੇ ਜਾ ਕੇ ਕੁੰਡਾ ਲਾ ਲਿਆ। ਲੈ ਬਈ ਸ਼ੇਰ ਆ ਵੜਿਆ, ਅੱਜ ਨਹੀਂ ਮੇਰਾ ਬਚਣਾ ਕੁਛ। ਉਥੇ ਪਈ ਸੀ ਸੁਆਹ, ਸੁਆਹ ਦੇ ਉਤੇ ਲਿਟਣ ਲਗ ਗਿਆ, ਹਿੰਚਕੂ-ਹਿੰਚਕੂ ਕਰਨ ਲਗ ਗਿਆ। ਜਦੋਂ ਉਹਨੇ ਇਸ ਤਰ੍ਹਾਂ ਕਰਿਆ ਤਾਂ ਮਾਲਕ ਨੂੰ ਪਤਾ ਲੱਗ ਗਿਆ ਕਿ ਇਹ ਤਾਂ ਮੇਰੇ ਵਾਲਾ ਹੀ ਗਧਾ ਹੈ ਇਹ ਤਾਂ। ਗਧੇ ਵੀ ਡਰਨ ਤੋਂ ਹਟ ਗਏ। ਉਹਦੀ ਖੱਲ੍ਹ ਲਾਹ ਲਈ, ਗਧੇ ਨੂੰ ਕੁੱਟਿਆ, ਕਹਿੰਦੇ ਬੜੇ ਦਿਨ ਤੂੰ ਤਾਂ ਲੁਕਿਆ ਰਿਹਾ। ਮਹਾਰਾਜ ਕੋਲ ਲੈ ਆਏ, ਬੜਾ ਹਾਸਾ ਪਿਆ। ਕਹਿੰਦੇ ਸੱਚੇ ਪਾਤਸ਼ਾਹ! ਸਾਨੂੰ ਕੁਛ ਸਮਝਾ ਦਿਓ, ਇਹ ਗੱਲ ਕੀ ਹੈ? ਕੋਈ ਡਰਾਮਾ ਕਰਿਆ ਹੈ, ਜਾਂ ਕੋਈ ਕੌਤਕ ਹੈ? ਮਹਾਰਾਜ ਕਹਿੰਦੇ ਪਿਆਰਿਓ! ਅਸੀਂ ਤੁਹਾਨੂੰ ਤੇਜ ਦੇ ਦਿਤਾ। ਤੁਹਾਨੂੰ ਇਕ ਉਚਾ ਕਰੈਕਟਰ ਦਿਤਾ ਹੈ, ਤੁਹਾਡੀ ਕਦਰ ਰਹੇਗੀ ਸੰਸਾਰ ਦੇ ਅੰਦਰ। ਪਰ ਤੁਹਾਡੇ ਅੰਦਰੋਂ ਜੇ ਗੁਣ ਖਤਮ ਹੋ ਜਾਣਗੇ, ਤੁਹਾਡੇ ਅੰਦਰ ਨਾਮ ਦੀ ਕਮਜ਼ੋਰੀ ਆ ਜਾਏਗੀ। ਬਾਣੀ ਨਹੀਂ ਪੜ੍ਹੋਗੇ, ਵਿਸ਼ੇ ਵਿਕਾਰਾਂ 'ਚ ਪੈ ਜਾਓਗੇ, ਸੰਸਾਰ ਨੂੰ ਪਤਾ ਲਗ ਜਾਏਗਾ ਕਿ ਇਹ ਤਾਂ ਉਪਰੋਂ ਸ਼ੇਰ ਹੈ ਅੰਦਰੋਂ ਖੋਟਾ ਹੈ। ਕਹਿੰਦੇ ਫੇਰ ਨਹੀਂ ਤੁਹਾਨੂੰ ਕਿਸੇ ਨੇ ਪੁੱਛਣਾ, ਤੁਹਾਡੀ ਬੇਇਜ਼ਤੀ ਹੋਏਗੀ।

*ਜਬ ਲਗ ਖਾਲਸਾ ਰਹੇ ਨਿਆਰਾ॥*
*ਤਬ ਲਗ ਤੇਜ ਦੀਉ ਮੈ ਸਾਰਾ॥*
*ਜਬ ਇਹ ਗਹੈ ਬਿਪਰਨ ਕੀ ਰੀਤ॥*
*ਮੈਂ ਨ ਕਰੋਂ ਇਨ ਕੀ ਪ੍ਰਤੀਤ॥ (ਸਰਬ ਲੋਹ ਗ੍ਰੰਥ 'ਚੋਂ)*

ਸੋ ਇਸ ਤਰ੍ਹਾਂ ਗੁਰੂ ਦਸ਼ਮੇਸ਼ ਪਿਤਾ ਨੇ ਅੱਜ ਦੇ ਦਿਨ ਸਾਨੂੰ ਬਹੁਤ ਉਪਦੇਸ਼ ਦਿਤੇ। ਜਾਤ ਪਾਤ ਦਾ ਭੇਤ ਨਹੀਂ ਮੰਨਣਾ ਪਿਆਰਿਓ! ਇਹ ਤਾਂ -

*ਅਵਲਿ ਅਲਹ ਨੂਰੁ ਉਪਾਇਆ ਕੁਦਰਤਿ ਕੇ ਸਭ ਬੰਦੇ॥*
*ਏਕ ਨੂਰ ਤੇ ਸਭੁ ਜਗੁ ਉਪਜਿਆ ਕਉਨ ਭਲੇ ਕੋ ਮੰਦੇ॥*

*ਅੰਗ - 1349*

ਇਕ ਨੂਰ ਤੋਂ ਸਾਰੀ ਸ੍ਰਿਸ਼ਟੀ ਪੈਦਾ ਹੋਈ ਹੈ। ਜਾਤ ਪਾਤ ਮਨੁੱਖ ਨੇ ਬਣਾਈ ਹੈ। ਸਭ ਨੂੰ ਭਰਾ ਕਰਕੇ ਮੰਨਣਾ

ਹੈ। ਉਚਾ ਨੀਵਾਂ ਨਹੀਂ ਮੰਨਣਾ। ਮਤ ਉਚੀ ਰੱਖਣੀ ਹੈ, ਮਨ ਹਮੇਸ਼ਾ ਨੀਵਾਂ ਰੱਖਣਾ ਹੈ। ਹੰਕਾਰ ਦੀ ਗੱਲ ਨਹੀਂ ਕਹਿਣੀ, ਨਿਮਰਤਾ ਦੀ ਗੱਲ, ਹਮੇਸ਼ਾ ਕਹਿਣਾ ਹੈ ਕਿ ਗੁਰੂ ਮਹਾਰਾਜ ਦੀ ਕ੍ਰਿਪਾ ਨਾਲ ਇਹ ਗੱਲ ਹੋ ਰਹੀ ਹੈ। ਬਾਣੀ ਦਾ ਪਾਠ ਕਰਨਾ ਹੈ। ਬਾਣੀ ਨੇ ਜਿਸ ਦੇਸ਼ 'ਚੋਂ ਬਾਣੀ ਆਈ ਹੈ, ਉਸ ਦੇਸ਼ ਵਿਚ ਲੈ ਜਾਣਾ ਹੈ। ਬਾਕੀ ਗੋਰ ਮੜ੍ਹੀ ਨਹੀਂ ਮੰਨਣੀ, ਹੋਰ ਚੀਜ਼ਾਂ ਰਸਮਾਂ ਜਿਹੜੀਆਂ ਭੈੜੀਆਂ ਜਿਹੀਆਂ ਨੇ ਉਹ ਮੰਨਣੀਆਂ ਨਹੀਂ। ਸੰਸਾਰ ਨੂੰ ਹਮੇਸ਼ਾ ਸੁਪਨਾ ਜਾਨਣਾ ਹੈ। ਸੁਪਨੇ ਦੀ ਤਰ੍ਹਾਂ ਇਥੇ ਸੰਸਾਰ ਤੋਂ ਰਹਿ ਕੇ ਜਾਣਾ ਹੈ। ਸੋ ਇਸ ਤਰ੍ਹਾਂ ਜਦੋਂ ਤੁਸੀਂ ਜਾਓਂਗੇ, ਤੁਹਾਡਾ ਇਥੇ ਲੋਕ ਵੀ ਸੁਖੀ ਹੋ ਜਾਏਗਾ, ਪਰਲੋਕ ਵੀ ਸੁਖੀ ਹੋ ਜਾਏਗਾ। ਸੋ ਐਸੀ ਅੱਜ ਦੇ ਦਿਨ ਘਟਨਾ ਵਾਪਰੀ ਓਹੀ ਬੰਦੇ ਜਿਹੜੇ ਐਨੇ ਹੀਣੇ ਸੀ, ਕਹਿੰਦੇ ਸੀ ਕਿ ਸਾਡੇ 'ਚ ਤਾਂ ਤਾਕਤ ਹੀ ਨਹੀਂ, ਸਾਡੀ ਤਾਂ ਉੱਨ ਹੀ ਲਾਹੁਣੀ ਹੈ, ਜਿਹੜਾ ਵੀ ਆ ਗਿਆ। ਉਨ੍ਹਾਂ ਨੂੰ ਆਪਣੇ ਗੌਰਵ ਦਾ ਪਤਾ ਲਗ ਗਿਆ, ਅੰਦਰਲੀ ਸ਼ਕਤੀ ਜਦੋਂ ਜਾਗੀ ਪਤਾ ਲਗ ਗਿਆ, ਕਿ ਅਸੀਂ ਨਿਤਾਣੇ ਨਹੀਂ ਹਾਂ, ਅਸੀਂ ਚਿੜੀਆਂ ਨਹੀਂ ਹਾਂ, ਜੇ ਉਨ੍ਹਾਂ 'ਚ ਸ਼ਕਤੀ ਹੈ ਤਾਂ ਸਾਡੇ ਵਿਚ ਉਨ੍ਹਾਂ ਨਾਲੋਂ ਜ਼ਿਆਦਾ ਹੈ ਕਿਉਂਕਿ ਸਾਡੇ ਵਿਚ ਅੰਮ੍ਰਿਤ ਦਾ ਪ੍ਰਵੇਸ਼ ਹੈ। ਸੋ ਕੌਮ ਬਦਲ ਕੇ ਰੱਖ ਦਿਤੀ, ਕਿਸਮਤ ਬਦਲ ਦਿਤੀ ਹਿੰਦੁਸਤਾਨ ਦੀ। ਉਹ ਜਰਵਾਣੇ ਜਿਨ੍ਹਾਂ ਦੇ ਦਲਾਂ ਦੇ ਦਲ ਅੱਠ ਸੌ ਸਾਲ ਤੋਂ ਕਦੇ ਇਰਾਨ ਵਾਲੇ ਆ ਗਏ, ਕਦੇ ਅਫ਼ਗਾਨਿਸਤਾਨ ਵਾਲੇ ਆ ਗਏ, ਕਦੇ ਤੁਰਕਿਸਤਾਨ ਵਾਲੇ ਆ ਗਏ, ਕਦੇ ਇਰਾਕ ਵਾਲੇ ਆ ਗਏ, ਕਦੇ ਅਰਬ ਵਾਲੇ ਆ ਗਏ। ਇਕ ਬੰਦਾ ਆਇਆ ਸੀ ਓਹਨੇ ਆ ਕੇ ਮੁਹੰਮਦ ਕਾਸਿਮ ਸੀ ਓਹਦਾ ਨਾਉਂ, ਸਿਰਫ ਅੱਠ ਸੌ ਧਾੜਵੀ ਨਾਲ ਲਿਆਇਆ ਸੀ। ਰਾਜੇ ਦਾਹਰ ਦੇ ਉਤੇ ਆ ਕੇ ਲੜਨ ਲੱਗਿਆ, ਉਹ ਲੜਿਆ ਨਾ, ਉਹ ਕਹਿੰਦਾ ਮੈਂ ਤਾਂ ਲੜਨਾ ਨਹੀਂ, ਕਿਲਾ ਲੁੱਟ ਲਿਆ। ਦੋ ਲੜਕੀਆਂ ਲੈ ਗਿਆ। ਉਹਨੇ ਜਾ ਕੇ ਦੱਸ ਦਿਤਾ ਕਿ ਉਥੇ ਤਾਂ ਕੁਛ ਵੀ ਨਹੀਂ ਹੈ, ਐਵੇਂ ਹੀ ਨੇ, ਹਥਿਆਰ ਨੂੰ ਦੇਖ ਕੇ ਡਰਦੇ ਨੇ। ਉਸ ਵੇਲੇ ਧਾੜਾਂ ਦੀਆਂ ਧਾੜਾਂ ਆਉਣ ਲਗ ਗਈਆਂ। ਬਾਬਰ ਸਿਰਫ 12000 ਬੰਦੇ ਲਿਆਇਆ ਸੀ, ਐਧਰਲੇ ਪਾਸੇ ਦੋ ਲੱਖ ਬੰਦਾ ਉਸਦੇ ਮੁਕਾਬਲੇ ਤੇ ਸੀ। 12 ਹਜ਼ਾਰ ਦਾ ਮੁਕਾਬਲਾ ਨਾ ਕਰਨ ਕਰਕੇ, ਸੱਤ ਅੱਠ ਪੁਸ਼ਤਾਂ ਉਨ੍ਹਾਂ ਦੀਆਂ ਇਥੇ ਰਾਜ ਕਰਦੀਆਂ ਰਹੀਆਂ। ਇਹ ਤਾਂ ਗੁਰੂ ਦਸ਼ਮੇਸ਼ ਪਿਤਾ ਸੀ ਜਿਨ੍ਹਾਂ ਨੇ ਉਲਟਾ ਬੰਨ੍ਹ ਲਾ ਕੇ ਪਰਲੇ ਪਾਸੇ ਨੂੰ ਤੋਰ ਦਿਤਾ। ਇਧਰੋਂ ਚੜ੍ਹਨ ਲਗ ਗਏ, ਜਮਰੌਦ ਤਕ ਚਲੇ ਗਏ। ਅਫਸੋਸ ਗੁਰੂ ਨੇ ਬਰਕਤਾਂ ਬੜੀਆਂ ਵਰਤੀਆਂ, ਪਰ ਇਹ ਜਿਹੜੇ ਸਾਡੇ ਰਾਜੇ ਸੀ, ਸ਼ਰਾਬ ਦੇ ਪਿਆਲੇ 'ਚ ਗਰਕ ਹੋ ਗਏ, ਫੁੱਟ ਦਾ ਸ਼ਿਕਾਰ ਹੋ ਗਏ। ਸਭ ਕੁਛ ਕੀਤਾ ਹੋਇਆ, ਲੱਖਾਂ ਕੁਰਬਾਨੀਆਂ ਦਿਤੀਆਂ ਹੋਈਆਂ, ਦਿਨਾਂ ਦੇ ਵਿਚ ਬਰਬਾਦ ਕਰਕੇ ਰੱਖ ਦਿਤੀਆਂ। ਸੋ ਮਹਾਰਾਜ ਦੀ ਕਰੋਪੀ ਹੋ ਗਈ, ਕਿਉਂਕਿ ਉਹ ਗੱਲ ਨਾ ਰਹੀ, ਨਿਆਰਾ ਚਰਿੱਤਰ ਜਾਂਦਾ ਰਿਹਾ। ਸੋ ਸਾਧਸੰਗਤ ਜੀ! ਅੱਜ ਦੇ ਦਿਨ ਜੋ ਗੁਰੂ ਦੇ ਉਪਦੇਸ਼ ਨੇ, ਯਾਦ ਕਰੋ, ਜਿਹਦੇ ਅੰਦਰ ਨਾਮ ਹੈ –

***ਜਿਸੁ ਨਾਮੁ ਰਿਦੈ ਸੋਈ ਵਡ ਰਾਜਾ॥ ਅੰਗ - 1155***

ਉਹ ਰਾਜਿਆਂ ਦਾ ਰਾਜਾ ਹੈ –

***ਰਾਜਾ ਸਗਲੀ ਸ੍ਰਿਸਟਿ ਕਾ ਹਰਿ ਨਾਮਿ ਮਨੁ ਭਿੰਨਾ॥***
***ਅੰਗ - 707***

ਰਾਜਾ ਵੀ ਕਿਹੋ ਜਿਹਾ –

***ਜਾ ਕਾ ਕਹਿਆ ਦਰਗਹ ਚਲੈ॥***
***ਸੋ ਕਿਸ ਕਉ ਨਦਰਿ ਲੈ ਆਵੈ ਤਲੈ॥ ਅੰਗ - 186***

ਉਹ ਨਦਰਿ ਹੇਠ ਨਹੀਂ ਲਿਆਉਂਦਾ ਕਿਉਂਕਿ ਉਹਦਾ ਕਿਹਾ ਹੋਇਆ ਦਰਗਾਹ ਮੰਨਦੀ ਹੈ। ਸੋ ਆਪਣਾ ਜੀਵਨ ਉਚਾ ਕਰੋ, ਗੁਰੂ ਦੇ ਨਾਲ ਪਿਆਰ ਕਰੋ। ਇਹੀ ਅਰਦਾਸ ਹੈ।

ਵਾਹਿਗੁਰੂ ਜੀ ਕਾ ਖਾਲਸਾ
ਵਾਹਿਗੁਰੂ ਜੀ ਕੀ ਫਤਹਿ।

# ਪ੍ਰਭ ਸਿਮਰਤ ਕਛੁ ਬਿਘਨੁ ਨ ਲਾਗੈ

*ਸੰਤ ਵਰਿਆਮ ਸਿੰਘ ਜੀ*
*ਬਾਨੀ ਵਿ. ਗੁ. ਰੂ. ਮਿਸ਼ਨ*

*ਸ਼ਾਨ ......................................।*
*ਸਤਿਨਾਮ ਸ੍ਰੀ ਵਾਹਿਗੁਰੂ,*
*ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ!*

*ਡੰਡਉਤਿ ਬੰਦਨ ਅਨਿਕ ਬਾਰ ਸਰਬ ਕਲਾ ਸਮਰਥ॥*
*ਡੋਲਨ ਤੇ ਰਾਖਹੁ ਪ੍ਰਭੂ ਨਾਨਕ ਦੇ ਕਰਿ ਹਥ॥*
*ਪੰਨਾ - 256*
*ਫਿਰਤ ਫਿਰਤ ਪ੍ਰਭ ਆਇਆ ਪਰਿਆ ਤਉ ਸਰਨਾਇ॥*
*ਨਾਨਕ ਕੀ ਪ੍ਰਭ ਬੇਨਤੀ ਅਪਨੀ ਭਗਤੀ ਲਾਇ ॥*
*ਪੰਨਾ - 289*

*ਧਾਰਨਾ - ਪ੍ਰਭ ਸਭ ਕਿਛ ਤੇਰਾ ਜੀ,*
*ਮੈਂ ਕਿਛ ਨਾਹੀ -2, 2.*
*ਮੈਂ ਕਿਛੁ ਨਾਹੀ, ਮੈਂ ਕਿਛੁ ਨਾਹੀ -2, 2.*
*ਪ੍ਰਭ ਸਭ ਕਿਛ ਤੇਰਾ ਜੀ,.............. -2.*

*ਮੈ ਨਾਹੀ ਪ੍ਰਭ ਸਭੁ ਕਿਛੁ ਤੇਰਾ॥*
*ਈਘੈ ਨਿਰਗੁਨ ਊਘੈ ਸਰਗੁਨ*
*ਕੇਲ ਕਰਤ ਬਿਚਿ ਸੁਆਮੀ ਮੇਰਾ॥*
*ਨਗਰ ਮਹਿ ਆਪਿ ਬਾਹਰਿ ਫੁਨਿ ਆਪਨ*
*ਪ੍ਰਭ ਮੇਰੇ ਕੋ ਸਗਲ ਬਸੇਰਾ॥*
*ਆਪੇ ਹੀ ਰਾਜਨੁ ਆਪੇ ਹੀ ਰਾਇਆ ਕਹ ਕਹ ਠਾਕੁਰੁ*
*ਕਹ ਕਹ ਚੇਰਾ॥*
*ਕਾ ਕਉ ਦੁਰਾਉ ਕਾ ਸਿਉ ਬਲਬੰਚਾ*
*ਜਹ ਜਹ ਪੇਖਉ ਤਹ ਤਹ ਨੇਰਾ॥*
*ਸਾਧ ਮੂਰਤਿ ਗੁਰੁ ਭੇਟਿਓ ਨਾਨਕ*
*ਮਿਲਿ ਸਾਗਰ ਬੂੰਦ ਨਹੀ ਅਨ ਹੇਰਾ॥ ਅੰਗ - 827*

*ਧਾਰਨਾ - ਨਾਮ ਜਪੀਏ ਤਾਂ ਦੂਰ ਹੁੰਦੇ ਦੁਖੜੇ,*
*ਸੇਵਾ ਕਰਕੇ ਮਾਣ ਪਾਈਦੈ -2, 2.*
*ਪਿਆਰੇ ਜੀ, ਸੇਵਾ ਕਰਕੇ ਮਾਣ ਪਾਈਦੈ -2, 2.*
*ਨਾਮ ਜਪੀਏ ਤਾਂ ਦੂਰ ਹੁੰਦੇ ਦੁਖੜੇ,.......... -2.*

ਸਾਧ ਸੰਗਤ ਜੀ! ਚਿਤ ਬਿਰਤੀਆਂ ਇਕਾਗਰ ਕਰੋ, ਗੱਜ ਕੇ ਬੋਲੋ ਸਤਿਨਾਮ ਸ੍ਰੀ ਵਾਹਿਗੁਰੂ। ਗੁਰੂ ਮਹਾਰਾਜ ਜੀ ਦੀ ਅਪਾਰ ਕਿਰਪਾ ਕਰਕੇ ਇਸ ਧਰਤੀ ਦੇ ਪੁੰਨ ਕਰਮ ਜਾਗੇ, ਆਪਾਂ ਸਾਰਿਆਂ ਦੇ ਪੁੰਨ ਕਰਮ ਜਾਗੇ ਤੇ ਗੁਰੂ ਮਹਾਰਾਜ ਨੇ ਸਾਨੂੰ ਸਭ ਤੋਂ ਉਤਮ ਚੀਜ਼ ਸਤਿਸੰਗ ਦੀ ਬਖਸ਼ਿਸ਼ ਕਰ ਦਿੱਤੀ। ਐਵੇਂ ਹੀ ਨਹੀਂ ਸਤਿਸੰਗ ਮਿਲਿਆ ਕਰਦਾ। ਬੇਅੰਤ ਦੁਨੀਆ ਹੈ। ਕਿੰਨਿਆਂ ਦੇ ਭਾਗ ਵਿਚ ਹੈ ਇਹ ਚੀਜ਼। ਟਰੱਕ ਲੈ ਕੇ ਆਉਂਦੇ ਨੇ, ਟਰਾਲੀਆਂ ਲੈ ਕੇ ਆਉਂਦੇ ਨੇ, ਸੰਗਤਾਂ ਤੁਰੀਆਂ ਫਿਰਦੀਆਂ ਹਨ, ਲੰਗਰ ਇਥੇ ਆਉਂਦਿਆਂ ਨੂੰ ਮਿਲਦਾ ਹੈ ਪਰ ਕਿੰਨੇ ਕੁ ਬੰਦੇ ਨੇ ਜਿਨ੍ਹਾਂ ਦੇ ਭਾਗ ਜਾਗੇ ਨੇ? ਓਹੀ ਨੇ ਜਿਨ੍ਹਾਂ ਦੇ ਉਤੇ ਗੁਰੂ ਨੇ ਕਿਰਪਾ ਕਰ ਦਿੱਤੀ, ਐਸਾ ਸਿਧਾਂਤ ਹੈ ਗੁਰਬਾਣੀ ਦਾ –

*ਹਰਿ ਕੀਰਤਿ ਸਾਧਸੰਗਤਿ ਹੈ ਸਿਰਿ ਕਰਮਨ ਕੈ ਕਰਮਾ॥*
*ਕਹੁ ਨਾਨਕ ਤਿਸੁ ਭਇਓ ਪਰਾਪਤਿ*
*ਜਿਸੁ ਪੁਰਬ ਲਿਖੇ ਕਾ ਲਹਨਾ॥ ਅੰਗ - 642*

ਸੋ ਆਪਣੇ ਕੋਲ 6 ਦਿਨ ਦਾ ਪ੍ਰੋਗਰਾਮ ਹੈ, ਆਪਾਂ ਵਿਚਾਰ ਕਰਨੀ ਹੈ, ਸਭ ਤੋਂ ਜੋ ਸ੍ਰੇਸ਼ਟ ਸਾਡੇ ਸਿਧਾਂਤ ਨੇ, ਨਾਮ ਜਪਣਾ ਤੇ ਸੇਵਾ ਕਰਨੀ। ਇਸ ਦੀ ਜੇ ਮੈਂ ਡੂੰਘਾਈ ਵਿਚ ਜਾਵਾਂ, ਬਹੁਤ ਵੱਡਾ ਇਕ ਨਵਾਂ ਫਲਸਫਾ ਸ਼ੁਰੂ ਹੋ ਜਾਏਗਾ ਪਰ ਆਮ ਬੋਲੀ ਵਿਚ ਜੇ ਅਸੀਂ ਕਹਿੰਦੇ ਹਾਂ ਕਿ ਭਾਈ ਨਾਮ ਜਪ ਕੇ ਦੁੱਖਾਂ ਦਾ ਖਾਤਮਾ ਹੁੰਦਾ ਹੈ ਸੇਵਾ ਕਰਕੇ ਮਾਣ ਪ੍ਰਾਪਤ ਹੁੰਦਾ ਹੈ।

ਗੁਰੂ ਨਾਨਕ ਪਾਤਸ਼ਾਹ ਜੀ ਤੋਂ ਪਹਿਲਾਂ, ਜਿਹੜਾ ਮੈਂ ਬਚਨ ਕਰਨ ਲੱਗਿਆ ਹਾਂ, ਇਹ ਅਪ੍ਰੈਲ ਮਹੀਨੇ ਦਾ ਵਿਸਾਖੀ ਦਾ ਪੁਰਬ ਹੈ। ਗੁਰੂ ਦਸਮੇਸ਼ ਪਿਤਾ ਨੇ ਜੋ ਖਾਲਸੇ ਦੀ ਸਾਜਨਾ ਕੀਤੀ ਹੈ, ਉਹ ਪਿਛਲੇ ਸਾਲ ਦੀ ਵਿਸਾਖੀ ਵਿਚ ਬਹੁਤ ਖੋਲ੍ਹ ਕੇ ਦੱਸੀ ਹੋਈ ਹੈ। ਉਨ੍ਹਾਂ ਕੀ ਕਰਿਆ? ਕਈਆਂ ਦਾ ਖਿਆਲ ਹੈ ਕਿ ਭਗਤੀ ਤੇ ਸ਼ਕਤੀ ਇਕੱਠੀ ਕਰ ਦਿੱਤੀ, ਅਸੀਂ ਇਹੀ ਕਹਿੰਦੇ ਹਾਂ ਸਾਡੇ ਪ੍ਰਚਾਰਕ ਵੀ ਇਹੀ ਕਹਿੰਦੇ ਨੇ। ਇਕ ਗੱਲ ਜਦੋਂ ਚੱਲ ਪੈਂਦੀ ਹੈ ਫੇਰ ਇਹ ਚਲਦੀ ਹੀ ਰਹਿੰਦੀ ਹੈ, ਉਸ ਨੂੰ ਠੀਕ ਕਰਨਾ ਬੜਾ ਔਖਾ ਹੁੰਦਾ ਹੈ। ਗੁਰੂ ਦਸਮੇਸ਼ ਪਿਤਾ ਨੇ ਇਕ ਕਰਾਮਾਤ ਦਿਖਾਈ ਸੀ ਸੰਸਾਰ ਨੂੰ, ਆਹ ਛੋਟੀਆਂ ਛੋਟੀਆਂ ਨਹੀਂ ਕਿ ਉਡ ਜਾਓ ਜੀ, ਅਲੋਪ ਹੋ ਜਾਓ ਜੀ। ਉਹ ਤਾਂ ਜੇ ਇਕ ਵੀ ਕਰਦੇ ਤਾਂ ਨਾ ਚਮਕੌਰ ਸਾਹਿਬ ਦਾ ਯੁੱਧ ਹੁੰਦਾ, ਨਾ ਅਨੰਦਪੁਰ ਸਾਹਿਬ ਦਾ ਹੁੰਦਾ, ਗੁਰੂ ਨਾਨਕ ਪਾਤਸ਼ਾਹ ਦੇ ਉਤੇ ਬਗਦਾਦ ਵਿਚ ਵੱਟੇ ਮਾਰਨ ਵਾਸਤੇ ਸਾਰਾ ਸ਼ਹਿਰ ਆ ਗਿਆ। ਪੀਰ ਦਸਤਗੀਰ ਨੇ ਕਹਿ ਦਿੱਤਾ ਕਿ ਇਹ ਬੰਦਾ ਜਿਹੜਾ ਆਇਆ ਹੈ, ਫਕੀਰ ਇਹ ਕੁਫਰ ਬੋਲ ਰਿਹਾ ਹੈ, ਇਸ ਨੂੰ ਮਾਰ ਦੇਣਾ ਚਾਹੀਦਾ ਹੈ। ਇਸਲਾਮ ਦੀ ਜਿਹੜੀ ਸਭ ਤੋਂ ਉੱਚੀ ਸੀਟ ਜਿਹੜੀ ਬਗਦਾਦ ਹੈ, ਵਿਦਵਾਨ ਸੀਟ ਵੈਸੇ ਤਾਂ ਕਾਅਬਾ ਵੀ ਹੈ, ਮੱਕਾ ਵੀ ਹੈ, ਮਦੀਨਾ ਵੀ ਹੈ ਲੇਕਿਨ ਜਿਥੇ ਗਿਆਨੀਆਂ ਦਾ ਵਾਸਾ ਸੀ, ਉਹ ਬਗਦਾਦ ਸੀ। ਬਗਦਾਦ ਦੇ ਪੀਰ ਨੂੰ ਸਭ ਤੋਂ ਵੱਡਾ ਮੰਨਿਆ ਜਾਂਦਾ ਸੀ, ਬਗਦਾਦ ਦੇ ਵਿਚ ਮੰਨਿਆ ਜਾਂਦਾ ਸੀ, ਉਸ ਨੇ ਕਿਹਾ ਇਥੇ ਆ ਕੇ ਐਡਾ ਕੁਫਰ ਇਸ ਫਕੀਰ ਨੂੰ ਮਾਰ ਦਿਓ। ਸਾਰੇ ਸ਼ਹਿਰ ਨੂੰ ਹੁਕਮ ਹੋ ਗਿਆ ਵੱਟੇ ਚੁੱਕ ਲਏ ਸਾਰਿਆਂ ਨੇ। ਸੰਗਸਾਰ ਇਕ ਸਜਾ ਹੁੰਦੀ ਹੈ, ਉਹ ਇਹ ਹੁੰਦੀ ਹੈ ਕਿ ਐਨੇ ਵੱਟੇ ਮਾਰੋ ਕਿ ਉਸ ਦੇ ਆਲੇ ਦੁਆਲੇ ਚਾਰੇ ਪਾਸੇ ਵੱਟੇ ਹੀ ਵੱਟੇ ਹੋ ਜਾਣ, ਵਿਚੋਂ

ਨਿਕਲ ਹੀ ਨਾ ਸਕੇ, ਬੋਝ ਥਲੇ ਆ ਕੇ, ਕੁਝ ਜਿਹੜੇ ਜਖਮ ਹੋਏ ਨੇ ਉਨ੍ਹਾਂ ਨਾਲ ਉਹ ਚੜ੍ਹਾਈ ਕਰ ਜਾਵੇ, ਸਹਿਕ-ਸਹਿਕ ਕੇ। ਬੜੀ ਬੁਰੀ ਸਜਾ ਦਿੰਦੇ ਸੀ। ਸਜਾ ਸੀ ਕਿਹੜੀ ਗੱਲ ਦੀ? ਕਿ ਖਿਆਲ ਨਹੀਂ ਸੀ ਰਲਿਆ ਪੀਰ ਨਾਲ। ਜਦੋਂ ਧਰਮ ਦੇ ਵਿਚ ਵਿਗਿਆਨਿਕ ਪਹੁੰਚ ਨਾ ਹੋਵੇ, ਕੋਈ ਧਰਮ ਹੈ ਭਾਵੇਂ ਦੁਨੀਆਂ ਦਾ, ਇਹ ਵੀ ਯਾਦ ਰੱਖੋ ਉਸ ਦੇ ਵਿਚ ਖਿਝ ਆ ਜਾਂਦੀ ਹੈ ਫੇਰ, ਕ੍ਰੋਧ ਆ ਜਾਂਦਾ ਹੈ। ਦੂਸਰੇ ਨੂੰ ਉਹ ਬਰਦਾਸ਼ਤ ਨਹੀਂ ਕਰਦਾ, ਕਹਿੰਦਾ ਇਸ ਨੂੰ ਮਾਰ ਦੇਈਏ। ਇਹ ਤਾਂ ਨਹੀਂ ਹੈ ਕਿ ਇਸ ਦੀ ਵੀ ਬਾਤ ਸੁਣੋ ਇਸ ਨੂੰ ਵੀ ਸਮਝਾਓ, ਸਮਝਾ ਕੇ ਦੱਸੋ ਕਿ ਕੀ ਗੱਲ ਹੈ ਲੇਕਿਨ ਇਹ ਹੁੰਦਾ ਹੈ ਕਿ ਸਹਿਣਾ ਨਹੀਂ, ਇਕ ਦਮ ਮਾਰ ਦਿਓ ਉਸ ਨੂੰ। ਐਸਾ ਉਨ੍ਹਾਂ ਧਰਮਾਂ ਵਿਚ ਹੁੰਦਾ ਹੈ ਜਿਨ੍ਹਾਂ ਵਿਚ ਕਮਜੋਰੀਆਂ ਹੁੰਦੀਆਂ ਹਨ। ਜਿਹੜਾ ਬੰਦਾ ਦਲੀਲ ਵਿਚ ਹਾਰ ਜਾਵੇ ਉਹ ਕਹਿੰਦਾ, ਮੈਂ ਇਸ ਨੂੰ ਮਾਰ ਦੇਣਾ ਹੈ ਕਿਉਂਕਿ ਉਸ ਦੀ ਦਲੀਲ ਖਤਮ ਹੋ ਗਈ ਅਗੇ ਚੱਲ ਨਹੀਂ ਸਕਿਆ। ਇਸ ਨੂੰ ਨਿਰਾਸ਼ਾ ਕਹਿੰਦੇ ਨੇ, ਮਾਯੂਸ ਹੋ ਜਾਂਦਾ ਹੈ ਫੇਰ ਉਹ ਮਾਰ ਦਿੰਦਾ ਹੈ ਦੂਜੇ ਨੂੰ। ਹੁਣ ਪੀਰ ਦੇ ਵਿਚ ਇਸ ਸੂਰਤ ਨੇ ਤਾਂ ਕੰਮ ਨਹੀਂ ਕਰਿਆ ਕਿ ਮੈਂ ਜਾ ਕੇ ਗੱਲ ਕਰਾਂ ਕਿ ਹੇ ਦਰਵੇਸ਼ ਸਾਈਂ! ਤੂੰ ਇਹ ਕਹਿੰਦਾ ਹੈ ਕਿ –

*ਪਾਤਾਲਾ ਪਾਤਾਲ ਲਖ ਆਗਾਸਾ ਆਗਾਸ॥*
*ਓੜਕ ਓੜਕ ਭਾਲਿ ਥਕੇ ਵੇਦ ਕਹਨਿ ਇਕ ਵਾਤ॥*
*ਸਹਸ ਅਠਾਰਹ ਕਹਨਿ ਕਤੇਬਾ ਅਸੁਲੂ ਇਕੁ ਧਾਤੁ॥*
*ਲੇਖਾ ਹੋਇ ਤ ਲਿਖੀਐ ਲੇਖੈ ਹੋਇ ਵਿਣਾਸੁ॥*

*ਅੰਗ - 5*

ਕਿ ਤੂੰ ਤਾਂ ਕਹਿੰਦਾ ਹੈ ਕਿ ਲੇਖਾ ਹੀ ਨਹੀਂ ਹੈ, ਅਸੀਂ ਕਹਿੰਦੇ ਹਾਂ 7 ਪਾਤਾਲ ਨੇ, 7 ਅਕਾਸ਼ ਨੇ ਤੇ ਐਡਾ ਕੁਫਰ ਤੂੰ ਇਥੇ ਆ ਕੇ ਕਿਉਂ ਬੋਲਦਾ ਹੈ। ਬਾਹਰੋਂ ਆਇਆ ਕੋਈ ਪਰਦੇਸੀ, ਫਰਜ ਬਣ ਜਾਂਦਾ ਹੈ ਸਾਡਾ ਕਿ ਉਸ ਦੀ ਬਾਤ ਸੁਣੋ, ਉਸ ਨੂੰ ਸੰਤੁਸ਼ਟ ਕਰੋ, ਉਤਰ ਦੇਵੋ, ਇਹ ਨਹੀਂ ਬਣਦਾ ਕਿ ਉਸ ਨੂੰ ਕੁਟੋ ਤੇ ਉਸ ਦੇ ਵਿਚ ਕਿਉਂਕਿ ਉਹ ਇਸ ਤੋਂ ਅੱਗੇ ਜਾਣਦਾ ਕੁਝ ਨਹੀਂ ਸੀ, ਬਹੁਤ ਜਿਆਦਾ ਹਉਮੈ ਅਭਿਮਾਨ ਵਧਿਆ ਹੋਇਆ ਸੀ ਕਿ ਮੈਂ ਵੱਡਾ ਪੀਰ ਹਾਂ, ਮੇਰੇ ਮੁਕਾਬਲੇ ਦਾ ਦੁਨੀਆਂ ਵਿਚ ਕੋਈ ਨਹੀਂ ਹੈ। ਇਹ ਜਿਹੜਾ ਦਰਵੇਸ ਆਇਆ ਹੈ ਇਹ ਝੂਠ ਬੋਲਦਾ ਹੈ, ਇਸ ਨੂੰ ਮਾਰ ਦਿਓ। ਦੂਜਾ ਇਹ ਹੈ ਕਿ ਸਰੋਦ ਵਜਾਉਂਦਾ ਹੈ, ਰਵਾਬ ਵਜਾਉਂਦਾ ਹੈ, ਜਦੋਂ ਕਿ ਇਥੇ ਕੋਈ ਸਾਜ ਵਜਾ ਨਹੀਂ ਸਕਦਾ, ਮਨ੍ਹਾ ਹੈ। ਰਾਗ ਹੀ ਮਨ੍ਹਾ ਕਰ ਦਿੱਤਾ, ਰਾਗ ਦਾ ਜਨਾਜ਼ਾ ਕੱਢ ਕੇ ਦਫਨ ਕਰ ਦਿੱਤਾ। ਔਰੰਗਜੇਬ ਨੇ ਵੀ ਇਵੇਂ ਹੀ ਕਰਿਆ ਸੀ। ਉਹ ਇੱਟਾਂ ਮਾਰਨ ਵਾਸਤੇ ਆਉਂਦੇ ਨੇ।

ਮਰਦਾਨਾ ਕਹਿਣ ਲੱਗਿਆ, " ਪਾਤਸ਼ਾਹ! ਦੇਖੋ ਕਿਵੇਂ ਰੋਹ ਕੇ ਨਾਲ ਆ ਰਹੇ ਨੇ ਸਾਰੇ। ਇਕ ਤੋਂ ਇਕ ਨੱਠ-ਨੱਠ ਕੇ ਅੱਗੇ ਵਧ ਰਿਹਾ ਹੈ, ਹੱਥਾਂ ਵਿਚ ਦੇਖੋ ਕਿਡੇ ਕਿਡੇ ਪੱਥਰ ਲਈ ਆਉਂਦੇ ਨੇ। ਕਈਆਂ ਨੇ ਤਾਂ ਦੋਏ ਹੱਥਾਂ ਨਾਲ ਚੁੱਕ ਕੇ ਸਿਰ ਤੇ ਰਖਿਆ ਹੋਇਆ ਹੈ।"

ਮਹਾਰਾਜ ਕਹਿੰਦੇ, "ਕੋਈ ਨਾ, ਮਰਦਾਨਿਆ! ਕਰਤਾਰ ਦੇ ਰੰਗ ਦੇਖ।"

ਉਸੇ ਵੇਲੇ ਮਹਾਰਾਜ ਜੀ ਨੇ ਬਾਂਗ ਦਿੱਤੀ 'ਸਤਿ ਸ੍ਰੀ ਅਕਾਲ' ਗੁਰ ਬਰ ਅਕਾਲ।' ਇਹ ਐਨੇ ਜੋਰ ਦੀ ਦਿੱਤੀ, ਸਾਰਿਆਂ ਦੇ ਹੱਥ ਜੁੜ ਗਏ, ਨਾ ਕੋਈ ਤੁਰੇ, ਨਾ ਕੋਈ ਹਿੱਲੇ। ਜਿਵੇਂ ਪੱਥਰ ਬਣ ਕੇ ਖੜ੍ਹ ਜਾਂਦੇ ਨੇ ਆਏਂ ਖੜ੍ਹ ਗਏ ਗੁਰੂ ਨਾਨਕ ਪਾਤਸ਼ਾਹ ਦੇ ਆਲੇ ਦੁਆਲੇ, ਪੀਰ ਵੀ ਨਾਲ ਹੈ ਕਿ ਮੈਂ ਦੇਖਾਂਗਾ। ਪੀਰ ਨੇ ਸਾਰਾ ਹੀ ਜੋਰ ਲਾ ਲਿਆ ਕਿ ਮੈਂ ਹੱਥ ਖੋਲ੍ਹ ਦੇਵਾਂ ਇਨ੍ਹਾਂ ਦੇ ਜੜ੍ਹ ਹੋਏ ਪਏ ਨੇ। ਨਹੀਂ ਕਰ ਸਕਿਆ ਤੇ ਉਸ ਵੇਲੇ ਗੁਰੂ ਨਾਨਕ ਨਾਲ ਬਚਨ ਕੀਤੇ, ਅਖੀਰ ਗੱਲ ਸਮਝ ਵਿਚ ਆਈ ਕਿ ਹਾਂ ਵਾਹਿਗੁਰੂ ਤਾਂ ਬੇਅੰਤ ਹੈ। ਇਸ ਦਾ ਕੀਤਾ ਹੋਇਆ ਬ੍ਰਹਿਮੰਡ ਬੇਅੰਤ ਹੈ, ਇਹ ਬੇਅੰਤ ਹੈ, ਇਸ ਦਾ ਕੋਈ ਅੰਤ ਨਹੀਂ, ਕੋਈ ਆਦਿ ਨਹੀਂ ਹੈ। ਗੁਰੂ ਮਹਾਰਾਜ ਨੇ ਠੀਕ ਹੈ ਸ਼ਕਤੀ ਦੇ ਨਾਲ ਉਹ ਰੋਕ ਰੱਖੇ। ਗੁਰੂ ਪੰਜਵੇਂ ਪਾਤਸ਼ਾਹ ਨੇ ਕੋਈ ਸ਼ਕਤੀ ਨਹੀਂ ਦਿਖਾਈ। ਜਿਸ ਵਕਤ ਗੁਰੂ ਮਹਾਰਾਜ ਚਰਨ ਧਰਨ ਲੱਗੇ ਲਾਲ ਰੰਗ ਦੀ ਹੋਈ ਹੋਈ ਤਵੀ ਦੇ ਉਤੇ ਤਾਂ ਭਾਈ ਪ੍ਰਾਣੇ ਤੋਂ ਸਹਿ ਨਾ ਹੋਇਆ, ਉਸ ਨੇ ਦੋਏ ਹੱਥ ਉਪਰ ਚੁੱਕ ਲਏ ਤੇ ਜਦੋਂ ਤਾੜੀ ਵਜਾਉਣ ਲੱਗਿਆ ਤਾਂ ਗੁਰੂ ਮਹਾਰਾਜ ਨੇ ਕਿਹਾ, "ਠਹਿਰ ਜਾਹ! ਕੀ ਕਰਦਾ ਹੈਂ? ਇਹ ਕੀ ਕਰਨ ਲੱਗਿਆ ਹੈਂ।"

ਕਹਿੰਦਾ, "ਮਹਾਰਾਜ! ਮੈਂ ਲਾਹੌਰ ਗਰਕ ਕਰਨ ਲੱਗਿਆ ਹਾਂ।"

ਕਹਿੰਦੇ, "ਇਥੇ ਤਾਂ ਕਿੰਨੇ ਹੀ ਰੱਬ ਦੇ ਪਿਆਰੇ ਰਹਿੰਦੇ ਨੇ, ਕਿੰਨੇ ਬੰਦਗੀ ਵਾਲੇ ਨੇ, ਇਨ੍ਹਾਂ ਨੇ ਕਸੂਰ ਕੀ ਕਰਿਆ ਹੈ, ਤੂੰ ਐਡੀ ਸਜ਼ਾ ਇਨ੍ਹਾਂ ਨੂੰ ਦੇਣ ਲੱਗਿਆ ਹੈਂ। ਜੇ ਕਰਨਾ ਹੁੰਦਾ ਅਸੀਂ ਨਾ ਕਰ ਦਿੰਦੇ, ਅਸੀਂ ਆਪਣੀ ਮਰਜ਼ੀ ਨਾਲ ਬੈਠ ਰਹੇ ਹਾਂ ਇਸ ਦੇ ਉਤੇ।"

ਸਾਈਂ ਮੀਆ ਮੀਰ ਆ ਗਏ, ਸਹਿ ਨਾ ਸਕੇ ਉਤੇ ਬੈਠਿਆ ਨੂੰ। ਬਾਹਾਂ ਉੱਚੀਆਂ ਕਰ ਲਈਆਂ।

ਮਹਾਰਾਜ ਕਹਿੰਦੇ, "ਪੀਰ ਜੀ! ਰਹਿਮ, ਫਜ਼ਲ। ਇਹ ਕੰਮ ਨਾ ਕਰਿਓ।"

ਕਹਿੰਦੇ, "ਮੈਂ ਦੇਖ ਨਹੀਂ ਸਕਦਾ ਮਹਾਰਾਜ।"

ਗੋਰਖ ਨਾਥ ਆ ਗਿਆ। ਕਹਿਣ ਲੱਗਿਆ, "ਹੇ ਨਾਨਕ! ਮੈਂ ਇਹ ਗਰਕ ਕਰ ਦੇਣਾ ਹੈ।"

ਮਹਾਰਾਜ ਕਹਿੰਦੇ, "ਨਹੀਂ! ਕੁਝ ਨਹੀਂ ਕਰਨਾ ਤੁਸੀਂ ਦੇਖੋ ਸਹੀ ਕੀ ਹੋ ਰਿਹਾ ਹੈ, ਇਹ ਅਸੀਂ ਆਪਣੇ ਆਪ ਹੀ ਚੁਣਿਆ ਹੈ। ਸ਼ਕਤੀਆਂ ਕਿਸ ਨੂੰ ਦਿਖਾਉਣੀਆਂ ਹਨ? ਕਿਸ ਨੂੰ ਸਰਾਪ ਦੇਣਾ ਹੈ? ਇਥੇ ਵਾਹਿਗੁਰੂ ਤੋਂ ਬਗੈਰ ਹੋਰ ਹੈ ਕੋਈ?"

ਜਦੋਂ ਮੀਆਂ ਮੀਰ ਜੀ ਨੇ ਇਹ ਗੱਲ ਸੁਣੀ। ਉਸ ਨੂੰ ਸਮਝ ਆ ਗਈ ਗੱਲ ਕਿ ਮੈਂ ਇਕ ਵਾਰੀ ਸਵਾਲ ਕਰਿਆ ਸੀ ਗੁਰੂ ਮਹਾਰਾਜ ਤੇ ਇਨ੍ਹਾਂ ਨੇ ਪੜ੍ਹਿਆ ਸੀ -

*ਮਨਿ ਸਾਚਾ ਮੁਖਿ ਸਾਚਾ ਸੋਇ॥*
*ਅਵਰੁ ਨ ਪੇਖੈ ਏਕਸੁ ਬਿਨੁ ਕੋਇ॥*
*ਨਾਨਕ ਇਹ ਲਛਣ ਬ੍ਰਹਮ ਗਿਆਨੀ ਹੋਇ॥*

*ਅੰਗ - 272*

ਉਸ ਵੇਲੇ ਮੈਂ ਕਿਹਾ ਸੀ ਕਿ ਮਹਾਰਾਜ! ਕੋਈ ਹੈ ਐਸਾ ਮਨੁੱਖ? ਦੇਖੋ ਪਿਛੇ ਤਾਂ ਤੱਤੀ ਤਵੀ ਹੈ, ਪਾਣੀ ਦੇ ਵਿਚ ਉਬਾਲੇ ਨੇ। ਦੂਜਾ ਦੇਖਿਆ ਹੀ ਨਹੀਂ ਉਨ੍ਹਾਂ ਨੇ ਇਕੋ ਹੀ ਚੀਜ਼ ਦੇਖੀ ਹੈ, ਕੋਈ ਵਿਸ਼ੇਸ਼ ਸ਼ਕਤੀ ਨਹੀਂ ਦਿਖਾਈ। ਗੁਰੂ ਦਸਵੇਂ ਪਾਤਸ਼ਾਹ ਨੇ ਕੋਈ ਸ਼ਕਤੀ ਜਿੰਦਗੀ ਵਿਚ ਨਹੀਂ ਦਿਖਾਈ, ਦੋਨੇ, ਹਸਤੀਆਂ ਸਹਿਜ ਦੀਆਂ ਸੀ, ਪੰਥ ਤਿਆਰ ਕਰਨਾ ਸੀ, ਸੀਸ ਲੈ ਕੇ ਉਨ੍ਹਾਂ ਵੱਲ ਦ੍ਰਿਸ਼ਟੀ ਕੀਤੀ ਸਾਰੇ ਉਠ ਕੇ ਬੈਠ ਗਏ। ਆਹ ਨਹੀਂ ਸੀ ਕਿ ਬੱਕਰੇ ਵੱਢੇ। ਬੱਕਰਿਆਂ ਦੇ ਨਹੀਂ ਅਸੀਂ ਸਿੱਖ, ਇਹ ਤਲਵਾਰ ਦੀ ਧਾਰ ਵਿਚੋਂ ਪੈਦਾ ਹੋਇਆ ਹੋਇਆ ਖਾਲਸਾ ਹੈ, ਬਹੁਤ ਵੱਡਾ ਇਸ ਨੇ ਕੰਮ ਕਰਨਾ ਹੈ। ਇਹ ਨਹੀਂ ਸੀ ਇਸ ਦੇ ਵਿਚ ਬੜਾ ਕਿੰਤੂ ਹੈ ਜਿਹੜੇ ਮੌਕੇ ਦੇ ਸੀ ਉਹ ਵੀ ਲਿਖਦੇ ਨੇ ਕਿ ਅਸੀਂ ਤਾਂ ਡਰ ਗਏ, ਸਾਨੂੰ ਇਹ ਪਤਾ ਨਹੀਂ ਹੈ ਕਿ ਕਿਸ ਦਾ ਸਿਰ ਕਿਸ ਦੇ ਨਾਲ ਲੱਗ ਗਿਆ।

ਕਈ ਬੰਦਿਆਂ ਦੇ ਮਨਾਂ ਵਿਚ ਇਹ ਤਰਕ ਹੁੰਦੀ ਹੈ, ਆਪਣੇ ਮੈਗਜ਼ੀਨ ਦੇ ਅੰਦਰ ਇਕ ਲੇਖ ਆਉਂਦਾ ਹੈ Living with the Himalayan Masters. 'ਹਿਮਾਲਿਆ ਦੇ ਸੰਤਾਂ ਸੰਗ ਨਿਵਾਸ' ਡਾ. ਸਵਾਮੀ ਰਾਮ ਇਥੇ ਬਹੁਤ ਆਉਂਦੇ ਸੀ ਰਤਵਾੜਾ ਸਾਹਿਬ। ਉਹ ਬਹੁਤ ਨੇਕ ਬੰਦੇ ਸੀ, 2500 ਬੈਡ ਦਾ ਹਸਪਤਾਲ ਉਨ੍ਹਾਂ ਨੇ ਸ਼ੁਰੂ ਕਰਿਆ ਹੋਇਆ ਹੈ, ਮੈਡੀਕਲ ਕਾਲਜ ਉਨ੍ਹਾਂ ਨੇ ਬਣਾ ਦਿੱਤਾ, ਹੋਰ ਅਨੇਕਾਂ ਪਰਉਪਕਾਰ ਦੇ ਕੰਮ ਕਰ ਦਿੱਤੇ। ਉਤਰਾ-ਕਾਸ਼ੀ ਵਿਚ ਭੂਚਾਲ ਆ ਗਿਆ। ਇਕ ਕਰੋੜ ਰੁਪਈਆ ਦਿੱਤਾ ਉਨ੍ਹਾਂ ਨੂੰ, ਸਾਰੇ ਸ਼ਹਿਰ ਨੂੰ ਟੀਨਾਂ ਖਰੀਦ ਕੇ ਆਪਣੇ ਕੋਲੋਂ ਦਿੱਤੀਆਂ।

ਉਹ ਕਹਿਣ ਲੱਗੇ ਮੈਂ ਇਕ ਵਾਰੀ ਪੜ੍ਹਾ ਰਿਹਾ ਸੀ ਮੌਤ ਦੇ ਉਤੇ, ਵਿਦਿਆਰਥੀ ਮੇਰੇ ਸਾਹਮਣੇ ਬੈਠੇ ਸੀ ਤੇ ਮੈਨੂੰ ਇਹ ਅਭਿਮਾਨ ਸੀ ਕਿ ਮੇਰੇ ਜਿੰਨਾ ਨਾ ਤਾਂ ਕੋਈ ਪੜ੍ਹਿਆ ਹੋਇਆ ਹੈ, ਨਾ ਕੋਈ ਮੇਰੇ ਵਰਗਾ ਬੋਲ ਸਕਦਾ ਹੈ। ਮੈਂ ਜਿਸ ਵਕਤ ਭਾਸ਼ਨ ਦੇ ਰਿਹਾ ਸੀ ਉਸ ਵਕਤ ਉਥੇ ਇਕ ਸਾਧੂ ਆ ਗਿਆ। ਉਹ ਹੱਸ ਪਿਆ ਕਰੇ ਜਦੋਂ ਮੈਂ ਬੋਲਿਆ ਕਰਾਂ। ਮੈਨੂੰ ਬੜਾ ਬੁਰਾ ਲੱਗਿਆ ਕਿ ਨਾਲੇ ਤਾਂ ਕਲਾਸ ਪਰੇਸ਼ਾਨ ਕਰ ਦਿੱਤੀ, ਨਾਲੇ ਐਵੇਂ ਕਮਲਿਆਂ ਵਾਂਗ ਹੱਸੀ ਜਾਂਦਾ ਹੈ। ਕਹਿੰਦੇ ਮੈਂ ਜਲਦੀ ਕਲਾਸ ਨੂੰ ਛੁੱਟੀ ਦੇ ਦਿੱਤੀ ਕਿ ਇਹ ਪੜ੍ਹਾਉਣ ਤਾਂ ਦਿੰਦਾ ਨਹੀਂ ਇਸ ਦੇ ਨਾਲ ਗੱਲ ਕਰੀਏ। ਕਲਾਸ ਨੂੰ ਮੈਂ ਕਿਹਾ ਤੁਸੀਂ ਜਾਓ ਸਾਰੇ। ਕਹਿੰਦਾ ਉਹ ਮੇਰੇ ਕੋਲ ਆ ਕੇ ਬਹਿ ਗਿਆ, ਫੇਰ ਹੱਸੀ ਜਾਵੇ, ਮੈਂ ਕਿਹਾ ਸਵਾਮੀ ਜੀ! ਮਹਾਤਮਾ ਜੀ! ਮੈਂ ਪੜ੍ਹਾਉਂਦਾ ਸੀ ਤੇ ਤੁਸੀਂ ਹਸਦੇ ਸੀ, ਤੁਸੀਂ ਕਲਾਸ ਨੂੰ ਕਿੰਨਾ ਪਰੇਸ਼ਾਨ ਕਰਿਆ। ਇਹ ਕਿਹੜਾ ਤਰੀਕਾ ਹੈ ਦੁਨੀਆਂ ਦੇ ਅੰਦਰ, ਕਿਉਂ ਹੱਸਦੇ ਸੀ? ਉਹ ਕਹਿੰਦਾ ਮੈਂ ਤਾਂ ਹੱਸਦਾ ਸੀ ਕਿ ਤੇਰੇ ਨਾਲੋਂ ਅਨਜਾਣ ਦੁਨੀਆਂ ਤੇ ਕੋਈ ਬੰਦਾ ਹੀ ਨਹੀਂ। ਉਹ ਕਹਿੰਦਾ ਮੇਰੇ ਨਾਲੋਂ ਪੜ੍ਹਿਆ ਹੋਇਆ ਕੋਈ ਬੰਦਾ ਨਹੀਂ, ਉਹ ਕਹਿੰਦਾ ਤੇਰੇ ਨਾਲੋਂ ਅਣਜਾਣ ਕੋਈ ਬੰਦਾ ਨਹੀਂ। ਕਹਿੰਦੇ ਮੈਂ ਕਿਹਾ ਕਿਉਂ? ਕਹਿੰਦਾ ਤੈਨੂੰ ਮੌਤ ਦਾ ਪਤਾ ਹੀ ਨਹੀਂ ਕਿ ਕੀ ਹੁੰਦੀ ਹੈ? ਕਹਿੰਦੇ ਮੈਂ ਕਿਹਾ, "ਤੁਸੀਂ ਇਹ ਗੱਲ ਕਿਵੇਂ ਕਹਿ ਦਿੱਤੀ।" ਕਹਿੰਦਾ, "ਜਾਹ! ਕੋਈ ਜੀਉਂਦੀ ਚੀਜ਼ ਫੜ ਲਿਆ।" ਕਹਿੰਦੇ ਮੈਂ ਕਿਹਾ ਹੋਰ ਮੈਂ ਕੀ ਫੜਨਾ ਹੈ ਇਕ ਵੱਡਾ ਸਾਰਾ ਕੀੜਾ ਫੜ ਲਿਆਇਆ ਤੇ ਮੈਂ ਕਿਹਾ ਲੈ ਫੜ। ਕਹਿੰਦਾ ਉਸ ਨੇ ਚਾਕੂ ਕੱਢਿਆ 2 ਹਿੱਸੇ ਕਰ ਦਿੱਤੇ ਉਸ ਦੇ। ਇਕ ਸੱਜੇ ਪਾਸੇ ਨੂੰ ਕਰ ਦਿੱਤਾ, ਇਕ ਖੱਬੇ ਪਾਸੇ ਨੂੰ ਕਰ ਦਿੱਤਾ ਆਪ ਬੈਠਾ ਰਿਹਾ। ਮੈਂ ਕੀ ਦੇਖਦਾ ਹਾਂ, ਹੈਰਾਨ ਹੋ ਗਿਆ ਕਿ ਕੱਟੇ ਹੋਏ ਕੀੜੇ ਦੇ ਟੁਕੜੇ ਇਕ ਦੂਜੇ ਵਲ ਨੂੰ ਸਰਕ ਸਰਕ ਕੇ ਦੋਏ ਜੁੜ ਗਏ ਆਪਸ ਵਿਚ ਤੇ ਕੀੜਾ ਫੇਰ ਤੁਰ ਪਿਆ। ਜੇ ਅੱਜ ਦੇ ਜ਼ਮਾਨੇ ਵਿਚ ਇਹ ਗੱਲ ਹੋ ਸਕਦੀ ਹੈ ਤਾਂ ਗੁਰੂ ਸਾਹਿਬ ਦੇ ਉਤੇ ਸ਼ੱਕ ਕਰਨ ਦੀ ਕੀ ਲੋੜ ਹੈ? ਇਹ ਨਾਸਤਕਤਾ ਨੂੰ ਜ਼ਾਹਿਰ ਕਰਦੀ ਹੈ, ਇਹ ਕੋਈ ਬਾਤਾਂ ਨਹੀਂ ਹਨ।

ਇਹ ਦੁਨੀਆਂ ਭਰ ਦੇ ਇਤਿਹਾਸ ਵਿਚ ਨੇ ਗੱਲਾਂ ਇਕੱਲੇ ਸਾਡੇ ਹੀ ਨਹੀਂ ਹਨ। ਹੁਣ ਸਮਾਂ ਨਹੀਂ ਕਿ ਮੈਂ ਇਕੱਲੇ ਇਕੱਲੇ ਦੀ ਬਾਤ ਕਰਾਂ। ਉਸ ਦੇ ਵਿਚ ਲਿਖਿਆ ਹੋਇਆ ਹੈ ਜਿਹੜਾ ਪਿਛਲੇ ਸਾਲ ਦਾ ਮੈਗਜ਼ੀਨ ਹੈ, ਹੁਣ ਵਾਲੇ ਵਿਚ ਵੀ ਲੇਖ ਲਿਖਿਆ ਹੋਇਆ ਹੈ, 'ਪੂਰੀ ਹੋਈ ਕਰਾਮਾਤ' ਉਹ ਕਰਾਮਾਤ ਕੀ ਸੀ? 5000 ਸਾਲ ਤੋਂ ਜਿਹੜਾ ਆਦਮੀ ਉਹ ਗਿਰਦਾ ਤੁਰਿਆ ਆਉਂਦਾ ਸੀ ਇਸ ਤੋਂ ਵੀ ਪਹਿਲਾਂ ਤੋਂ ਲੇਕਿਨ ਗਿਰਿਆ ਚੰਗੀ ਤਰ੍ਹਾਂ ਨਾਲ 5000 ਸਾਲ ਤੋਂ ਹੈ। ਪਹਿਲਾਂ ਤਾਂ ਆਪਣੇ ਆਪਣੇ ਅਸੂਲਾਂ ਤੇ ਕਾਇਮ ਸੀ। ਉਹ ਇਸ ਤਰ੍ਹਾਂ ਸੀ ਕਿ ਮਨੁੱਖ ਨੂੰ 4 ਹਿੱਸਿਆ ਵਿਚ ਵੰਡ ਦਿੱਤਾ ਸੀ। ਉਸ ਦਾ ਸਿਰ ਅੱਡ ਕਰ ਦਿੱਤਾ, ਡੌਲੇ ਅੱਡ ਕਰ ਦਿੱਤੇ, ਜਿਹੜੇ ਪੱਟ ਸੀ ਉਹ ਅੱਡ ਕਰ ਦਿੱਤੇ ਤੇ ਪੈਰ ਅੱਡ ਕਰ ਦਿੱਤਾ। ਕਈ ਪ੍ਰੇਮੀ ਕਹਿਣਗੇ ਇਹ ਵੀ ਗੱਲ ਹੋਈ। ਮਨੁੱਖ ਕਿਵੇਂ ਅੱਡ ਕਰ ਦਿੱਤਾ ਇਵੇਂ ਫੇਰ ਉਹ ਜੀਉਂਦਾ ਕਿਵੇਂ ਰਹਿ ਗਿਆ। ਉਹ ਇਹ ਸੀ ਸਾਧ ਸੰਗਤ ਜੀ! ਸਿਰ ਦੇ ਵਿਚ ਹੁੰਦੀ ਹੈ ਗਿਆਨ wisdom (ਅਕਲ) philosophy ਉਹ ਇਕ ਵਰਗ ਨੂੰ ਦੇ ਦਿੱਤੀ ਕਿ ਜਿਹੜਾ ਬੰਦਾ ਗਿਆਨ ਵਿਚ ਆਏਗਾ ਪੜ੍ਹੇਗਾ-ਲਿਖੇਗਾ, ਵੇਦ ਪੜ੍ਹ-ਪੜ੍ਹ ਸੁਣਾਏਗਾ ਉਸ ਦਾ ਨਾਉਂ ਬ੍ਰਾਹਮਣ ਰੱਖ ਦਿੱਤਾ ਗਿਆ। ਉਸ ਦੇ 6 ਕੰਮ ਕਰ ਦਿੱਤੇ ਗਏ। ਪਹਿਲਾਂ ਕੰਮ ਹੈ ਵੇਦ ਪੜ੍ਹਨੇ, ਵੇਦ

ਪੜ੍ਹਾਉਣੇ, ਦੂਸਰਾ ਹੈ ਜੱਗ ਕਰਨੇ, ਜੱਗ ਕਰਾਉਣੇ, ਤੀਸਰਾ ਉਸ ਦਾ ਕੰਮ ਹੈ ਦਾਨ ਲੈਣਾ ਤੇ ਦਾਨ ਦੇਣਾ ਇਹ ਅੱਡ ਹੋ ਗਏ ਇਨ੍ਹਾਂ ਨੂੰ ਨਾ ਬਾਕੀ ਦੇਸ਼ ਦਾ ਪਤਾ ਨਾ ਦੇਸ਼ ਵਿਚ ਕੋਈ ਤਰੱਕੀ ਕਰਨ ਦਾ ਪਤਾ। ਵੱਖਰਾ ਹੋ ਗਿਆ ਬਿਲਕੁਲ ਅਲੱਗ ਥਲੱਗ। ਇਹ ਬੰਨ੍ਹ ਦਿੱਤਾ ਕਿ ਇਸ ਦੀ ਰੋਜ਼ੀ ਵਾਸਤੇ ਦੇਣਾ ਪਏਗਾ ਰਾਜਿਆਂ ਨੂੰ ਤੇ ਜਿਹੜਾ ਹੈ ਕਮਾਈ ਵਾਲਾ ਵਰਗ ਵੈਸ਼ ਉਸ ਨੂੰ ਨਿਸ਼ਚਿਤ ਟੈਕਸ ਲਾ ਦਿੱਤੀ ਕਿ ਐਨਾ ਤੂੰ ਦੇਣਾ ਹੀ ਹੈ ਤੂੰ ਆਪਣੇ ਪਿੰਡ ਦੇ ਪ੍ਰੋਹਿਤ ਨੂੰ ਪਾਂਧੇ ਨੂੰ ਐਨਾ ਦੇਣਾ ਹੈ, ਪ੍ਰੋਹਿਤ ਨੂੰ ਐਨਾ ਦੇਣਾ। ਸਾਰਾ ਸਮਾਜ ਹੀ ਵੰਡਿਆ ਹੋਇਆ ਸੀ, ਬਜ਼ੁਰਗਾਂ ਨੂੰ ਪਤਾ ਹੈ। ਉਸ ਤੋਂ ਬਾਅਦ ਦੂਸਰਾ ਵਰਗ ਉਨ੍ਹਾਂ ਨੇ ਗਰਦਨ ਅਲੱਗ ਕਰ ਦਿੱਤੀ ਹੁਣ ਵਾਰੀ ਆ ਗਈ ਡੌਲਿਆਂ ਦੀ, ਡੌਲਿਆਂ ਵਿਚ ਹੁੰਦੀ ਹੈ ਤਾਕਤ। ਤਾਕਤ ਵਾਲਿਆਂ ਨੂੰ ਕਿਹਾ ਕਿ ਆਪਣੇ ਆਪ ਨੂੰ ਮਜ਼ਬੂਤ ਕਰੋ, ਤੁਸੀਂ ਕੋਈ ਕੰਮ ਨਹੀਂ ਕਰਨਾ, ਕੋਈ ਰੁਝੇਵਾਂ ਦੁਨੀਆਂ ਦਾ ਤੁਹਾਡੇ ਕੋਲ ਨਹੀਂ ਹੋਏਗਾ, ਸਾਰੀਆਂ ਜ਼ਮੀਨਾਂ ਦੀ ਮਾਲਕੀ ਤੁਹਾਡੀ ਹੋਏਗੀ, ਰਾਜ ਦੀ ਮਾਲਕੀ ਤੁਹਾਡੀ ਹੋਏਗੀ, ਤੁਸੀਂ ਰਾਜ ਕਰੋਗੇ ਲੇਕਿਨ ਜਿਹੜਾ ਕੰਮ ਹੈ ਸ਼ਸਤਰ ਚਲਾਉਣੇ ਸਿਖਣੇ, ਅਸਤ੍ਰਾਂ ਵਾਸਤੇ ਘੋਰ ਤਪ ਕਰਨੇ, ਅਸਤ੍ਰ ਕਹਿੰਦੇ ਨੇ ਜਿਵੇਂ ਪ੍ਰਮਾਣੂ ਬੰਬ ਵਗੈਰਾ ਨੇ। ਉਹ ਇਸ ਤਰ੍ਹਾਂ ਨਹੀਂ ਸੀ ਬਣਾਉਂਦੇ। ਉਹ ਮਾਨਸਿਕ ਸ਼ਕਤੀ ਦੇ ਨਾਲ ਤਿਆਰ ਕੀਤੇ ਜਾਂਦੇ ਸੀ। ਇਸ ਤਰ੍ਹਾਂ ਸਮਝ ਲਓ ਕਿ ਉਨ੍ਹਾਂ ਦੇ ਤਪਾਂ ਦੇ ਫਲ ਨਾਲ ਉਹ ਮਿਲਦੇ ਸੀ ਗੈਬ ਦੇ ਵਿਚੋਂ। ਇਹ ਉਨ੍ਹਾਂ ਦਾ ਕੰਮ ਹੋ ਗਿਆ ਦੇਸ਼ ਦੀ ਰਾਖੀ ਕਰਨੀ। ਤੀਜਾ ਵਰਗ ਸੀ ਵਪਾਰੀਆਂ ਦਾ, ਦੇਸ ਪ੍ਰਦੇਸ ਜਾ ਕੇ ਧਨ ਕਮਾਉਂਦੇ ਸੀ। ਇਹ ਟੈਕਸ ਭਰਦੇ ਸੀ ਬ੍ਰਾਹਮਣ ਦੀ ਪਾਲਨਾ ਹਿਤ। ਬਾਹਰ ਨਾ ਕਸ਼ਤ੍ਰੀ ਨੇ ਜਾਣਾ ਹੈ ਤੇ ਨਾ ਬ੍ਰਾਹਮਣ ਨੇ ਜਾਣਾ ਹੈ, ਬ੍ਰਾਹਮਣ ਦਾ ਤਾਂ ਇਹ ਸੀ ਕਿ ਭਾਰਤ ਵਰਸ਼ ਤੋਂ ਬਾਹਰਲਾ ਪਾਣੀ ਨਹੀਂ ਪੀਣਾ, ਪਾਣੀ ਜੇ ਪੀਣਾ ਹੈ ਤਾਂ ਇਥੋਂ ਲੈ ਕੇ ਜਾਣਾ ਹੈ। ਉਹ ਕਹਿੰਦੇ ਸੀ ਮਲੇਸ਼ ਧਰਤੀ ਦਾ ਪਾਣੀ ਨਹੀਂ ਪੀਣਾ। ਇਸ ਤੋਂ ਬਾਅਦ ਚੌਥਾ ਵਰਗ ਜਿਹੜਾ ਸੀ ਉਹ ਉਨ੍ਹਾਂ ਲੋਕਾਂ ਦਾ ਕਰ ਦਿੱਤਾ ਜਿਨ੍ਹਾਂ ਨੂੰ ਆਉਂਦਾ ਨਹੀਂ ਸੀ ਬਹੁਤਾ, ਉਨ੍ਹਾਂ ਨੂੰ ਕਿਹਾ ਤੁਸੀਂ ਇਨ੍ਹਾਂ ਦੀਆਂ ਲੋੜਾਂ ਪੂਰੀਆਂ ਕਰੋ ਇਨ੍ਹਾਂ ਵਾਸਤੇ ਕਿਰਤ ਕਰੋ ਐਸੇ ਕੰਮ ਕਰੋ ਕਿ ਇਨ੍ਹਾਂ ਨੂੰ ਨੱਠਣਾ ਭੱਜਣਾ ਨਾ ਪਵੇਂ ਉਹ ਨੌਕਰਾਂ ਚਾਕਰਾਂ ਵਾਲੇ ਕੰਮ ਸੀ ਸਾਰੇ, ਸੇਵਾ ਕਰਨੀ। ਉਸ ਨੂੰ ਬਣਾ ਦਿੱਤਾ ਸ਼ੂਦਰ। ਸ਼ੂਦਰ ਦੀ ਵੰਡ ਅੱਗੇ ਫੇਰ ਕਰ ਦਿੱਤੀ। ਇਕ ਤਾਂ ਉਹ ਕਰ ਦਿੱਤਾ ਜਿਨ੍ਹਾਂ ਨਾਲ ਹੱਥ ਲਾਏ ਤੋਂ ਆਪ ਭਿੱਟ ਹੋ ਜਾਈਦਾ ਸੀ, ਇਕ ਉਹ ਕਰ ਦਿੱਤਾ ਜਿਨ੍ਹਾਂ ਨਾਲ ਬੋਲਿਆਂ ਚੱਲਿਆਂ ਜਾ ਸਕਦਾ ਹੈ, ਰੋਟੀ ਖਾਈ ਜਾ ਸਕਦੀ ਹੈ। ਸੋ ਇਹ ਚਾਰ ਹਿੱਸਿਆਂ ਵਿਚ ਮਨੁੱਖ ਵੰਡਿਆ ਗਿਆ। ਹੁਣ ਜਿਵੇਂ ਪੀ.ਜੀ.ਆਈ ਜਾਓ ਤੁਸੀਂ ਉਥੇ ਡਾਕਟਰ ਮਾਹਿਰ ਨੇ। ਜੇ ਤੁਹਾਡਾ ਗਲ ਦੁਖਦਾ ਹੈ ਤੇ ਗਲਾ ਦਿਖਾਇਆ। ਨਾਲ ਕਹਿ ਦਿੱਤਾ ਮੇਰਾ ਕੰਮ ਦੁਖਦਾ ਹੈ। ਉਹ ਕਦੇ ਨਹੀਂ ਇਲਾਜ ਕਰੇਗਾ। ਉਹ ਕਹੇਗਾ ਜੀ ਕੰਨ ਵਾਲੇ ਕੋਲ ਜਾਓ। ਜੇ ਕੰਨ ਦੁਖਦਾ ਹੈ ਤੁਸੀਂ ਕਿਹਾ ਜੀ ਮੇਰੇ ਨੱਕ ਵਿਚ ਤਕਲੀਫ ਹੈ। ਉਹ ਕਹਿੰਦਾ ਤੁਸੀਂ ਤਾਂ ਜੀ ਨੱਕ ਵਾਲੇ ਕੋਲ ਜਾਓ, ਅੱਖਾਂ ਨੇ ਕਹਿੰਦੇ ਅੱਖਾਂ ਵਾਲਿਆਂ ਕੋਲ ਜਾਓ, ਸਿਰ ਦੁਖਦਾ ਹੈ ਸਿਰ ਵਾਲੇ ਕੋਲ ਜਾਓ ਮਾਹਿਰ ਨੇ। ਕੋਈ ਦਿਲ ਦਾ ਮਾਹਿਰ ਹੈ ਕੋਈ ਕਿਸੇ ਚੀਜ਼ ਦਾ ਹੈ ਕੋਈ ਕਿਸੇ ਦਾ ਹੈ, ਕੋਈ ਹੱਡੀਆਂ ਦਾ ਮਾਹਿਰ ਹੈ। ਉਸ ਦੇ ਨਾਲ ਇਕ ਬਾਤ ਚੰਗੀ ਹੁੰਦੀ ਹੈ ਕਿ ਆਪਣੇ ਆਪਣੇ ਕੰਮ ਦੇ ਵਿਚ ਸਾਰੇ ਹੁਸ਼ਿਆਰ ਹੁੰਦੇ ਨੇ ਪਰ ਇਕ ਨਹੀਂ ਮਿਲਦਾ। ਹੁਣ ਕੋਈ ਵੀ ਜਿਹੜਾ ਸਾਰੇ ਨੂੰ ਜਾਣਦਾ ਹੋਵੇ ਬੀਬੀਆਂ ਜਾਂਦੀਆਂ ਨੇ, ਭਾਈ ਜਾਂਦੇ ਨੇ ਮੈਨੂੰ ਆਹ ਬਿਮਾਰੀ ਹੈ, ਡਾਕਟਰ ਨੂੰ ਆਉਂਦਾ ਹੀ ਨਹੀਂ। ਉਹ ਕਹਿੰਦਾ ਮੈਂ ਤਾਂ ਮਾਹਿਰ ਫਲਾਣੀ ਚੀਜ਼ ਦਾ ਹਾਂ। ਇਸੇ ਤਰ੍ਹਾਂ ਦੇ ਨਾਲ ਇਹ ਜਿਹੜਾ ਸਮਾਜ ਸੀ, ਇਹ ਮਾਹਿਰ ਬਣਾਇਆ ਸੀ ਕਿ ਆਪਣੇ ਆਪਣੇ ਕਰਮਾਂ ਦੇ ਵਿਚ ਤਕੜੇ ਹੋ ਕੇ ਲੱਗੋ। ਉਸ ਦੇ ਵਿਚ ਕਮਾਯਾਬੀ ਵੀ ਰਹੀ ਬੜੀ ਜਬਰਦਸਤ ਲੇਕਿਨ 5000 ਸਾਲ ਤੋਂ ਬਾਅਦ ਜਦੋਂ ਮਹਾਂ ਭਾਰਤ ਦਾ ਯੁੱਧ ਹੋਇਆ, ਬੰਦਾ ਗਿਰਦਾ ਗਿਰਦਾ ਐਨਾ ਗਿਰ ਗਿਆ ਕਿ ਉਸ ਦਾ ਸਾਹਸ ਹੀ ਖਤਮ ਹੋ ਗਿਆ। ਸ਼ੂਦਰ ਦਾ ਇਹ ਹੋ ਗਿਆ ਕਿ ਮੈਂ ਤਾਂ ਇਨ੍ਹਾਂ ਦੀ ਸੇਵਾ ਹੀ ਕਰਨੀ ਹੈ ਤੇ ਉਸਨੂੰ ਛੋਟਾ ਗਿਣਿਆ ਗਿਆ, ਨੀਚ ਗਿਣਿਆ ਗਿਆ। ਜਿਹੜਾ ਵਣਜ ਵਪਾਰ ਵਾਲਾ ਸੀ ਉਹ ਕਹਿੰਦਾ ਮੈਨੂੰ ਕੀ ਲੋੜ ਹੈ ਲੜ੍ਹਨ ਦੀ ਆਪੇ ਕਸ਼ਤ੍ਰੀ ਹਨ ਇਨ੍ਹਾਂ ਦਾ ਕੰਮ ਹੈ ਲੜ੍ਹਨਾ। ਪੜਨਾ ਪੜ੍ਹਾਉਣਾ ਬ੍ਰਾਹਮਣ ਦਾ ਕੰਮ ਸੀ, ਮੈਨੂੰ ਪੜ੍ਹਨ ਦੀ ਲੋੜ ਨਹੀਂ, ਬ੍ਰਾਹਮਣ ਸਾਨੂੰ ਆਪੇ ਦੱਸਣਗੇ। ਜਿਹੜਾ ਕਸ਼ਤਰੀ ਸੀ ਉਹ ਦੀਆਂ 14 ਵਿਦਿਆ ਹੋਇਆ ਕਰਦੀਆਂ ਸੀ। ਉਹ 14 ਵਿਦਿਆ ਦੀ ਪੜ੍ਹਾਈ ਕਰਦਾ ਸੀ, ਵੇਦਾਂ ਆਦਿ ਦਾ ਗਿਆਨ ਨਹੀਂ ਸੀ ਉਸ ਨੂੰ ਹੁੰਦਾ ਲੇਕਿਨ ਬ੍ਰਹਮਗਿਆਨੀ ਹਮੇਸ਼ਾ ਹੀ ਕਸ਼ਤਰੀ ਹੋਇਆ ਹੈ ਤੇ ਗੁਰੂ ਸਾਹਿਬ ਦੇ ਵੇਲੇ ਤੱਕ ਆਉਂਦੇ ਆਉਂਦੇ ਬਿਲਕੁਲ ਮਨੁੱਖ ਦੇ 4 ਟੁਕੜੇ ਹੋ ਗਏ। ਇਕ ਮਨੁੱਖ ਸਾਰੇ ਕੰਮ ਨਹੀਂ ਸੀ ਕਰ ਸਕਦਾ। ਕਸ਼ਤ੍ਰੀਆਂ ਦਾ ਧਰਮ ਜਾਂਦਾ ਰਿਹਾ। ਉਹ ਵਪਾਰ ਵਿਚ ਪੈ ਗਏ, ਦੇਸ਼ ਦੀ ਰਾਖੀ ਖਤਮ ਹੋ ਗਈ। ਪਰਦੇਸੀਆਂ ਨੇ ਆ ਕੇ ਬੜੇ ਹੀ ਜ਼ੁਲਮ ਕੀਤੇ, ਬਹੁਤ ਜੁਲਮ ਕੀਤੇ ਜੇ ਜ਼ੁਲਮਾਂ ਦੀ ਗੱਲ ਕਰੋ ਆਪ ਹੀ ਨਹੀਂ ਸੁਣ ਹੁੰਦੀ। ਜਿਹੜਾ ਪੜ੍ਹਨ ਲਿਖਣ ਵਾਲਾ ਵਰਗ ਸੀ ਉਸ ਨੇ ਪੜ੍ਹਾਈ ਲਿਖਾਈ ਤਾਂ ਪਾਸੇ ਛੱਡ ਦਿੱਤੀ ਜਨਤਾਂ ਨੂੰ ਕਾਬੂ ਕਰ ਲਿਆ। ਤੁਸੀਂ ਕਹਿਣਾ ਹੈ ਕਿ ਮੈਂ ਜਾਣਾ ਹੈ ਜਲੰਧਰ ਨੂੰ। ਕਹਿੰਦੇ ਅੱਜ ਨਾ ਜਾਈਂ ਸ਼ੁਧ ਦਿਨ ਨਹੀਂ ਹੈ ਉਧਰ ਜਾਣ ਲਈ, ਮੈਂ ਆਹ ਕੰਮ ਕਰਨਾ ਹੈ ਜਰੂਰੀ ਹੈ ਕਹਿੰਦੇ ਅੱਜ ਨਾ ਜਾਈ ਵੀਰਵਾਰ ਹੈ ਅੱਜ। ਵਿਆਹ ਕਰਨਾ ਹੈ ਜੀ ਅਸੀਂ ਬਹੁਤ ਛੇਤੀ, ਕਹਿੰਦੇ ਸੁਧ ਹੀ ਨਹੀਂ ਹੈ, ਇਹ ਮਹੀਨਾ ਹੈ ਹੀ ਨਹੀ ਵਿਆਹ ਵਾਲਾ। ਐਸੇ ਵਹਿਮ ਪ੍ਰਸਤੀ ਦੇ ਵਿਚ ਬੰਦੇ ਕਾਬੂ ਆ ਗਏ। ਕੋਈ ਕੰਮ

ਕਰਨ ਵਾਸਤੇ ਖਾਲੀ ਨਾ ਸੀ ਰਿਹਾ। ਇਸ ਤਰ੍ਹਾਂ ਸਮਾਜ ਦਾ ਪਤਨ ਹੋ ਗਿਆ ਸਾਧ ਸੰਗਤ ਜੀ! ਗੁਰੂ ਦਸਮੇਸ਼ ਪਿਤਾ ਜੀ ਨੇ ਟੁਕੜੇ-ਟੁਕੜੇ ਹੋਈ ਮਨੁੱਖਤਾ ਨੂੰ ਫੇਰ ਜੋੜਿਆ ਜਿਵੇਂ ਉਨ੍ਹਾਂ ਦੀਆਂ ਗਰਦਨਾਂ ਲਾਹ ਕੇ, ਸੀਸ ਲਾਹ ਕੇ ਮੁੜ ਕੇ ਜੋੜ ਦਿੱਤੇ। ਇਸੇ ਤਰ੍ਹਾਂ ਸਮਾਜ ਨੂੰ ਜੋੜ ਕੇ ਇਕ ਪੂਰਾ ਮਨੁਖ ਬਣਾ ਦਿੱਤਾ ਜਿਸ ਨੂੰ ਖਾਲਸਾ ਕਹਿੰਦੇ ਨੇ। ਖਾਲਸਾ ਭੇਖ ਨਹੀਂ ਹੈ ਇਕ ਉਹ ਮਨੁੱਖ ਹੈ ਜੋ ਸਰਵ ਉਤਮ ਹੈ ਸਭ ਤੋਂ ਵੱਡਾ ਹੈ ਤੇ ਇਕੋ ਹੀ ਮਨੁੱਖ ਦੀਆਂ ਕਿੰਨੀਆਂ ਡਿਊਟੀਆਂ ਨੇ ਕਿ ਉਹ ਪੜ੍ਹਦਾ ਲਿਖਦਾ ਹੈ, ਗੁਰੂ ਗ੍ਰੰਥ ਸਾਹਿਬ ਪੜ੍ਹਦੇ ਨੇ, ਪੜਾਉਂਦੇ ਨੇ, ਕੀਰਤਨ ਕਰਦੇ ਨੇ ਸੁਣਾਉਂਦੇ ਨੇ, ਲੰਗਰ ਚਲਾਉਂਦੇ ਨੇ ਤਿਆਰ ਕਰਦੇ ਨੇ, ਉਹ ਸਾਰਾ ਬ੍ਰਾਹਮਣ ਦਾ ਕੰਮ ਹੈ ਇਹ। ਕਸ਼ਤ੍ਰੀ ਦਾ ਹੈ ਓਹੀ ਮਨੁੱਖ ਜਿਹੜਾ ਹੈ ਜਦੋਂ ਫੌਜ ਵਿਚ ਭਰਤੀ ਹੋ ਜਾਂਦਾ ਹੈ ਉਸ ਵੇਲੇ ਦੇਸ਼ ਦਾ ਰਾਖਾ ਹੋ ਜਾਂਦਾ ਹੈ, ਉਸ ਵੇਲੇ ਉਸ ਦਾ ਦਿਮਾਗ ਉਸ ਦੇ ਨਾਲ ਹੈ, ਦਿਮਾਗ ਅੱਡ ਨਹੀਂ ਹੁੰਦਾ। ਉਸ ਵੇਲੇ ਵੀ ਉਹ ਬਾਣੀ ਪੜ੍ਹਦਾ ਹੈ ਪੜ੍ਹਾਉਂਦਾ ਹੈ, ਜਦੋਂ ਉਹ ਵਪਾਰ, ਖੇਤੀ ਵਿਚ ਪੈਂਦਾ ਹੈ, ਦੇਸ਼ਾਂ ਪ੍ਰਦੇਸ਼ਾਂ ਵਿਚ ਜਾਂਦਾ ਹੈ, ਓਹੀ ਬੰਦਾ ਸ਼ਸਤ੍ਰਧਾਰੀ ਵੀ ਹੈ ਤੇ ਨਾਲ ਬ੍ਰਾਹਮਣ ਵੀ ਹੈ ਤੇ ਨਾਲ ਉਹ ਵੈਸ਼ ਵੀ ਹੋ ਗਿਆ।

ਹੁਣ ਆ ਗਈ ਚੌਥੇ ਵਰਗ ਦੀ ਵਾਰੀ। ਚੌਥਾ ਵਰਗ ਸੀ ਜਿਹੜਾ ਸੇਵਾ ਕਰਦਾ ਸੀ ਉਸ ਨੂੰ ਨੀਚ ਜਾਣਦੇ ਸੀ। ਨਿਸ਼ਾਨੀ ਇਹ ਸੀ ਜਿਸ ਦੀ ਕਿਰਤ ਕਰਨ ਸਮੇਂ ਪਸੀਨਾ ਚਲ ਜਾਵੇ ਉਸ ਨੂੰ ਸ਼ੂਦਰ ਕਿਹਾ ਜਾਂਦਾ ਸੀ। ਉਨ੍ਹਾਂ ਨੂੰ ਬਿਲਕੁਲ ਥੱਲੇ ਸੁਟਿਆ ਹੋਇਆ ਸੀ, ਉਸ ਨੂੰ ਹੱਥ ਨਹੀਂ ਸੀ ਲਾਉਂਦੇ, ਉਪਰ ਵਾਲੇ ਜ਼ਿਆਦਾ ਹੋ ਗਏ ਬਿਲਕੁਲ ਉਸ ਨੂੰ ਵੀ ਵਿਸ਼ਵਾਸ ਜਾਂਦਾ ਰਿਹਾ। ਗੁਰੂ ਮਹਾਰਾਜ ਨੇ ਇਹ ਕਰਾਮਾਤ ਕਰ ਦਿੱਤੀ ਕਿ ਪਿਆਰਿਓ

*ਵਿਚਿ ਦੁਨੀਆ ਸੇਵ ਕਮਾਈਐ॥*
*ਤਾ ਦਰਗਹ ਬੈਸਣੁ ਪਾਈਐ॥*
*ਕਹੁ ਨਾਨਕ ਬਾਹ ਲੁਡਾਈਐ॥* *ਅੰਗ - 26*

ਦਰਗਾਹ ਵਿਚ ਥਾਂ ਹੀ ਉਸ ਨੂੰ ਮਿਲੇਗਾ ਜਿਹੜਾ ਸੇਵਾ ਕਰੇਗਾ, ਬਰਤਨ ਮਾਂਜੇਗਾ, ਝਾੜੂ ਦੇਵੇਗਾ, ਪੱਖੇ ਝਲੇਗਾ, ਜੋੜੇ ਸਾਂਭੇਗਾ, ਦੁਨੀਆਂ ਦੀਆਂ ਅਨੇਕਾਂ ਸੇਵਾਵਾਂ ਨੇ ਹਸਪਤਾਲ ਬਣਾਏਗਾ, ਸਕੂਲ ਬਣਾਏਗਾ, ਸੜਕਾਂ ਬਣਾਏਗਾ, ਦੁਨੀਆਂ ਦੇ ਦੁੱਖਾਂ ਨੂੰ ਦੂਰ ਕਰੇਗਾ, ਸੇਵਾ ਇਕ ਤਰ੍ਹਾਂ ਦੀ ਤਾਂ ਹੈ ਨਹੀਂ। ਸੇਵਾਦਾਰ ਨੂੰ ਚੁੱਕ ਕੇ ਮਹਾਰਾਜ ਨੇ ਸਭ ਤੋਂ ਉਤੇ ਲੈ ਆਂਦਾ। ਜਿਹੜੇ ਪੈਰ ਸੀ ਉਥੇ ਮੱਥਾ ਟਿਕਾਉਣਾ ਸ਼ੁਰੂ ਕਰ ਦਿੱਤਾ ਕਿ ਸਿਰ ਨੂੰ ਕੋਈ ਮੱਥਾ ਟੇਕਦਾ ਹੈ? ਪੈਰਾਂ ਨੂੰ ਟੇਕਦਾ ਹੈ। ਐਨੀ ਵਡਿਆਈ ਦੇ ਦਿੱਤੀ ਕਿਰਤ ਨੂੰ, ਸੇਵਾ ਕਰਨ ਵਾਲੇ ਨੂੰ -

*ਸੇਵਾ ਕਰਤ ਹੋਇ ਨਿਹਕਾਮੀ॥*
*ਤਿਸ ਕਉ ਹੋਤ ਪਰਾਪਤਿ ਸੁਆਮੀ॥* *ਅੰਗ - 286*

ਸ਼ਰਤ ਲਗਾ ਦਿੱਤੀ, ਇਕੱਲੇ ਗਿਆਨੀ ਨੂੰ ਰੱਬ ਨਹੀਂ ਮਿਲੇਗਾ, ਇਕੱਲੇ ਯੋਧੇ ਨੂੰ ਰੱਬ ਨਹੀਂ ਮਿਲੇਗਾ, ਇਕੱਲੇ ਵਪਾਰੀ ਨੂੰ ਰੱਬ ਨਹੀਂ ਮਿਲੇਗਾ ਪਰ ਜਿਹੜਾ ਸੇਵਾ ਕਰਦਾ ਹੈ ਉਸ ਨੂੰ ਮਿਲ ਜਾਏਗਾ। ਇਹ ਜਦੋਂ ਤੋਂ ਸੰਸਾਰ ਰਚਿਆ ਹੈ ਉਸ ਵੇਲੇ ਤੋਂ ਆਰੀਅਨ ਸਭਿਆਚਾਰ ਵਿਚ ਨੁਕਸ ਆ ਗਿਆ ਸੀ। ਮਨੁੱਖ ਨੂੰ 4 ਹਿੱਸਿਆਂ ਵਿਚ ਵੰਡ ਦਿੱਤਾ। ਹੁਣ ਗੁਰੂ ਦਸਮੇਸ਼ ਪਿਤਾ ਨੇ ਚਾਰੇ ਟੁਕੜਿਆਂ ਨੂੰ ਇਕੱਠੇ ਕਰਕੇ ਮਨੁੱਖ ਬਣਾ ਦਿੱਤਾ। ਹੁਣ ਮਨੁੱਖ ਬਣਾ ਕੇ ਵੀ ਨਹੀਂ ਖੜ੍ਹੇ ਆਪ। ਜਿਹੜੇ ਉਨ੍ਹਾਂ ਦੇ ਰਿਸ਼ੀ ਮੁਨੀ ਸੀ ਬਜ਼ੁਰਗ ਸਾਡੇ ਪੁਰਾਣੇ ਉਹ ਜੰਗਲਾਂ ਵਿਚ ਚਲੇ ਜਾਂਦੇ ਸੀ। ਉਥੇ ਸਾਧਨ ਕਰਦੇ ਸੀ ਰੱਬ ਦੀ ਖੋਜ ਕਰਦੇ ਸੀ, ਆਪੇ ਦੀ ਖੋਜ ਕਰਦੇ ਸੀ। ਮਹਾਰਾਜ ਨੇ ਕਿਹਾ ਨਹੀਂ ਏਹੀ ਮਨੁੱਖ ਰਿਸ਼ੀ ਵੀ ਹੋਏਗਾ -

*ਗੁਰ ਸਤਿਗੁਰ ਕਾ ਜੋ ਸਿਖੁ ਅਖਾਏ*
*ਸੁ ਭਲਕੇ ਉਠਿ ਹਰਿ ਨਾਮੁ ਧਿਆਵੈ॥* *ਅੰਗ - 305*

ਕਹਿੰਦੇ ਜੰਗਲਾਂ ਵਿਚ ਜਾਣ ਦੀ ਕੀ ਲੋੜ ਹੈ? ਬਾਲ ਬੱਚਿਆਂ ਦੇ ਫਰਜ਼ ਨੂੰ ਪਿੱਠ ਦੇ ਕੇ -

*ਅਪਦਾ ਕਾ ਮਾਰਿਆ ਗ੍ਰਿਹ ਤੇ ਨਸਤਾ॥*
*ਅੰਗ - 1348*

ਮਹਾਰਾਜ ਕਹਿੰਦੇ ਬਿਲਕੁਲ ਨਹੀਂ ਨੱਠਣਾ, ਬੰਦਗੀ ਕਰਨੀ ਹੈ ਘਰ ਦੇ ਵਿਚ ਰਹਿ ਕੇ ਸਾਹਮਣਾ ਕਰਨਾ ਹੈ ਸਮਾਜ ਨੂੰ। ਉਸ ਸਮਾਜ ਨੂੰ ਬਣਾਉਣਾ ਹੈ ਜੇ ਸਮਾਜ ਵਿਚੋਂ ਚੰਗੇ ਬੰਦੇ ਨਿਕਲ ਜਾਣ, ਬਾਕੀ ਕੀ ਰਹਿ ਗਿਆ। ਜੇ ਘਟਾਓ ਕਰ ਦਿਓ, ਇਕ ਬੁਰਿਆਈ ਹੈ ਤੇ ਇਕ ਚੰਗਿਆਈ ਹੈ ਦੋ ਚੀਜ਼ਾਂ ਨੇ। ਉਸ ਦੇ ਵਿਚੋਂ ਜੇ ਘਟਾ ਦਿਓ ਚੰਗਿਆਈ+ਬੁਰਿਆਈ। ਬੁਰਿਆਈ ਬਾਕੀ ਕੀ ਰਹਿ ਗਿਆ ਚੰਗਿਆਈ ਰਹਿ ਗਈ। ਜੇ ਚੰਗਿਆਈ ਨੂੰ ਬਾਹਰ ਕੱਢ ਦਿਓ ਤਾਂ ਬੁਰਿਆਈ ਰਹਿ ਗਈ ਸੰਸਾਰ ਵਿਚ। ਮਹਾਰਾਜ ਕਹਿੰਦੇ ਬਿਲਕੁਲ ਨਹੀਂ ਨੱਠਣਾ, ਵਿਚ ਰਹਿਣਾ ਹੈ ਦੁਨੀਆਂ ਦੇ ਵਿਚ ਰਹਿ ਕੇ ਅਸੂਲਾਂ ਦੀ ਪਾਲਣਾ ਕਰਨੀ ਹੈ, ਦੌੜਨਾ ਨਹੀਂ, ਭੱਜਣਾ ਨਹੀਂ ਪਰ ਜੁਗਤ ਪੂਰੇ ਗੁਰੂ ਦੀ ਕਮਾ ਲੈਣੀ ਹੈ -

*ਨਾਨਕ ਸਤਿਗੁਰਿ ਭੇਟੀਐ ਪੂਰੀ ਹੋਵੈ ਜੁਗਤਿ ॥*
*ਹਸੰਦਿਆ ਖੇਲੰਦਿਆ ਪੈਨੰਦਿਆ ਖਾਵੰਦਿਆ*
*ਵਿਚੇ ਹੋਵੈ ਮੁਕਤਿ॥* *ਅੰਗ 522*

ਕਿਹੋ ਜਿਹਾ ਰਸਤਾ ਦੇ ਦਿੱਤਾ? ਬਾਲ ਬੱਚਿਆਂ ਵਿਚ ਰਹੋ, ਕੋਠੀਆਂ ਬਣਾਓ, ਨੌਕਰੀਆਂ ਕਰੋ, ਪੈਸਾ ਕਮਾਓ, ਹਵਾਈ-ਜਹਾਜ ਖਰੀਦੋ ਚਾਹੇ, ਬੜੇ-ਬੜੇ ਅਹੁਦੇ ਪ੍ਰਾਪਤ ਕਰੋ, ਦੇਸ਼ ਦੇ ਰਾਸ਼ਟਰਪਤੀ ਬਣੋ, ਕੁਝ ਬਣੋ। ਮਹਾਰਾਜ ਨੇ ਨਹੀਂ ਨਠਾਇਆ। ਮਹਾਰਾਜ ਕਹਿੰਦੇ ਨਹੀਂ, ਇਸ ਤੋਂ ਬਿਨਾ ਆਦਮੀ ਅਧੂਰਾ ਹੈ। ਉਸੇ ਮਨੁੱਖ ਨੂੰ ਜਿਸ ਨੂੰ ਮਹਾਰਾਜ ਜੀ ਨੇ ਪੂਰਾ ਕਰਿਆ ਸੀ ਮਨੁੱਖ ਬਣਾਇਆ ਨਾਲ ਦੀ ਨਾਲ ਰਿਸ਼ੀ ਮੁਨੀ ਵੀ ਬਣਾ ਦਿੱਤਾ, ਅੰਮ੍ਰਿਤ ਵੇਲੇ ਉਠਦਾ ਹੈ ਗੁਰਸਿਖ ਬੰਦਗੀ ਕਰਦਾ ਹੈ, ਬਾਣੀ ਪੜ੍ਹਦਾ ਹੈ, ਫੇਰ

ਸਾਰਿਆਂ ਨਾਲੋਂ ਵੱਡੀ ਗੱਲ ਇਹ ਕਰਦਾ ਹੈ ਜਦੋਂ ਅਰਦਾਸ ਕਰਦਾ ਹੈ ਸੱਚੇ ਦਿਲ ਨਾਲ ਕਹਿੰਦਾ ਹੈ -

*ਨਾਨਕ ਨਾਮ ਚੜ੍ਹਦੀ ਕਲਾ*
*ਤੇਰੇ ਭਾਣੇ ਸਰਬਤ ਕਾ ਭਲਾ॥*

ਹੇ ਵਾਹਿਗੁਰੂ! ਸਾਰਿਆਂ ਦਾ ਭਲਾ ਕਰੀਂ। ਐਸਾ ਮਨੁੱਖ ਹੈ ਦੁਨੀਆਂ ਦੇ ਉਤੇ ਕੋਈ। ਉਧਰੋਂ ਲੜਾਈ ਹੋ ਰਹੀ ਹੋਵੇ, ਬੰਬ ਗਿਰਦੇ ਹੋਣ, ਨਾਲ ਦਾ ਦੇਸ਼ ਸੁਟ ਰਿਹਾ ਹੋਵੇ। ਗੁਰਸਿਖ ਦੀ ਅਰਦਾਸ ਹੋਣੀ ਹੈ ਸੱਚੇ ਪਾਤਸ਼ਾਹ! ਇਸ ਨੂੰ ਵੀ ਸੁਮੱਤ ਦੇਹ। ਇਸ ਦਾ ਵੀ ਭਲਾ ਕਰ, ਇਸ ਦਾ ਵੀ ਬੁਰਾ ਨਾ ਕਰੀਂ, ਐਡਾ ਤਾਂ ਅਸੂਲ ਦੁਨੀਆਂ ਵਿਚ ਹੈ ਹੀ ਨਹੀਂ ਕਿਤੇ, ਸੋ ਗੁਰੂ ਮਹਾਰਾਜ ਨੇ ਮਨੁੱਖ ਨੂੰ ਪੂਰਾ ਕਰਕੇ ਰਿਸ਼ੀ ਮੁਨੀ ਨਾਲ ਬਣਾ ਦਿੱਤਾ। ਹੁਣ ਇਥੇ ਵੀ ਖੜ੍ਹ ਕੇ ਗੱਲ ਨਹੀਂ ਸੀ ਬਣਦੀ। ਮਹਾਰਾਜ ਨੇ ਇਸ ਨੂੰ ਹੋਰ ਉੱਚਾ ਚੁਕਿਆ, ਹੋਰ ਉੱਚਾ ਚੁੱਕ ਕੇ ਇਸ ਨੂੰ ਰੱਬ ਬਣਾ ਦਿੱਤਾ, ਨਾਲ ਲਿਖ ਦਿੱਤਾ -

*ਆਤਮ ਰਸ ਜਿਹ ਜਾਨਹੀ ਸੋ ਹੈ ਖਾਲਸ ਦੇਵ॥*
*ਪ੍ਰਭ ਮਹਿ, ਮੋ ਮਹਿ, ਤਾਸ ਮਹਿ ਰੰਚਕ ਨਾਹਨ ਭੇਵ॥*

ਐ ਪਿਆਰਿਓ! ਆਹ ਜਿਹੜਾ ਖਾਲਸਾ ਅਸੀਂ ਬਣਾਇਆ ਹੈ, ਇਸ ਦਾ ਤੇ ਮੇਰਾ ਤੇ ਵਾਹਿਗੁਰੂ ਦਾ ਕੋਈ ਭੇਤ ਨਹੀਂ, ਅਸੀਂ ਤਿੰਨੇ ਇਕੋ ਹੀ ਹਾਂ। ਹੁਣ ਬਣਾ ਦਿੱਤਾ ਨਾਹ ਰੱਬ। ਉਹ ਬੰਦਾ ਜਿਸ ਨੂੰ ਕੋਈ ਨਹੀਂ ਸੀ ਪੁਛਦਾ ਗਿਰਿਆ ਹੋਇਆ ਕਹਿੰਦੇ ਸੀ ਇਕੋ ਬੰਦੇ ਵਿਚ ਸਾਰੀਆਂ ਖੂਬੀਆਂ ਪਾ ਕੇ ਤੇ ਪੂਰਾ ਕਰ ਦਿੱਤਾ। ਇਹ ਕਰਾਮਾਤ ਸੀ ਜਿਹੜੀ ਗੁਰੂ ਦਸਮੇਸ਼ ਪਿਤਾ ਨੇ ਸੰਸਾਰ ਨੂੰ ਦਿੱਤੀ। ਹੁਣ ਇਸ ਦੇ ਵਿਚ ਜਿਹੜੀ ਅਸਲੀ ਈਂਧਣ, ਬਾਲਣ ਹੈ ਉਹ ਕੀ ਹੈ। ਉਹ ਮਹਾਰਾਜ ਨੇ ਦੋ ਚੀਜ਼ਾਂ ਕਿਹਾ ਹੈ ਕਿ ਇਕ ਤਾਂ ਪਿਆਰਿਓ ਜਿਹੜੀ ਉਚੇ ਦਰਜੇ ਦੀ ਤਾਕਤ ਹੈ ਜਿਸ ਨੂੰ ਵਾਹਿਗੁਰੂ, ਰਾਮ, ਅੱਲਾ, ਗੋਬਿੰਦ, god ਕਹਿੰਦੇ ਨੇ ਉਹ ਪਰਮ ਚੇਤਨ ਹੈ। ਉਹ ਇਵੇਂ ਨਹੀਂ ਹੈ ਜਿਵੇਂ oxygen (ਪ੍ਰਾਣ ਵਾਯੂ) ਹੈ ਕਿ ਸਾਹ ਆਉਂਦਾ ਹੈ ਜਾਂ ਉਸ ਦੀ ਲੋੜ ਹੈ ਸਾਨੂੰ, ਨਹੀਂ ਉਹ ਪਿਆਰ ਕਰਦਾ ਹੈ -

*ਘਟ ਘਟ ਕੇ ਅੰਤਰ ਕੀ ਜਾਨਤ॥*
*ਭਲੇ ਬੁਰੇ ਕੀ ਪੀਰ ਪਛਾਨਤ॥* *(ਚੌਪਈ)*

ਉਹ ਜਿਹੜਾ ਸਾਡੇ ਸਾਹ ਨੂੰ ਜਾਣਦਾ ਹੈ ਕਿ ਹੁਣ ਬਾਹਰ ਨੂੰ ਗਿਆ ਇਸ ਨੂੰ ਮੋੜ ਕੇ ਲਿਆਉਣਾ ਹੈ ਅੰਦਰ, ਉਹ ਮਸ਼ੀਨ ਐਸੀ ਲਾ ਦਿੱਤੀ, ਹਵਾ ਨਾਲ ਨਹੀਂ ਅਸੀਂ ਜੀਉਂਦੇ। ਜੇ ਕਿਸੇ ਨੂੰ ਖਿਆਲ ਹੋਵੇ ਕਿ ਹਵਾ ਨਾਲ ਜੀਉਂਦੇ ਹਾਂ। ਜਦੋਂ ਆਦਮੀ ਦਾ ਦਿਲ ਫੇਲ ਹੋ ਜਾਂਦਾ ਹੈ ਤਾਂ ਡਾਕਟਰ ਹਵਾ pump ਕਰਦੇ ਨੇ, ਉਹ ਨਹੀਂ ਹਵਾ ਦੇ ਵਿਚ energy (ਬਲ) ਨਹੀਂ ਹੈ, ਸਾਹ ਦੇ ਵਿਚ life current (ਜਿੰਦਗੀ ਦੀ ਧਾਰਾ, ਜੀਵਨ ਧਾਰਾ) ਹੈ ਬਲ ਹੈ, ਹਵਾ ਨਹੀਂ ਹੈ ਕੇਵਲ ਕਿ ਹਵਾ ਹੀ ਜਾਂਦੀ ਹੈ ਆਕਸੀਜਨ ਵੀ ਹੈ, ਠੀਕ ਕਾਰਬਨ ਹੋ ਕੇ ਬਾਹਰ ਨਿਕਲਦੀ ਹੈ ਲੇਕਿਨ ਇਸ ਦੇ ਵਿਚ ਚੇਤਨਤਾ ਜੀਵਨ-ਧਾਰਾ ਨਾਲ ਜਾਂਦੀ ਹੈ, ਉਸ ਦੇ ਕਰਕੇ ਅਸੀਂ ਜੀਉਂਦੇ ਹਾਂ, ਉਹ ਹਰਇਕ ਬੰਦੇ ਦੇ ਹਰ ਵਕਤ ਨਾਲ ਰਹਿ ਕੇ ਐਸਾ ਇੰਤਜਾਮ ਕਰਿਆ ਹੋਇਆ ਹੈ ਕਿ ਉਸ ਨੂੰ ਜੀਉਂਦਾ ਰੱਖਦਾ ਹੈ, ਉਸ ਦਾ ਖਿਆਲ ਰਖਦਾ ਹੈ। ਜਿੰਨਾ ਚਿਰ ਜੁੜਿਆ ਹੋਇਆ ਹੈ ਪ੍ਰਮੇਸ਼ਰ ਦੇ ਨਾਲ ਇਸ ਨੇ bad conductor ਨਹੀਂ ਪਾਇਆ ਵਿਚਾਲੇ, ਜਦੋਂ ਅਸੀਂ bad conductor ਪਾ ਦਿੰਦੇ ਹਾਂ ਧਾਰਾ ਆਉਂਦੀ ਹੈ ਬਿਜਲੀ ਦੀ, ਉਹ ਨਹੀਂ ਲਗਦੀ ਫੇਰ ਪ੍ਰਮੇਸ਼ਰ ਵਲੋਂ ਤਾਂ ਸਦਾ ਹੀ ਬਖਸ਼ਿਸ਼ਾਂ ਦਾ ਭੰਡਾਰਾ ਖੁਲਾ ਰਹਿੰਦਾ ਹੈ -

*ਆਖਹਿ ਮੰਗਹਿ ਦੇਹਿ ਦੇਹਿ ਦਾਤਿ ਕਰੇ ਦਾਤਾਰੁ॥*
*ਅੰਗ - 2*

ਉਸ ਪ੍ਰਮੇਸ਼ਰ ਦੇ ਨਾਲੋਂ ਜਦੋਂ ਅਸੀਂ ਟੁੱਟ ਜਾਂਦੇ ਹਾਂ, ਉਸ ਵੇਲੇ ਫੇਰ ਕੀ ਸ਼ੁਰੂ ਹੁੰਦਾ ਹੈ, ਦੁਖਾਂ ਭਰੀ ਜਿੰਦਗੀ ਸ਼ੁਰੂ ਹੋ ਜਾਂਦੀ ਹੈ ਕਿਉਂਕਿ ਅਸੀਂ ਸੁਖ ਦੀ ਜਿਹੜੀ ਲਹਿਰ ਸੀ ਉਸ ਦੇ ਨਾਲੋਂ ਆਪਣੇ ਆਪ ਨੂੰ ਅਲਹਿਦਾ ਕਰ ਲਿਆ, ਪਿੱਠ ਕਰ ਲਈ ਉਸ ਦੇ ਵੱਲ bad conductor ਲਗਾ ਦਿੱਤਾ ਜਾਂ ਇਉਂ ਕਹੋ ਕਿ ਸਰਦੀ ਦਾ ਮਹੀਨਾ ਹੈ 40-50 ਡਿਗਰੀ ਸਰਦੀ ਪੈ ਰਹੀ ਹੈ ਤੇ ਸੂਰਜ ਚਮਕ ਰਿਹਾ ਹੈ ਪੂਰੇ ਜੋਰ ਨਾਲ, ਸਾਡੇ ਕੋਲ ਕੱਪੜਾ ਕੋਈ ਨਹੀਂ। ਜੇ ਤਾਂ ਅਸੀਂ ਸੂਰਜ ਦੇ ਸਾਹਮਣੇ ਖੜ੍ਹੇ ਰਹਾਂਗੇ ਸਾਡੇ ਸਰੀਰ ਨੂੰ ਨਿਘ ਰਹੇਗੀ, ਜੇ ਅਸੀਂ ਕੰਧ ਦੇ ਓਹਲੇ ਹੋ ਗਏ ਫੇਰ ਤਾਂ ਦੰਦ ਵਜਣੇ ਹੀ ਨੇ ਪਾਲੇ ਨਾਲ। ਹੁਣ ਇਸੇ ਤਰ੍ਹਾਂ ਮਨੁੱਖ ਦੇ ਅਖਤਿਆਰ ਵਿਚ ਹੈ। ਜੇ ਤਾਂ ਇਹ ਵਾਹਿਗੁਰੂ ਦੇ ਨਾਲ ਜੁੜਿਆ ਰਹੇ ਫੇਰ ਤਾਂ ਇਸ ਦੇ ਵੱਲ ਨੂੰ ਸੁਖ ਸਾਰੇ ਹੀ ਦੌੜੇ ਹੀ ਤੁਰੇ ਆਉਣਗੇ, ਸਭ ਸੁਖ ਆਉਣੇ ਸ਼ੁਰੂ ਹੋ ਜਾਣਗੇ, ਦੁਖਾਂ ਦਾ ਖਾਤਮਾ ਹੋ ਜਾਏਗਾ, ਦੁਖ ਨਾਮ ਦੀ ਚੀਜ਼ ਦੀ ਪਰਿਭਾਸ਼ਾ ਮਿਟ ਜਾਏਗੀ। ਆਪਾਂ ਪੜ੍ਹਿਆ ਹੈ ਨਾ ਕਿ ਨਾਮ ਜਪੀਏ ਤਾਂ ਦੂਰ ਹੋਣ ਦੁਖੜੇ। ਦੁਖ ਦੂਰ ਹੁੰਦਾ ਹੈ ਨਾਮ ਜਪੇ ਤੋਂ।

ਮਹਾਰਾਜ ਕਹਿੰਦੇ ਦੁਖ ਆਉਂਦਾ ਹੈ ਜਦੋਂ ਤੁਸੀਂ ਮੁਖ ਧਾਰਾ ਨਾਲੋਂ ਟੁਟ ਕੇ ਜੜ੍ਹ ਮਾਇਆ ਦੇ ਨਾਲ ਤੁਹਾਡਾ ਚਿਤ ਲੱਗ ਗਿਆ, ਇਸ ਦੇ ਵਿਚ ਨਾ ਪਿਆਰ ਹੈ, ਨਾ ਇਸ ਦੇ ਵਿਚ ਕੋਈ ਬਰਕਤ ਹੈ, ਕੁਝ ਨਹੀਂ ਹੈ। ਇਸ ਦੀ ਕੀਮਤ ਪਾਈ ਹੋਈ ਹੈ ਸਾਡੇ ਵਲੋਂ। ਸੋਨਾ ਕੀ ਹੈ? ਮਿੱਟੀ ਹੈ ਪੀਲੇ ਰੰਗ ਦੀ। ਉਹ ਥੋੜ੍ਹੀ ਹੋਣ ਕਰਕੇ ਅਸੀਂ ਆਪੇ ਹੀ ਉਸ ਦੀ ਕੀਮਤ ਪਾ ਦਿੱਤੀ ਤੇ ਉਸ ਨੂੰ ਵਧਾ ਦਿੱਤਾ ਕਿ ਸੋਨਾ ਸੋਨਾ ਸੋਨਾ। ਇਹ ਚੀਜ਼ਾਂ ਜਦੋਂ ਮਨ ਨੂੰ ਮੋਹਣ ਲੱਗ ਜਾਣ ਤਾਂ ਪ੍ਰਮੇਸ਼ਰ ਨਾਲੋਂ ਬੰਦਾ ਟੁਟ ਜਾਂਦਾ ਹੈ। ਮਹਾਰਾਜ ਕਹਿੰਦੇ ਉਥੇ ਹੀ ਸ਼ੁਰੂ ਹੋ ਜਾਂਦਾ ਹੈ, ਬੀਜ ਬੀਜ ਦਿੱਤਾ, ਇਸ ਨੇ ਦੁਖਾਂ ਦਾ -

*ਦੂਖੁ ਤਦੇ ਜਦਿ ਵੀਸਰੈ ਸੁਖੁ ਪ੍ਰਭ ਚਿਤਿ ਆਏ॥*
*ਅੰਗ - 813*

ਉਸੇ ਵੇਲੇ ਵਿਘਨ ਸ਼ੁਰੂ ਹੋ ਜਾਣਗੇ, ਤੁਹਾਡੇ ਅੰਦਰ, ਜਿਸ ਸਮੇਂ ਵਾਹਿਗੁਰੂ ਦੇ ਨਾਲੋਂ ਟੁਟ ਜਾਓਗੇ। ਮਹਾਰਾਜ ਕਹਿੰਦੇ ਥੋੜ੍ਹੇ ਬਹੁਤੇ ਨਹੀਂ –

*ਕੋਟਿ ਬਿਘਨ ਤਿਸੁ ਲਾਗਤੇ ਜਿਸ ਨੋ ਵਿਸਰੈ ਨਾਉ॥*

*ਅੰਗ - 524*

ਹੁਣ ਇਹ ਜਿਹੜੇ ਬਚਨ ਨੇ ਇਹ ਸਾਰੇ ਸੂਤਰ ਨੇ, ਇਕ ਇਕ ਜਿਵੇਂ ਸਿਧਾਂਤ ਹੁੰਦਾ ਹੈ ਇਉਂ ਨੇ। ਇਹ ਪੜ੍ਹਨ ਪੜ੍ਹਨ ਨਾਲ ਨਹੀਂ ਤਅੱਲਕ ਰੱਖਦੇ, ਵਿਚਾਰਨ ਨਾਲ ਰਖਦੇ ਨੇ, ਇਸ ਨੂੰ ਵਿਚਾਰੋ ਕਿ ਮਹਾਰਾਜ ਨੇ ਇਹ ਕੀ ਕਹਿ ਦਿੱਤਾ ਕਿ –

*ਦੂਖੁ ਤਦੇ ਜਦਿ ਵੀਸਰੈ ਸੁਖ ਪ੍ਰਭ ਚਿਤਿ ਆਏ॥*

*ਅੰਗ - 813*

*ਕੋਟਿ ਬਿਘਨ ਤਿਸੁ ਲਾਗਤੇ ਜਿਸ ਨੋ ਵਿਸਰੈ ਨਾਉ॥*

*ਅੰਗ - 524*

ਕਰੋੜਾਂ ਵਿਘਨ ਲਗਦੇ ਨੇ ਜਿਸ ਨੂੰ ਨਾਮ ਵਿਸਰ ਜਾਵੇ, ਭੁੱਲ ਜਾਵੇ ਤੇ ਦੁਖ ਦੂਰ ਕਦੋਂ ਹੁੰਦੇ ਨੇ –

*ਪ੍ਰਭ ਸਿਮਰਤ ਕਛੁ ਬਿਘਨੁ ਨ ਲਾਗੈ॥ ਅੰਗ - 262*

ਜਿੰਨੀਆਂ ਦੁਨੀਆਂ ਭਰ ਦੀਆਂ ਬਰਕਤਾਂ ਨੇ ਜਦੋਂ ਤੁਹਾਡਾ ਸੰਬੰਧ ਪ੍ਰਮੇਸ਼ਰ ਦੇ ਨਾਲ ਜੁੜ ਜਾਏਗਾ ਕਿਉਂਕਿ ਉਹ ਉਚੇ ਦਰਜੇ ਦੀ ਤਾਕਤ ਹੈ, ਸਭ ਤੋਂ ਵੱਡੀ ਤਾਕਤ ਹੈ ਜਿਸ ਨੇ ਆਹ ਸਾਰੇ ਸੰਸਾਰ ਨੂੰ ਬੰਨ੍ਹ ਕੇ ਰੱਖਿਆ ਹੋਇਆ ਹੈ, ਇਕੋ ਵਾਰੀ ਸਾਰਾ ਸੰਸਾਰ ਪੈਦਾ ਕਰ ਦਿੱਤਾ –

*ਕੀਤਾ ਪਸਾਉ ਏਕੋ ਕਵਾਉ॥*
*ਤਿਸ ਤੇ ਹੋਏ ਲਖ ਦਰੀਆਉ॥ ਅੰਗ - 3*

ਜਿਸ ਨੇ ਉਹ ਸਾਰਾ ਸੰਸਾਰ ਥਿਰ ਰੱਖਿਆ ਹੋਇਆ ਹੈ ਬੰਨ੍ਹ ਕੇ ਤੇ ਚਾਲਾਂ ਰੱਖੀਆਂ ਹੋਈਆਂ ਹਨ। ਹੁਣ ਸੂਰਜ ਵੀ ਘੁੰਮਦਾ ਹੈ, ਧਰਤੀ ਵੀ ਘੁੰਮਦੀ ਹੈ। ਕਈ ਪ੍ਰੇਮੀ ਪਹਿਲਾਂ ਕਹਿੰਦੇ ਸੀ ਜੀ! ਸੂਰਜ ਦੇ ਆਲੇ ਦੁਆਲੇ ਜਿੰਨੇ ਤਾਰੇ ਸਿਤਾਰੇ ਨੇ, ਪਤਾ ਹੀ ਨਹੀਂ ਕਿਧਰਲੇ ਪਾਸੇ ਨੂੰ ਕਿੰਨੀ ਦੂਰ ਜਾ ਰਿਹਾ ਹੈ –

*ਭੈ ਵਿਚਿ ਸੂਰਜੁ ਭੈ ਵਿਚਿ ਚੰਦੁ॥*
*ਕੋਹ ਕਰੋੜੀ ਚਲਤ ਨ ਅੰਤੁ॥ ਅੰਗ - 464*

ਹੁਣ ਪਤਾ ਲੱਗ ਗਿਆ ਸਾਇੰਸਦਾਨਾਂ ਨੂੰ। ਕਹਿੰਦੇ ਸੂਰਜ ਜਦੋਂ ਤੁਰਦਾ ਹੈ ਬਾਈ ਕਰੋੜ ਸਾਲਾਂ ਤੋਂ ਬਾਅਦ ਇਕ ਬੜੀ ਖਤਰਨਾਕ ਥਾਂ ਤੇ ਚਲਿਆ ਜਾਂਦਾ ਹੈ, ਉਹ ਖਤਰਨਾਕ ਥਾਂ ਐਸੀ ਹੈ ਜਿਸ ਨੂੰ black hole (ਕਾਲਾ ਛੇਕ) ਕਹਿੰਦੇ ਨੇ। ਇਹ ਇਕ ਚੁਟਕੀ ਤਾਂ ਬਹੁਤਾ ਸਮਾਂ ਹੈ ਇਸ ਤੋਂ ਵੀ ਘੱਟ ਸਮੇਂ ਵਿਚ ਇਹ ਸਾਰੀਆਂ ਧਰਤੀਆਂ ਨੂੰ ਸਮੇਤ ਸੂਰਜ ਦੇ ਨਿਗਲ ਲਏਗਾ, ਖਤਮ ਕਰ ਦੇਵੇਗਾ। ਉਸ ਨੂੰ ਉਸੇ ਵੇਲੇ ਤਾਕਤ ਵਿਚ ਬਦਲ ਦਏਗਾ, ਵਜੂਦ ਨਹੀਂ ਰਹਿਣਾ ਕਿਸੇ ਚੀਜ਼ ਦਾ ਵੀ, ਹੁਣ ਮੰਨਦੇ ਨੇ। ਵਾਹਿਗੁਰੂ ਦਾ ਐਡਾ ਵੱਡਾ ਇੰਤਜਾਮ ਹੈ, ਐਡੀ ਵੱਡੀ ਕੁਦਰਤ ਹੈ। ਉਸ ਦਾ ਸਾਡੇ ਨਿੱਕੇ ਜਿਹੇ ਮਨੁੱਖ ਨਾਲ ਸੰਬੰਧ ਜੁੜਿਆ ਹੋਇਆ ਹੈ। ਕਈ ਕਹਿੰਦੇ ਨੇ ਕਿ ਉਹ ਕਿਉਂ ਕਹਿੰਦਾ ਹੈ ਕਿ ਮੇਰਾ ਨਾਮ ਜਪੋ? ਵਾਹਿਗੁਰੂ ਕਿਸੇ ਨੂੰ ਨਹੀਂ ਕਹਿੰਦਾ। ਅਸੀਂ ਕਹਿੰਦੇ ਹਾਂ ਕਿ ਜੇ ਸੁਖੀ ਰਹਿਣਾ ਹੈ ਤਾਂ ਤੁਸੀਂ ਬੰਦਗੀ ਕਰੋ, ਤੁਹਾਡੇ ਵਿਘਨਾਂ ਦਾ ਖਾਤਮਾ ਹੋ ਜਾਏਗਾ, ਬਿਮਾਰੀਆਂ ਦਾ ਖਾਤਮਾ ਹੋ ਜਾਏਗਾ। ਮੇਰੇ ਕੋਲ ਆਉਂਦੇ ਨੇ ਮੈਂ ਤੁਹਾਨੂੰ ਪ੍ਰਤੱਖ ਗੱਲ ਦਸਦਾ ਹਾਂ। ਸਾਡੇ ਕੋਲ ਇਕ ਬੀਬੀ ਆਈ, ਦੱਸਣਾ ਤਾਂ ਚਾਹੀਦਾ ਨਹੀਂ ਕਿਉਂਕਿ ਹੋਰ ਬਹੁਤੇ ਰੁਝੇਵੇਂ ਮੇਰੇ ਆਲੇ ਦੁਆਲੇ ਹੋ ਜਾਂਦੇ ਨੇ। ਉਹ ਕਾਫੀ ਦੇਰ ਫਿਰਦੀ ਰਹੀ, ਮੈਨੂੰ ਵੀਰ ਜੀ ਕਹਿੰਦੀ ਸੀ।

ਕਹਿੰਦੀ, "ਵੀਰ ਜੀ! ਮੇਰੀਆਂ ਅੱਖਾਂ ਜਵਾਬ ਦੇ ਗਈਆਂ। ਮੇਰੇ ਗੁਰਦੇ ਦੇ ਵਿਚ ਪਥਰੀ ਹੈ, 245 ਮੇਰਾ ਬਲੱਡ ਪਰੈਸ਼ਰ ਹੈ, 245 ਮੇਰੀ ਸ਼ੂਗਰ ਹੈ ਘਟਦੀ ਹੀ ਨਹੀਂ ਹੈ, ਮੇਰੇ ਜਿਗਰ ਵਿਚ ਰਸੌਲੀ ਹੈ, ਰੀੜ੍ਹ ਦੀ ਹੱਡੀ ਵਿਚ ਕਰੈਕ ਹੈ।

ਗਿਣੀ ਜਾਓ ਕਿੰਨੀ ਬਿਮਾਰੀਆਂ ਹੋ ਗਈਆਂ। ਉਹ ਜਦੋਂ ਹਟੇ ਹੀ ਨਾ, ਖਹਿੜਾ ਹੀ ਨਾ ਛੱਡਿਆ ਮੈਂ ਕਿਹਾ, ਲੈ ਬੀਬੀ! ਮੈਂ ਦੱਸ ਦਿੰਦਾ ਹਾਂ ਬਾਣੀ ਦੇ ਨਾਲ ਜੁੜਨਾ ਪੈਣਾ ਹੈ ਤੈਨੂੰ।"

ਇਹ ਬਾਣੀ ਅੱਖਰ ਨਹੀਂ ਹਨ, ਮਤਾਂ ਭੁਲੇਖਾ ਖਾ ਜਾਓ ਕਿ ੳ, ਅ ਲਿਖੇ ਹੋਏ ਨੇ ਇਹ (ਬਿਜਲਈ ਸ਼ਕਤੀਆਂ) ਨੇ ਇਸ ਦੇ ਵਿਚ ਸ਼ਕਤੀ ਹੈ, ਉਹ ਪ੍ਰਤਿਆ ਪ੍ਰਤਿਆ ਕੇ ਅਸੀਂ ਦੇਖੀ ਹੋਈ ਹੈ। ਇਕ ਤਾਂ ਹੁੰਦਾ ਸੁਣੀਆਂ ਸੁਣਾਈਆਂ ਗੱਲਾਂ, ਇਕ ਪ੍ਰਤੱਖ ਦੇਖੀਆਂ ਹੁੰਦੀਆਂ ਹਨ। ਉਸ ਨੂੰ ਮੈਂ ਦੱਸ ਦਿੱਤਾ ਕਿ ਤੂੰ ਮਿਹਨਤ ਕਰ। ਘਰ ਬਾਰ ਦਾ ਮੋਹ ਛੱਡ ਆ ਤੇ ਇਥੇ ਰਹਿ ਰਤਵਾੜਾ ਸਾਹਿਬ। ਪ੍ਰਸ਼ਾਦੇ ਵੀ ਦਿੱਤੇ, ਰਹਿਣ ਨੂੰ ਥਾਂ ਦਿੱਤਾ, ਕੱਪੜਾ ਲੀੜਾ ਵੀ ਅਸੀਂ ਦੇ ਦਿੰਦੇ ਹਾਂ ਜਿਹੜਾ ਸੇਵਾ ਕਰੇ। ਪੰਜ ਘੰਟੇ ਉਸ ਨੇ ਰੋਜ਼ ਪੜ੍ਹਨਾ। ਜਦੋਂ 20 ਦਿਨ ਲੰਘ ਗਏ ਬੜੀ ਖੁਸ਼ ਮੇਰੇ ਕੋਲ ਆਈ।

ਕਹਿੰਦੀ, ਵੀਰ ਜੀ! ਖੁਸ਼ਖਬਰੀ ਦੇਣੀ ਹੈ।"

ਮੈਂ ਕਿਹਾ, "ਕੀ ਗੱਲ ਹੋ ਗਈ?"

ਕਹਿੰਦੀ, "ਮੇਰੀ ਇਕ ਅੱਖ ਖੁੱਲ੍ਹ ਗਈ।"

ਡਾਕਟਰ ਕਹਿੰਦੇ ਸੀ ਕਿ ਤੇਰੀਆਂ ਜਿਹੜੀ ਨਾੜਾਂ ਨੇ ਉਹ ਪਿਚਕ ਗਈਆਂ, ਇਹ ਠੀਕ ਨਹੀਂ ਹੋ ਸਕਦੀਆਂ, ਰੋਸ਼ਨੀ ਆ ਹੀ ਨਹੀਂ ਸਕਦੀ। ਅੱਖਾਂ ਵਾਲੇ ਡਾਕਟਰਾਂ ਨੂੰ ਕਿੰਨਿਆਂ ਨੂੰ ਦਿਖਾ ਚੁੱਕੀ। ਹੁਣ ਬਾਣੀ ਨੇ ਉਹ ਸਾਰੀ ਡਾਕਟਰੀ ਫੇਲ੍ਹ ਕਰ ਦਿੱਤੀ।

ਮੈਂ ਕਿਹਾ, "ਬੜਾ ਚੰਗਾ ਹੋਇਆ।"

ਉਸ ਤੋਂ ਬਾਅਦ ਸਤੰਬਰ ਵਿਚ ਫੇਰ ਮੇਰੇ ਕੋਲ ਆਈ ਕਾਗਜ਼ ਹੱਥ ਵਿਚ ਫੜਿਆ ਹੋਇਆ। ਕਹਿੰਦੀ ਮੈਨੂੰ

ਇਜਾਜ਼ਤ ਹੈ? ਮੇਰਾ ਪੀ.ਜੀ.ਆਈ. ਦਾ ਕਾਰਡ ਬਣਿਆ ਹੋਇਆ ਮੈਂ ਦਿਖਾਉਣ ਜਾਣਾ ਹੈ। ਉਥੇ ਜਾ ਕੇ ਜਦੋਂ ਕਾਰਡ ਦਿਖਾਇਆ। ਬੜੀ ਖੁਸ਼ ਵਾਪਸ ਆਈ।

ਮੈਂ ਕਿਹਾ, "ਕੀ ਗੱਲ ਹੋਰ ਖੁਸ਼ੀ ਦੀ ਗੱਲ ਹੋ ਗਈ।"

ਕਹਿੰਦੀ, "ਹਾਂ ਜੀ! ਮੇਰਾ ਬਲੱਡ ਪਰੈਸ਼ਰ ਨਾਰਮਲ ਹੋ ਗਿਆ ਤੇ ਸ਼ੂਗਰ ਨਾਰਮਲ ਹੋ ਗਈ। ਡਾਕਟਰ ਪੁਛਦੇ ਨੇ ਤੂੰ ਦਵਾਈ ਕੀ ਖਾਧੀ ਸੀ? ਮੈਂ ਕਿਹਾ ਦਵਾਈ ਕੋਈ ਨਹੀਂ ਖਾਧੀ, ਮੈਂ ਤਾਂ ਪਾਠ ਕਰਦੀ ਹਾਂ, ਉਹ ਮੰਨਦੇ ਹੀ ਨਹੀਂ। ਕਿ ਪਾਠ ਕਰੇ ਤੇ ਵੀ ਕਦੇ ਬਿਮਾਰੀਆਂ ਹਟਦੀਆਂ ਹਨ।"

ਮੈਂ ਕਿਹਾ, "ਚਲ ਮੰਨਣ ਨਾ ਮੰਨਣ ਤੇਰੀ ਤਾਂ ਬਿਮਾਰੀ ਹਟ ਗਈ ਨਾਹ।"

ਉਸ ਤੋਂ ਬਾਅਦ ਸਤੰਬਰ ਦੇ ਮਹੀਨੇ ਕਾਗਜ ਮੁੱਠੀ ਵਿਚ ਫੜਿਆ ਹੋਇਆ। ਮੈਂ ਕਿਹਾ, "ਆਹ ਕੀ ਲਈ ਆਉਂਦੀ ਹੈਂ?"

ਕਹਿੰਦੀ, "ਜਿਹੜੀ ਮੇਰੇ ਪੱਥਰੀ ਸੀ ਗੁਰਦੇ ਵਿਚ ਉਹ 3 ਟੁਕੜੇ ਹੋ ਕੇ ਨਿਕਲ ਗਿਆ ਉਹ ਨੇ ਟੁਕੜੇ।"

ਐਨੇ ਨੂੰ ਮੈਂ ਅਮਰੀਕਾ ਚਲਿਆ ਗਿਆ। ਜਨਵਰੀ 1990 ਨੂੰ ਵਾਪਸ ਆਇਆ।

ਉਸ ਨੇ ਮੈਨੂੰ ਆਉਂਦੇ ਨੂੰ ਹੀ ਕਿਹਾ।

ਕਹਿੰਦੀ, "ਵੀਰ ਜੀ! ਮੈਂ ਗਈ ਸੀ ਪੀ.ਜੀ.ਆਈ. ਤੁਹਾਡੀ ਗੈਰ ਹਾਜਰੀ ਵਿਚ। ਪਹਿਲੇ ਐਕਸਰੇ ਲੈ ਕੇ ਗਈ ਸੀ ਕਿ ਮੇਰੀ ਰੀੜ੍ਹ ਦੀ ਹੱਡੀ ਵਿਚ ਕਰੈਕ ਹੈ। ਉਥੇ ਡਾਕਟਰ ਨੇ ਲਿਖਿਆ ਹੋਇਆ ਸੀ ਕਿ ਇਸ ਨੂੰ paralysis ਹੋਏਗਾ, ਅਧਰੰਗ ਦਾ ਅਟੈਕ ਹੋਣਾ ਹੈ ਕਿਉਂਕਿ ਰੀੜ੍ਹ ਦੀ ਹੱਡੀ ਵਿਚ ਕਰੈਕ ਆ ਗਿਆ। ਮੈਂ ਦਿਖਾਈ ਉਨ੍ਹਾਂ ਨੇ ਕਿੰਨੇ ਹੀ ਐਕਸਰੇ ਲਏ ਉਹ ਕਰੈਕ ਆਈ ਹੀ ਨਹੀਂ। ਉਹ ਕਹਿਣ ਇਹ ਹੋ ਕੀ ਗਿਆ, ਰੀੜ੍ਹ ਦੀ ਹੱਡੀ ਦਾ ਕਰੈਕ ਤਾਂ ਕਦੇ ਜੁੜਦਾ ਹੀ ਨਹੀਂ ਤੇ ਤੇਰਾ ਕਿਵੇਂ ਜੁੜ ਗਿਆ। ਉਸ ਤੋਂ ਬਾਅਦ ਮੈਂ ਰਸੌਲੀ ਦੀ ਗੱਲ ਕਰੀ। ਕਹਿੰਦੇ ਰਸੌਲੀ ਤਾਂ ਵਿਚ ਹੀ ਘੁਲ ਘਲ ਗਈ, ਤੇਰੇ ਸਰੀਰ ਵਿਚ ਹੁਣ ਤਾਂ ਰਹੀ ਹੀ ਨਹੀਂ। ਹੁਣ ਇਹ ਰਹਿ ਗਈ ਕਿ ਘਰ ਨੂੰ ਮੈਂ ਕਾਣੀ ਹੀ ਜਾਵਾਂਗੀ?"

ਮੈਂ ਕਿਹਾ, "ਤੂੰ ਮਹਾਰਾਜ ਤੇ ਭਰੋਸਾ ਰੱਖ 4 ਮਹੀਨੇ ਹੋਰ ਰਹਿ।"

ਉਹ 20 ਜਨਵਰੀ ਨੂੰ ਬੜੀ ਖੁਸ਼ ਹੋ ਕੇ ਮੇਰੇ ਕੋਲ ਆਈ।

ਮੈਂ ਕਿਹਾ, "ਕੀ ਹੋਇਆ?"

ਕਹਿੰਦੀ, "ਵਧਾਈਆਂ।"

ਮੈਂ ਕਿਹਾ, "ਕੀ?"

ਕਹਿੰਦੀ, "ਮੇਰੀ ਜਿਹੜੀ 2 ਸਾਲ ਦੀ ਅੱਖ ਬੰਦ ਸੀ ਉਹ ਵੀ ਖੁੱਲ ਗਈ।"

ਨਾਲ ਹੀ ਮੈਨੂੰ ਕਹਿਣ ਲੱਗੀ ਪਰ ਮੈਨੂੰ ਹੁਣ ਛੁੱਟੀ ਦੇ ਦਿਓ ਮੇਰੀ ਪੋਤੀ ਦਾ ਇਮਤਿਹਾਨ ਹੈ। ਮੈਂ ਕਿਹਾ ਵਾਹ ਬੀਬਾ! ਹੁਣ ਤੂੰ ਪ੍ਰਤੱਖ ਦੇਖ ਲਿਆ ਗੁਰਬਾਣੀ ਦਾ ਜਲਵਾ। ਆਦਮੀ ਤਾਂ ਬਾਣੀ ਨੂੰ ਲੱਗ ਜਾਵੇ ਕਿ ਹੁਣ ਨਹੀਂ ਮੈਂ ਗੁਰਬਾਣੀ ਨੂੰ ਵਿਸਾਰਨਾ, ਆਹੀ ਹੁੰਦਾ ਹੈ ਮੇਰੇ ਨਾਲ ਰਾਜੀ ਹੋ ਜਾਂਦੇ ਨੇ। ਫੇਰ ਆਉਂਦੇ ਨੇ ਜੀ ਹੋਰ ਕਿੰਨਾ ਕੁ ਪੜ੍ਹਾਂ। ਅੱਗੇ ਤਾਂ ਮੈਨੂੰ ਸੁਝਦੀ ਨਹੀਂ ਸੀ ਆਹ ਗੁਰਪਾਲ ਸਿੰਘ ਦੀ ਗੱਲ ਸੁਣ ਕੇ ਮੈਨੂੰ ਹੁਣ ਸੁਝ ਗਈ, ਪਹਿਲਾਂ ਮੈਂ ਸਿਧਾ ਹੀ ਸੀ। ਉਹ ਇਹ ਸੁਝ ਗਈ ਕਿ ਮੈਂ ਕਿਹਾ ਜਿੰਨਾ ਚਿਰ ਰਾਜੀ ਰਹਿਣਾ ਚਾਹੁੰਦੀ ਹੈ ਪੜ੍ਹੀ ਜਾਹ। ਸਾਡਾ ਮਤਲਬ ਹੁੰਦਾ ਹੈ ਬਾਣੀ ਤੇ ਵਿਸ਼ਵਾਸ ਆਵੇ। ਬਾਣੀ ਪੜ੍ਹਨ ਉਨ੍ਹਾਂ ਦਾ ਹੁੰਦਾ ਹੈ।

ਨੈਂ ਲੰਘੀ ਖਵਾਜਾ ਵਿਸਰਿਆ। ਕਿ ਹੁਣ ਬਾਣੀ ਨੇ ਕੀ ਕਰਨਾ ਹੈ ਅਸੀਂ ਤਾਂ ਰਾਜੀ ਹੋ ਗਏ। ਸੋ ਇਹ ਮੇਰੇ ਨਾਲ ਇਕ ਨਹੀਂ ਸੈਕੜਿਆਂ ਦੀ ਗਿਣਤੀ ਦੇ ਵਿਚ ਖੇਡ ਵਰਤਦੀ ਹੈ।

ਸੋ ਇਹ ਹੈ ਕੀ? ਇਹ ਸ਼ਕਤੀ ਹੈ। ਮੈਨੂੰ ਤਾਂ ਪਤਾ ਹੈ। ਬਾਣੀ ਪੜ੍ਹੋਗੇ, ਸ਼ਕਤੀ ਨਾਲ ਤੁਹਾਡਾ ਸੰਬੰਧ ਉਚੇ ਦਰਜੇ ਦੀ ਸ਼ਕਤੀ ਉਹ ਉਨੀ ਸ਼ਕਤੀ ਦੇ ਨਾਲ ਤੁਹਾਡੀ ਸਰੀਰ ਦੇ ਵਿਚ ਰਚਣ ਲਗ ਜਾਏਗੀ ਜਿੰਨਾ ਤੁਹਾਡੀ ਦੇਹੀ ਸਹਿ ਸਕਦੀ ਹੈ ਕਿਉਂਕਿ ਉਸ ਦਾ ਤਾਂ ਕੋਈ ਆਦਿ ਅੰਤ ਨਹੀਂ। ਮੂਸਾ ਜੀ ਨੇ ਕਿਹਾ, "ਮੈਂ ਤੁਹਾਨੂੰ ਦੇਖਣਾ ਚਾਹੁੰਦਾ ਹਾਂ।"

ਵਾਹਿਗੁਰੂ ਨੇ ਕਿਹਾ ਮੈਨੂੰ ਦੇਖ ਨਹੀਂ ਸਕਦਾ ਕੋਈ।" ਕਹਿੰਦਾ ਮੈਂ ਜੋਤ ਦੇਖਣੀ ਹੈ ਤੁਹਾਡੀ।"

ਕਹਿੰਦੇ, "ਮੂਸਾ! ਦੇਖ ਨਹੀਂ ਸਕਦਾ, ਆਦਮੀ ਨੂੰ ਮੈਂ ਬਣਾਇਆ ਹੀ ਨਹੀਂ ਕਿ ਮੈਨੂੰ ਪੂਰੇ ਨੂੰ ਦੇਖ ਸਕੇ। ਚੰਗਾ ਕੋਹ ਕਾਫ ਤੇ ਚੜ੍ਹ ਜਾਈਂ ਕੱਲ੍ਹ ਨੂੰ।"

ਜਦੋਂ ਉਹ ਕੋਹ ਕਾਫ ਤੇ ਗਿਆ ਤੇ ਜਦੋਂ ਜਲਵਾ ਦੇਖਿਆ ਉਨ੍ਹਾਂ ਨੇ ਬੇਹੋਸ਼ ਹੋ ਕੇ ਗਿਰ ਗਿਆ, ਸਹਿ ਹੀ ਨਾ ਸਕਿਆ। ਉਹ ਐਨੇ voltage ਦੀ ਸ਼ਕਤੀ ਉਸ ਦੇ ਅੰਦਰ ਟਕਰਾਈ, ਸਰੀਰ ਵਿਚ ਤਾਂ ਤਾਕਤ ਹੀ ਨਹੀਂ ਹੈ। ਜਦੋਂ ਸੁਰਤ ਆਈ ਤੇ ਉਠਿਆ। ਉਥੇ 10 ਆਗਿਆ-ਨਸੀਹਤਾਂ ਲਿਖੀਆਂ ਹੋਈਆਂ ਸੀ। ਪੱਥਰ ਤੇ ਕਿ ਆਹ ਕਰੋ, ਆਹ ਨਾ ਕਰੋ। ਇਹ ਕਹਿੰਦਾ ਮੇਰਾ ਹੁਕਮ ਹੈ ਇਸ ਨੂੰ ਸੰਸਾਰ ਦੇ ਵਿਚ ਚਲਾ, ਸੰਸਾਰ ਨੂੰ ਰਸਤਾ ਦਿਖਾ, ਤੂੰ ਸਭ ਕੁਝ ਦੇਖ ਲਿਆ ਹੈ। ਉਸ ਕੋਹ ਕਾਫ ਦਾ ਰੰਗ ਕਾਲਾ ਉਸ ਵੇਲੇ ਤੋਂ ਹੈ ਜਦੋਂ ਤੋਂ ਮੂਸਾ ਨੇ ਉਹ ਜਲਵਾ ਦੇਖਿਆ। ਇਹ ਕਹਾਣੀਆਂ ਨੇ ਸਾਰੀਆਂ ਤੇ ਝੂਠੀਆਂ ਐਵੇਂ ਰੱਦ ਕਰਨ ਵਾਲੀਆਂ ਨਹੀਂ ਹਨ। ਇਨ੍ਹਾਂ ਵਿਚ ਭੇਤ ਹੈ ਬਹੁਤ ਵੱਡਾ। ਸੋ ਵਾਹਿਗੁਰੂ ਨੇ ਸਾਡੇ ਸਰੀਰ ਨੂੰ ਓਨੀ ਕੁ ਸ਼ਕਤੀ

ਦਿੱਤੀ ਹੈ ਓਨੀ ਕੁ ਸ਼ਕਤੀ ਨਾਲ ਉਹ ਸਾਡੇ ਅੰਦਰ ਆਉਂਦਾ ਹੈ। ਨਿਸ਼ਾਨੀ ਕੀ ਹੈ? ਹੈ ਤਾਂ ਅੰਦਰ ਹੀ ਉਹ ਦਰਵਾਜਾ, ਝਰੋਖਾ ਖੋਲਦਾ ਹੈ। ਉਸ ਝਰੋਖੇ ਵਿਚੋਂ ਰਸ ਝਰਦਾ ਹੈ। ਜਦੋਂ ਬਾਣੀ ਪੜ੍ਹ ਕੇ ਰਸ ਆਉਣ ਲੱਗ ਜਾਵੇ, ਤਾਂ ਸਮਝ ਲਓ ਮੇਰਾ ਸੰਬੰਧ ਰੱਬ ਨਾਲ ਜੁੜਨ ਲਗ ਗਿਆ। ਜਦੋਂ ਨਾਮ ਜਪਦੇ ਜਪਦੇ ਅੰਦਰ ਪ੍ਰਕਾਸ਼ ਹੋ ਜਾਵੇ, ਜੋਤ ਦਾ ਪ੍ਰਕਾਸ਼ ਹੋ ਗਿਆ। ਸਮਝ ਲਓ ਮੈਂ ਹੋਰ ਨੇੜੇ ਚਲਿਆ ਗਿਆ। ਜਦੋਂ ਸੁਰਤੀ ਇਕਾਗਰ ਕਰਦੇ ਕਰਦੇ ਨਾਮ ਜਪਦੇ ਨੇ ਅਨਹਦ ਸ਼ਬਦ ਸੁਣਨ ਲੱਗ ਜਾਣ ਉਸ ਵੇਲੇ ਸਮਝੋ ਕਿ ਮੈਂ ਤਰੱਕੀ ਹੋਰ ਕਰ ਲਈ। ਸੋ ਬੰਦਾ ਚੜ੍ਹਦਾ ਹੈ ਲੇਕਿਨ ਅੱਗੇ ਨਹੀਂ ਜਾ ਸਕਦਾ, ਅੱਗੇ ਮਨ੍ਹਾ ਕੀਤਾ ਹੋਇਆ ਹੈ ਇਸ ਦੀ ਤਾਕਤ ਨਹੀਂ ਕਿ ਅੱਗੇ ਲੰਘ ਜਾਵੇ। ਜਿੰਨਾ ਕੁ ਇਸ ਨੂੰ, 3 ਚੀਜ਼ਾਂ ਦਾ ਪਤਾ ਲੱਗਿਆ, ਬਾਕੀ ਸ਼ਕਤੀਆਂ ਬੇਅੰਤ ਆਉਣਗੀਆਂ। ਜੇ ਤਾਂ ਸ਼ਕਤੀਆਂ ਵਿਚ ਪੈ ਜਾਵੇ ਫੇਰ ਤਾਂ ਇਹ ਟੁੱਟ ਜਾਂਦਾ ਹੈ ਕਿਉਂਕਿ –

*ਰਿਧਿ ਸਿਧਿ ਸਭੁ ਮੋਹੁ ਹੈ ਨਾਮੁ ਨ ਵਸੈ ਮਨਿ ਆਇ॥*
*ਅੰਗ - 593*

ਜਿਹੜਾ ਨਾਮ ਵਸਿਆ ਹੋਇਆ ਹੈ ਸਰੀਰ ਵਿਚੋਂ ਨਿਕਲ ਜਾਏਗਾ, ਜਿਸ ਨੇ ਚਿਲੇ ਕੱਟੇ ਨੇ ਉਹ ਪ੍ਰਯੋਗ ਕਰੇਗਾ ਕਿਉਂਕਿ ਉਹ ਅੰਨਾ ਹੈ, ਉਸ ਨੂੰ ਪਤਾ ਨਹੀਂ ਹੈ ਇਨ੍ਹਾਂ ਗੱਲਾਂ ਦਾ। ਸਾਧੂ ਨਹੀਂ ਕਰਦਾ। ਸਾਧੂ ਦੇ ਪਿੱਛੇ ਸ਼ਕਤੀਆਂ ਆਪੇ ਤੁਰੀਆਂ ਫਿਰਦੀਆਂ ਹਨ –

*ਨਵ ਨਿਧੀ ਅਠਾਰਹ ਸਿਧੀ ਪਿਛੈ ਲਗੀਆ ਫਿਰਹਿ*
*ਜੋ ਹਰਿ ਹਿਰਦੈ ਸਦਾ ਵਸਾਇ॥ ਅੰਗ - 649*

ਸੋ ਇਸ ਤਰ੍ਹਾਂ ਉਥੇ ਫੇਰ ਕੀ ਹੁੰਦਾ ਹੈ, ਅੱਗੇ ਚੜ੍ਹਾਈ ਨਹੀਂ ਹੁੰਦੀ, ਅੱਗੇ ਚੜ੍ਹਾਈ ਹੁੰਦੀ ਹੈ ਸਮਰਥ ਗੁਰੂ ਦੀ ਮਿਹਰ ਨਾਲ। ਸਮਰੱਥ ਮਿਲੇ ਤਾਂ ਚੜ੍ਹਦਾ ਹੈ। ਮਹਾਤਮਾ ਬੁੱਧ ਨੇ ਗੁਰੂ ਕਰਿਆ। ਉਸ ਗੁਰੂ ਨੇ ਅੰਦਰ ਵੜਨ ਦੀ ਜੁਗਤ ਤਾਂ ਉਸ ਨੂੰ ਸਮਝਾ ਦਿੱਤੀ, ਜਦੋਂ ਉਹ ਚਲੇ ਗਿਆ ਤੇ ਉਥੇ ਪਹੁੰਚ ਗਿਆ। ਕਹਿਣ ਲੱਗਿਆ ਕਿ ਮੈਂ ਉਥੇ ਪਹੁੰਚ ਗਿਆ ਹੁਣ ਮੈਨੂੰ ਅੱਗੇ ਦੱਸ? ਕਹਿੰਦਾ ਅੱਗੇ ਦਾ ਮੇਰੇ ਕੋਲ ਗਿਆਨ ਨਹੀਂ ਹੈ। ਉਸ ਨੇ ਦੂਸਰਾ ਗੁਰੂ ਕਰਿਆ। ਦੂਸਰੇ ਨੇ ਹੋਰ ਅੱਗੇ ਲੰਘਾ ਦਿੱਤਾ। ਉਸ ਦੀ ਤਸੱਲੀ ਨਾ ਹੋਈ ਤੀਸਰਾ ਕਰਿਆ ਉਸ ਨੇ। ਮਹਾਤਮਾ ਨੇ 6 ਗੁਰੂ ਕਰੇ ਸੀ। ਜਿਹੜੇ ਆਖਰੀ ਦੋ ਗੁਰੂ ਕਰੇ ਉਨ੍ਹਾਂ ਨੇ ਚੜ੍ਹਾਇਆ ਉਸ ਨੂੰ ਬਹੁਤ ਉੱਚਾ ਲੇਕਿਨ ਉਹ ਵੀ ਰਹਿ ਗਏ। ਇਕ ਗੁਰੂ ਦੀ ਉਸ ਨੂੰ ਹੋਰ ਲੋੜ ਸੀ ਇਹ ਵੀ ਮੇਰਾ ਲੇਖ ਲਿਖਿਆ ਹੋਇਆ ਹੈ ਇਥੇ ਮੈਗਜ਼ੀਨ ਵਿੱਚ। ਇਕ ਗੁਰੂ ਦੀ ਹੋਰ ਲੋੜ ਸੀ। ਉਹ ਗੁਰੂ ਨਾ ਉਨ੍ਹਾਂ ਨੇ ਕਰਿਆ। ਉਹ ਨਾ ਕਰਨ ਕਰਕੇ ਨਿਰਵਾਣ ਦੀ ਅਵਸਥਾ ਵਿਚ ਰਹਿ ਗਿਆ, ਨਹੀਂ ਤਾਂ ਵਾਹਿਗੁਰੂ ਦੇ ਵਿਚ ਅਭੇਦ ਹੋ ਜਾਣਾ ਸੀ ਉਸ ਨੇ। ਉਹ ਗੁਰੂ ਤੋਂ ਬਗੈਰ ਨਹੀਂ ਹੁੰਦਾ ਕਿਉਂਕਿ ਚਾਬੀ ਗੁਰੂ ਕੋਲ ਹੈ –

*ਜਿਸ ਕਾ ਗ੍ਰਿਹੁ ਤਿਨਿ ਦੀਆ ਤਾਲਾ*
*ਕੁੰਜੀ ਗੁਰ ਸਉਪਾਈ॥*
*ਅਨਿਕ ਉਪਾਵ ਕਰੇ ਨਹੀਂ ਪਾਵੈ*
*ਬਿਨੁ ਸਤਿਗੁਰ ਸਰਣਾਈ॥ ਅੰਗ - 205*

ਗੁਰੂ ਦੀ ਸ਼ਰਨ ਵਿਚ ਆਏ ਬਿਨਾ ਨਹੀਂ ਮਿਲਦਾ ਕਿਉਂਕਿ ਚਾਬੀ ਗੁਰੂ ਦੇ ਕੋਲ ਹੈ।

*ਬਿਨੁ ਸਬਦੈ ਅੰਤਰਿ ਆਨੇਰਾ॥*
*ਨ ਵਸਤੁ ਲਹੈ ਨ ਚੂਕੈ ਫੇਰਾ॥*
*ਸਤਿਗੁਰ ਹਥਿ ਕੁੰਜੀ ਹੋਰਤੁ ਦਰੁ ਖੁਲੈ ਨਾਹੀ*
*ਗੁਰ ਪੂਰੈ ਭਾਗਿ ਮਿਲਾਵਣਿਆ॥ ਅੰਗ - 124*

ਸੋ ਮੈਂ ਬਹੁਤ ਵਿਸਥਾਰ ਦੇ ਨਾਲ ਆਪਣੀ ਜਾਣ ਵਿੱਚ ਗੱਲ ਕਰੀ ਹੈ। ਸਮਝਦਾਰ ਬੈਠੇ ਹੋ ਤੁਸੀਂ ਦੁਆਬੇ ਨੂੰ ਦਿਮਾਗ ਕਹਿੰਦੇ ਨੇ। ਪੰਜਾਬ ਦਾ ਸਗੋਂ ਤਾਂ ਹਿੰਦੋਸਤਾਨ ਦਾ ਹੀ ਹੈ ਦਿਮਾਗ। ਇਹ ਮੈਂ ਜਾਣਦਾ ਹਾਂ ਦੁਆਬਾ ਕਦੇ ਵੀ ਸੰਖੇਪ ਰੂਪ ਵਿਚ ਨਹੀਂ ਮੰਨਦਾ। ਇਹ ਤਾਂ ਮੰਨੇਗਾ ਜੇ ਤਰਕ ਹੋਵੇ, ਤਰਕ ਹੋਵੇ ਨਹੀਂ ਤਾਂ ਇਹ ਮੰਨਦੇ ਨਹੀਂ ਸਿਆਣੇ ਬੰਦੇ। ਜਿਹੜੇ ਇਲਾਕਿਆ ਵਿਚ ਅਸੀਂ ਕੰਮ ਕਰਦੇ ਹਾਂ ਉਥੇ ਕੁਝ ਕਹਿ ਦਿਓ ਉਥੇ ਸਭ ਕਾਮਯਾਬ ਹੋ ਜਾਂਦੇ ਨੇ। ਜਿਥੇ ਬੰਦੇ ਸਮਝਦਾਰ ਹੋਣ ਤਰਕ ਦੇ ਉਤੇ (ਅਧਾਰ) ਕਰਦੇ ਹੋਣ ਉਥੇ ਗੱਲ ਸਮਝਾਉਣੀ ਪੈਂਦੀ ਹੈ। ਸੋ ਨਾਮ ਦੀ ਬਾਤ ਦੀ ਮੈਂ ਬੇਨਤੀ ਕਰੀ ਹੈ। ਨਾਮ ਸ਼ਕਤੀ ਹੈ ਇਸ ਦੇ ਜਪੇ ਤੋਂ ਬਗੈਰ ਸਾਡੇ ਅੰਦਰ ਪ੍ਰਕਾਸ਼ ਨਹੀਂ ਹੁੰਦਾ। ਸਾਡੇ ਅੰਦਰ ਇਕ ਬਿਮਾਰੀ ਹੈ ਬੜੀ ਜਬਰਦਸਤ ਜਿਹੜੀ ਵਾਹਿਗੁਰੂ ਨੇ ਲਾਈ ਹੋਈ ਹੈ। ਉਹ ਇਹ ਹੈ ਕਿ ਜਿਸ ਵਕਤ ਵਾਹਿਗੁਰੂ ਜੀ ਨੇ ਸ੍ਰਿਸ਼ਟੀ ਸਾਜੀ ਆਪਣੇ ਆਪ ਤੋਂ। ਹੁਣ ਇਥੇ ਵੀ ਦੋ ਖਿਆਲ ਨੇ ਸਾਇੰਸ ਤਾਂ ਕਹਿੰਦੀ ਹੈ ਕਿ ਪ੍ਰਾਕਿਰਤੀ, ਪਦਾਰਥ ਤੋਂ ਅੱਗੇ ਕੋਈ ਚੀਜ਼ ਨਹੀਂ ਹੈ।

ਆਹ ਹੁਣੇ 4-5 ਦਿਨ ਹੋਏ ਇਕ ਸਾਇੰਸਦਾਨ ਪ੍ਰੋਫੈਸਰ ਸੀ ਪੰਜਾਬ ਯੂਨੀਵਰਸਿਟੀ ਦਾ। ਘਰ ਚਰਨ ਪਾਉਣ ਗਿਆ। ਮੈਨੂੰ ਕਹਿੰਦੇ ਜੀ ਇਹ ਸਾਇੰਸ ਦਾ ਪ੍ਰੋਫੈਸਰ ਹੈ ਉਹ ਵੀ ਭੌਤਿਕ ਵਿਗਿਆਨ ਦਾ ਹੈ। ਮੈਂ ਕਿਹਾ ਲੈ ਫੇਰ ਤਾਂ ਇਸ ਤੋਂ ਕੋਈ ਗਿਆਨ ਦੀ ਗੱਲ ਸੁਣਦੇ ਹਾਂ।

ਮੈਂ ਕਿਹਾ, "ਡਾਕਟਰ ਸਾਹਿਬ! ਇਹ ਜਿਹੜਾ ਪਹਿਲਾ ਵੱਡਾ ਧਮਾਕਾ (big bang) ਹੋਇਆ ਨਾਂਹ ਤੁਸੀਂ ਕਹਿੰਦੇ ਹੋ।"

ਕਹਿੰਦਾ, "ਹਾਂ! ਕਹਿੰਦੇ ਹਾਂ।"

ਮੈਂ ਕਿਹਾ, "ਉਹ ਹਰਕਤ ਕਿਸ ਨੇ ਦਿੱਤੀ, ਉਹ ਸੈਟ ਕਿਸ ਨੇ ਕਰਿਆ ਜਾਂ ਆਪੇ ਹੀ ਹੋ ਗਿਆ?"

ਕਹਿੰਦਾ, "ਇਸ ਦਾ ਨਹੀਂ ਪਤਾ ਲਗਦਾ।"

ਮੈਂ ਕਿਹਾ, "ਫੇਰ ਅੱਗੇ ਚਲੋ। ਇਸ ਦਾ ਪਤਾ ਗੁਰੂਆਂ ਨੇ ਦਿੱਤਾ ਹੈ।"

*ਨਿਰੰਕਾਰੁ ਆਕਾਰੁ ਹੋਇ ਏਕੰਕਾਰੁ ਅਪਾਰੁ ਸਦਾਇਆ।*
*ਭਾਈ ਗੁਰਦਾਸ ਜੀ ਦੀ ਵਾਰ 26/3*

ਜਦੋਂ ਵਾਹਿਗੁਰੂ ਅਕਾਰ ਵਿਚ ਆਇਆ ਏਕੰਕਾਰ ਨਾਉਂ ਹੋਇਆ ਉਸ ਦਾ, ੧ਓਂ ਮਹਾਰਾਜ ਨੇ ਲਿਖਿਆ। ਏਕਾ ਕਰਕੇ ਲਿਖ ਦਿੱਤਾ। ਹੁਣ ਏਕੰਕਾਰ ਨੇ ਅੱਗੇ ਸ਼ਬਦ ਉਚਾਰਨ ਕਰਿਆ, ਧੁੰਨ ਬਣਾਈ –

*ਏਕੰਕਾਰਹੁ ਸਬਦ ਧੁਨਿ .............॥*
*ਭਾਈ ਗੁਰਦਾਸ ਜੀ ਦੀ ਵਾਰ 26/3*

ਉਹ ਧੁਨ ਜਿਹੜੀ ਹੈ ਉਹ ਸ਼ਬਦ ਸ਼ਕਤੀ ਹੈ, ਪ੍ਰਾਕ੍ਰਿਤਕ ਧੁਨ ਨਹੀਂ ਹੈ। ਇਥੇ ਫਰਕ ਪੈ ਜਾਂਦਾ ਹੈ। ਅਗਲਾ ਕਹਿੰਦਾ ਕਿ ਕਿਹੋ ਜਿਹੀ ਅਵਾਜ਼ ਹੈ ਜੀ? ਕਿਹੜੇ ਸਾਜ ਵਰਗੀ ਹੈ। ਬਿਲਕੁਲ ਗਲਤ ਹੈ ਉਹ ਤਾਂ ਚੇਤਨ ਧੁਨ ਹੈ। ਇਸ ਨੂੰ ਓਹੀ ਜਾਣ ਸਕਦਾ ਹੈ ਜਿਹੜਾ ਇਸ ਗੱਲ ਦਾ ਅੰਦਰ ਅਨੁਭਵ ਕਰ ਲਏ। ਆਹ ਬੁਧੀ ਦੀ ਹੱਦ ਹੈ, ਇਹ ਬੁੱਧੀ ਕਿਸੇ ਖਾਸ ਥਾਂ ਹੀ ਪਹੁੰਚ ਸਕਦੀ ਹੈ ਉਸ ਤੋਂ ਅੱਗੇ ਇਹ ਜਲ ਜਾਂਦੀ ਹੈ। ਉਸ ਤੋਂ ਅੱਗੇ ਨਹੀਂ ਇਹ ਉਠ ਸਕਦੀ। ਉਹ ਕਹਿੰਦੇ ਨੇ –

*ਕਹਿ ਕਬੀਰ ਬੁਧਿ ਹਰਿ ਲਈ ਮੇਰੀ*
*ਬੁਧਿ ਬਦਲੀ ਸਿਧਿ ਪਾਈ॥ ਅੰਗ - 339*

*ਤਿਥੈ ਘੜੀਐ ਸੁਰਤਿ ਮਤਿ ਮਨਿ ਬੁਧਿ॥*
*ਤਿਥੈ ਘੜੀਐ ਸੁਰਾ ਸਿਧਾ ਕੀ ਸੁਧਿ॥ ਅੰਗ - 8*

ਕਹਿੰਦਾ, "ਮੈਂ ਤਾਂ ਅੱਜ ਹੀ ਸੁਣੀ ਹੈ ਇਹ ਗੱਲ।"

ਮੈਂ ਕਿਹਾ, "ਉਸ ਨੂੰ ਤਰਤੀਬ ਦੇਣ ਵਾਲਾ ਹੁਕਮ ਪ੍ਰਕ੍ਰਿਤੀ ਦੇ ਨਿਯਮ ਬਣਾਉਣ ਵਾਲੀ ਉਹ ਸ਼ਕਤੀ ਹੈ, ਉਸ ਨੂੰ ਵਾਹਿਗੁਰੂ, ਰਾਮ, ਅੱਲਾ, ਕੁਝ ਕਹਿ ਲਓ ਉਸ ਦਾ ਨਾਉ ਤਾਂ ਕੋਈ ਹੈ ਨਹੀਂ, ਲੇਕਿਨ ਉਸ ਦਾ ਨਾਉਂ ਇਕੋ ਹੈ ਉਸ ਨੂੰ ਸਤਿ ਕਹਿੰਦੇ ਨੇ being (ਸੱਚੀ ਹੋਂਦ) ਕਹਿੰਦੇ ਨੇ।

੧ਓਂ ਨਾਲ ਹੀ ਆ ਗਿਆ 'ਸਤਿ' ਉਹ ਹੋਂਦ ਵਾਲਾ (being) ਹੈ, ਹੋਂਦ ਹੈ, ਉਹ ਅਣਹੋਂਦ ਨਹੀਂ ਹੈ। ਸੋ ਇਸ ਤਰ੍ਹਾਂ ਦੇ ਨਾਲ ਅਗਲੀ ਹੈ ਨਾਮ, ਨਾਮ ਨੇ ਫੇਰ ਸਾਰਾ ਕੰਮ ਕਰਿਆ।

*ਨਾਮ ਕੇ ਧਾਰੇ ਸਗਲੇ ਜੰਤ॥*
*ਨਾਮ ਕੇ ਧਾਰੇ ਖੰਡ ਬ੍ਰਹਮੰਡ॥ ਅੰਗ - 284*

ਨਾਮ ਸ਼ਕਤੀ energy ਨੇ ਸਾਰੇ ਸੰਸਾਰ ਨੂੰ ਇਸ ਰੂਪ ਦੇ ਵਿਚ ਲਿਆ ਦਿੱਤਾ। ਇਹ ਬੜੀ ਵਿਸਥਾਰ ਦੀ ਗੱਲ ਹੈ। ਨਾਮ ਤੋਂ (ਤੁਰੰਤ) ਅੱਗੇ ਹਉਮੈ ਦੀ ਉਪਜ ਹੋਈ। ਹਉਮੈ ਦੇ ਵਿਚੋਂ 5 ਤਨ ਮਾਤਰਾ ਦੀ ਉਪਜ ਹੋਈ ਸ਼ਬਦ, ਸਪਰਸ਼, ਰੂਪ, ਰਸ, ਗੰਧ। ਇਨ੍ਹਾਂ ਤੋਂ ਫੇਰ 5 ਤੱਤ ਹੋਂਦ ਵਿਚ ਆਏ। ਇਸ ਦੇ ਵਿਚ ਜੋ ਅਸੀਂ ਰੂਪ ਦੇਖਦੇ ਹਾਂ ਸਭ 5 ਤੱਤਾਂ ਦੇ ਨੇ। ਇਨ੍ਹਾਂ 5 ਤੱਤਾਂ ਦੇ ਵਿਚ ਜਿਹੜੀ ਚੇਤਨ ਸ਼ਕਤੀ ਆਈ ਉਹ ਪਰਛਾਵਾ ਪਿਆ ਪ੍ਰਮੇਸ਼ਰ ਦਾ। ਜਿਵੇਂ ਕਾਰਖਾਨੇ ਦੇ ਵਿਚ ਤੁਸੀਂ ਚੁੰਬਕ ਲਾ ਦਿਓ। ਉਸ ਚੁੰਬਕ ਦੀ ਜਿਹੜੀ ਸ਼ਕਤੀ ਹੈ ਸਾਰੀ ਕਾਰਖਾਨੇ ਦੇ ਅੰਦਰ ਜਿੰਨੇ ਲੋਹੇ ਦੇ ਟੁਕੜੇ ਛੋਟੇ ਕਣ ਕੱਟੇ ਪਏ ਨੇ ਸਭ ਹਿਲਣ ਲਗ ਜਾਂਦੇ ਨੇ। ਇਸੇ ਤਰ੍ਹਾਂ ਜਦੋਂ ਪ੍ਰਮੇਸ਼ਰ ਦੀ ਸ਼ਕਤੀ ਜਦੋਂ ਪਈ ਪ੍ਰਾਕਿਰਤੀ ਦੇ ਉਤੇ, ਆਪੇ ਹੀ ਪ੍ਰਾਕਿਰਤੀ ਪੈਦਾ ਕਰੀ ਹੈ ਆਪੇ ਹੀ ਚੇਤੰਨਤਾ ਆ ਗਈ। ਸੂਝ ਆ ਗਈ। ਉਹ ਸੂਝ 2 ਤਰ੍ਹਾਂ ਦੀ ਹੋ ਗਈ। ਇਕ ਤਾਂ ਸਾਡੇ ਦਿਮਾਗ ਦੇ ਵਿਚ ਬਿਜਲਈ ਤੇ ਚੁੰਬਕੀ ਲਹਿਰਾਂ ਚੱਲ ਪਈਆਂ ਜਿਨ੍ਹਾਂ ਨੂੰ ਏਟਾ waves ਚਾਰ ਕਿਸਮ ਦਾ ਨਾਉਂ ਲੈਂਦੇ ਨੇ। ਉਹ ਚਲੀਆਂ ਸਾਡੇ ਵਿਚ ਸੂਝ ਆ ਗਈ ਉਹ ਸੂਝ limit (ਸੀਮਾ) ਵਾਲੀ ਆ ਗਈ। ਸਾਡੇ ਦਿਮਾਗ ਵਾਲੀ ਆ ਗਈ ਰੱਬ ਵਾਲੀ ਨਹੀਂ ਆਈ। ਉਹ ਤਾਂ ਆਉਂਦੀ ਹੈ ਜੇ ਅਸੀਂ ਹਉਮੈ ਨੂੰ ਮੁੜ ਕੇ ਪਾਰ ਕਰਕੇ ਪਰਲੇ ਪਾਸੇ ਜਾਈਏ ਤਾਂ ਨਾਮ energy ਸ਼ਕਤੀ ਜਿਹੜੀ ਹੈ ਉਹ ਹਉਮੈ ਨੂੰ ਕੱਟ ਦਿੰਦੀ ਹੈ। ਸੋ ਇਸ ਕਰਕੇ ਮਹਾਰਾਜ ਐਸਾ ਫੁਰਮਾਨ ਕਰਦੇ ਨੇ ਪੜ੍ਹੋ ਪਿਆਰ ਨਾਲ –

*ਧਾਰਨਾ - ਨਾਮ ਜਪੀਏ ਤਾਂ ਦੂਰ ਹੁੰਦੇ ਦੁਖੜੇ,*
*ਸੇਵਾ ਕਰਕੇ ਮਾਣ ਪਾਈਦੈ -2, 2.*
*ਮੇਰੇ ਪਿਆਰੇ ਸੇਵਾ ਕਰਕੇ ਮਾਣ ਪਾਈਦੈ -2, 2.*
*ਨਾਮ ਜਪੀਏ ਤਾਂ ਦੂਰ ਹੁੰਦੇ ਦੁਖੜੇ,............ -2.*

*ਗੁਰ ਕੀ ਸੇਵਾ ਪਾਏ ਮਾਨੁ॥ ਅੰਗ - 864*

*ਸਰਬ ਰੋਗ ਕਾ ਅਉਖਦੁ ਨਾਮੁ॥ ਅੰਗ - 274*

ਸਾਰੀਆਂ ਬਿਮਾਰੀਆਂ ਦਾ ਇਲਾਜ ਜੇ ਕੋਈ ਹੈ ਮਹਾਰਾਜ ਕਹਿੰਦੇ ਆਹ ਸਰੀਰ ਵਿਚ ਰੱਖਿਆ ਹੋਇਆ ਹੈ। ਮਹਾਰਾਜ ਕਹਿੰਦੇ –

*ਹਰਿ ਅਉਖਧੁ ਸਭ ਘਟ ਹੈ ਭਾਈ॥ ਅੰਗ - 259*

ਲੇਕਿਨ ਉਹ ਦਵਾਈ ਚੁੱਕੀਏ ਕਿਵੇਂ?

*ਗੁਰ ਪੂਰੇ ਬਿਨੁ ਬਿਧਿ ਨ ਬਨਾਈ॥ ਅੰਗ - 259*

ਜਿੰਨਾ ਚਿਰ ਸਮਰਥ ਗੁਰੂ ਦੀ ਸ਼ਰਨ ਵਿਚ ਨਹੀਂ ਪੈਂਦੇ, ਇਹ ਬਿਧਿ ਬਣ ਹੀ ਨਹੀਂ ਸਕਦੀ, ਦਵਾਈ ਹੱਥ ਵਿਚ ਨਹੀਂ ਆਉਂਦੀ –

*ਗੁਰਿ ਪੂਰੈ ਸੰਜਮੁ ਕਰਿ ਦੀਆ॥*
*ਨਾਨਕ ਤਉ ਫਿਰਿ ਦੂਖ ਨ ਥੀਆ॥ ਅੰਗ - 259*

ਪੂਰੇ ਗੁਰੂ ਨੇ ਸੰਜਮ ਦੇ ਨਾਲ ਜਿਵੇਂ ਵੈਦ ਸਮਝਾਉਂਦਾ ਹੈ ਆਹ ਨਾ ਖਾਈਂ, ਖੱਟਾ ਨਾ ਖਾਈਂ, ਫਲਾਣੀ ਚੀਜ਼ ਨਾ ਖਾਈਂ, ਇਸ ਤਰ੍ਹਾਂ ਗੁਰੂ ਸੰਜਮ ਨਾਲ ਦਿੰਦਾ ਹੈ। ਨਾਮ ਕਿਉਂ ਨਹੀਂ ਸਾਡਾ ਚਲਦਾ? ਨਾਮ-ਨਾਮ ਐਨਾ ਹੁੰਦਾ ਹੈ, ਨਾਮ ਦੀ ਹੀ ਗੱਲ ਕਰਦੇ ਹਾਂ। ਉਹ ਇਹ ਹੈ ਕਿ ਸੰਜਮ ਨਹੀਂ ਰੱਖਦੇ ਅਸੀਂ, ਪੱਥ ਨਹੀਂ ਰੱਖਦੇ। ਪੱਥ ਰੱਖੇ ਬਿਨਾਂ ਬਿਮਾਰੀ ਨਹੀਂ ਜਾਂਦੀ।

**'ਚਲਦਾ'**

# ਅਨੰਦਮਈ ਜੀਵਨ ਜਾਂਚ
# The Art of Joyful Living

*ਮੂਲ ਲੇਖਕ - ਡਾ. ਸਵਾਮੀ ਰਾਮ ਜੀ*
*ਅਨੁਵਾਦਕ - ਡਾ. ਬੀਬੀ ਤੇਜਿੰਦਰ ਮਲਹੋਤਰਾ*

## ਬਾਰ੍ਹਵਾਂ ਅਧਿਆਇ

## ਮੈਡੀਟੇਸ਼ਨ ਦੇ ਤਰੀਕੇ ਨੂੰ ਸਮਝਣਾ

ਬਹੁਤ ਸਾਰੇ ਜਗਿਆਸੂ ਮੈਡੀਟੇਸ਼ਨ ਨੂੰ ਠੀਕ ਤਰ੍ਹਾਂ ਨਹੀਂ ਸਮਝਦੇ। ਉਸ ਬਾਰੇ ਜਾਣਦੇ ਨਹੀਂ, ਧਿਆਨ ਲਗਾਉਣਾ, ਸਿਮਰਨ ਕਰਨਾ, ਚਿੰਤਨ ਕਰਨਾ ਸਾਰੇ ਹੀ ਮੈਡੀਟੇਸ਼ਨ ਹਨ। ਜਗਿਆਸੂ ਸਮਝਦਾ ਹੈ ਮੈਡੀਟੇਸ਼ਨ ਤੋਂ ਭਾਵ ਹੈ ਸੰਸਾਰ ਤੋਂ ਪਰ੍ਹੇ ਹਟ ਜਾਣਾ। ਆਪਣੀਆਂ ਜ਼ਿੰਮੇਵਾਰੀਆਂ ਨੂੰ ਨਾ ਨਿਭਾਉਣਾ। ਆਪਣੇ ਰਿਸ਼ਤੇ ਨਾ ਨਿਭਾਉਣੇ। ਇਨ੍ਹਾਂ ਗੱਲਾਂ ਲਈ ਮੈਡੀਟੇਸ਼ਨ ਦੀ ਲੋੜ ਨਹੀਂ ਹੁੰਦੀ। ਸੰਸਾਰ ਵਿਚ ਕਈ ਹੋਰ ਤਰੀਕੇ ਹਨ ਜਿਨ੍ਹਾਂ ਨਾਲ ਸੰਸਾਰਕ ਜ਼ਿੰਮੇਵਾਰੀਆਂ ਤੋਂ ਪਿਛੇ ਹਟਿਆ ਜਾ ਸਕਦਾ ਹੈ। ਤੁਸੀਂ ਭੈ ਵਿਚ ਰਹਿੰਦੇ ਹੋ, ਦੂਸਰਿਆਂ ਲਈ ਪ੍ਰਵਾਹ ਕਰਦੇ ਹੋ, ਤੁਸੀਂ ਕਿਸੇ ਨਾ ਕਿਸੇ ਬੋਝ ਥੱਲੇ ਰਹਿੰਦੇ ਹੋ। ਹਰ ਸਮੇਂ ਖਿਚੋਤਾਣ ਵਿਚ ਰਹਿੰਦੇ ਹੋ। ਤੁਹਾਡੀਆਂ ਜ਼ਿੰਮੇਵਾਰੀਆਂ ਐਨੀਆਂ ਵੱਧ ਹੁੰਦੀਆਂ ਹਨ ਕਿ ਤੁਸੀਂ ਆਸੇ ਪਾਸੇ ਜਾ ਸਮੇਂ-ਸਮੇਂ ਸਿਰ ਬਹੁਤ ਸਾਰੀਆਂ ਘਟਨਾਵਾਂ ਵਲ ਧਿਆਨ ਹੀ ਨਹੀਂ ਦੇ ਸਕਦੇ ਕਿਉਂਕਿ ਤੁਹਾਡੇ ਅੰਦਰ ਐਨੇ ਦ੍ਵੰਦ ਹਨ। ਬਾਹਰ ਐਨੇ ਦ੍ਵੰਦ ਹਨ, ਤੁਹਾਡੀ ਐਨੀ ਸਮਰੱਥਾ ਹੀ ਨਹੀਂ ਕਿ ਤੁਸੀਂ ਹਰ ਸਮੇਂ ਦਾ ਹਰ ਘਟਨਾ ਦਾ ਸਾਮ੍ਹਣਾ ਕਰ ਸਕੋ। ਤੁਹਾਡੇ ਦ੍ਵੰਦ ਤੁਹਾਡੇ ਅੱਗੇ ਆ ਕੇ ਖੜ੍ਹੇ ਹੋ ਜਾਂਦੇ ਹਨ ਤੇ ਤੁਸੀਂ ਸਮਾਨ ਰਹਿ ਕੇ ਆਪਣਿਆਂ ਦੇ ਸਾਮ੍ਹਣੇ ਦੇ ਕਾਰਜ ਪੂਰੇ ਹੀ ਨਹੀਂ ਕਰ ਸਕਦੇ।

ਸਿਮਰਨ ਇਕ ਉਹ ਤਰੀਕਾ ਹੈ ਜਿਸ ਨਾਲ ਤੁਸੀਂ ਹੌਲੀ ਹੌਲੀ ਆਪਣੀਆਂ ਚਿੰਤਾਵਾਂ ਤੋਂ ਮੁਕਤ ਹੁੰਦੇ ਜਾਂਦੇ ਹੋ। ਤੁਸੀਂ ਆਪਣੇ ਪ੍ਰਤੀ ਆਪਣੀਆਂ ਆਲੇ ਦੁਆਲੇ ਦੀਆਂ ਘਟਨਾਵਾਂ ਪ੍ਰਤੀ ਵਧੇਰੇ ਸੁਚੇਤ ਹੋ ਜਾਂਦੇ ਹੋ। ਮੈਡੀਟੇਸ਼ਨ ਸੋਚ ਤੋਂ ਪਰ੍ਹੇ ਹੈ, ਤੁਸੀਂ ਆਪਣੀਆਂ ਸਮਸਿਆਵਾਂ ਨੂੰ ਨਾਲ ਲੈ ਕੇ ਉਨ੍ਹਾਂ ਉਤੇ ਧਿਆਨ ਸਿਮਰਨ ਨਹੀਂ ਕਰਦੇ। ਉਨ੍ਹਾਂ ਦਾ ਸਮਾਧਾਨ ਨਹੀਂ ਕਰਦੇ। ਇਸ ਤੋਂ ਉਲਟ ਤੁਸੀਂ ਸਿਮਰਨ ਰਾਹੀਂ ਆਪਣੀਆਂ ਸਮੱਸਿਆਵਾਂ ਦੀ ਜਾਂਚ ਕਰਦੇ ਹੋ, ਉਨ੍ਹਾਂ ਨੂੰ ਜਾਂਚਦੇ ਹੋ।

ਮੈਡੀਟੇਸ਼ਨ ਇਕ ਉਹ ਸਾਧਨ ਹੈ ਜਿਸ ਰਾਹੀਂ ਤੁਹਾਨੂੰ ਪਤਾ ਲਗਦਾ ਹੈ ਤੁਸੀਂ ਕੀ ਹੋ, ਇਹ ਉਹ ਤਰੀਕਾ ਹੈ ਜਿਸ ਰਾਹੀਂ ਤੁਸੀਂ ਆਪਣੇ ਆਪ ਨੂੰ ਜਾਨਣ ਦੀ ਸਿਖਿਆ ਲੈਂਦੇ ਹੋ। ਤੁਹਾਡੀ ਬਾਹਰੀ ਸਿਖਿਆ ਸੰਸਾਰ ਨੂੰ ਜਾਨਣ ਲਈ ਸੀ, ਸੰਸਾਰ ਵਿਚ ਵਿਚਰਨ ਲਈ ਸੀ, ਸੰਸਾਰ ਦਾ ਲਾਹਾ ਲੈਣ ਦੀ ਸੀ। ਵਾਸਤਵ ਵਿਚ ਜਦੋਂ ਤਕ ਤੁਸੀਂ ਆਪਣੇ ਆਪ ਨੂੰ ਚੰਗੀ ਤਰ੍ਹਾਂ ਨਹੀਂ ਜਾਣ ਲੈਂਦੇ, ਆਪਣੇ ਆਪ ਨੂੰ ਜਾਂਚ ਪੜਚੋਲ ਨਹੀਂ ਲੈਂਦੇ, ਉਦੋਂ ਤਕ ਬਾਹਰੀ ਸੰਸਾਰ ਦੇ ਕਾਰਜ ਬਾਹਰੀ ਸੰਸਾਰ ਨੂੰ ਜਾਨਣਾ ਕਾਫੀ ਨਹੀਂ ਸਿੱਧ ਹੋ ਸਕਦਾ। ਜੇ ਤੁਸੀਂ ਕੁਝ ਕਰਨ ਦੀ ਕੋਸ਼ਿਸ਼ ਕਰਦੇ ਵੀ ਹੋ ਉਹ ਤੁਹਾਨੂੰ ਕਿਤੇ ਨਹੀਂ ਲੈ ਜਾਵੇਗਾ ਭਾਵ ਉਹ ਤੁਹਾਡੇ ਲਈ ਲਾਭਕਾਰੀ ਨਹੀਂ ਹੋਵੇਗਾ। ਜੇ ਟਾਇਰ ਦਾ ਸੰਤੁਲਨ ਵਿਗੜ ਜਾਵੇ, ਭਾਵੇਂ ਉਹ ਕਿੰਨਾਂ ਹੀ ਚੰਗਾ ਕਿਉਂ ਨਾ ਬਣਿਆ ਹੋਵੇ। ਕਿੰਨੀ ਖੋਜ ਤੋਂ ਬਾਅਦ ਕਿਉਂ ਨਾ ਬਣਿਆ ਹੋਵੇ। ਕਿੰਨੇ ਹੀ ਚੰਗੇ ਰਬੜ ਦਾ ਕਿਉਂ ਨਾ ਬਣਿਆ ਹੋਵੇ। ਕਿੰਨਾ ਹੀ ਸੋਹਣਾ ਉਸ ਨੂੰ ਘੜਿਆ ਹੋਵੇ, ਬਣਾਇਆ ਹੋਵੇ ਪਰ ਸਚਾਈ ਇਹ ਹੈ ਕਿ ਉਸ ਦਾ ਸੰਤੁਲਨ ਵਿਗੜ ਗਿਆ ਹੈ ਤੇ ਇਹ ਕੰਮ ਨਹੀਂ ਕਰ ਸਕਦਾ। ਬਿਲਕੁਲ ਇਸ ਤਰ੍ਹਾਂ ਹੀ ਜੇ ਤੁਹਾਡਾ ਅੰਦਰ ਦਾ ਸੰਤੁਲਨ ਠੀਕ ਨਹੀਂ। ਬਾਹਰ ਭਾਵੇਂ ਤੁਸੀਂ ਕਿੰਨਾ ਹੀ ਕਿਉਂ ਨਾ ਜਾਣਦੇ ਹੋਵੋ। ਬਾਹਰ ਭਾਵੇਂ ਕਿੰਨੇ ਹੀ ਸੁਚੱਜੇ ਕਿਉਂ ਨਾ ਹੋਵੋ। ਤੁਸੀਂ ਅਧੂਰੇ ਹੋ ਤੇ ਅਧੂਰੇ ਹੀ ਰਹੋਗੇ। ਕੇਵਲ ਸਿਮਰਨ ਧਿਆਨ, ਇਕਾਗਰਤਾ ਹੀ ਇਕ ਐਸਾ ਮਾਧਿਅਮ ਹੈ ਜਿਸ ਨਾਲ ਤੁਹਾਡੇ ਅੰਦਰ ਦਾ ਸੰਤੁਲਨ ਆ ਸਕਦਾ ਹੈ।

ਜਦੋਂ ਸਿਮਰਨ ਕਰਨ ਵਾਲਾ ਆਪਣਾ ਅੰਦਰ ਖੋਜਦਾ ਹੈ, ਆਪਣੀਆਂ ਅੰਦਰ ਦੀਆਂ ਪਰਤਾਂ ਨੂੰ ਜਾਨਣਾ ਚਾਹੁੰਦਾ ਹੈ। ਅੰਦਰ ਦੇ ਵੱਖ-ਵੱਖ ਪੱਖਾਂ ਦਾ ਨਰੀਖਣ ਕਰਨ ਲਗਦਾ ਹੈ ਉਸ ਨੂੰ ਲੋੜ ਪੈਂਦੀ ਹੈ ਇਕ ਚੰਗੇ ਸੁਲਝੇ ਵਿਗਿਆਨਕ ਤਰੀਕੇ ਦੀ ਜਿਹੜਾ ਪੌੜੀ ਦਰ ਪੌੜੀ ਅੱਗੇ ਤੋਂ ਅੱਗੇ ਅਨੁਭਵ ਵਲ ਲੈ ਜਾਵੇ, ਉਸ ਦਾ ਮਾਰਗ ਦਰਸ਼ਨ ਕਰੇ। ਇਸ ਤਰ੍ਹਾਂ ਕਰਨ ਨਾਲ ਹੀ ਉਹ ਚੇਤਨ ਮਨ ਦੀਆਂ ਵੱਖ-ਵੱਖ ਪੌੜੀਆਂ ਚੜ੍ਹ ਕੇ ਆਪਣੀ ਮੰਜ਼ਲ ਤਕ ਪਹੁੰਚੇਗਾ ਭਾਵ ਆਪਣੇ ਵਾਸਤਵਿਕ ਸੁਭਾਅ ਵਿਚ ਲੀਨ ਹੋਵੋਗੇ।

ਬਚਪਨ ਤੋਂ ਸਾਨੂੰ ਬਾਹਰ ਦੀਆਂ ਚੀਜ਼ਾਂ, ਬਾਹਰੀ ਸੰਸਾਰ ਨੂੰ ਸਮਝਣ ਲਈ, ਜਾਨਣ ਲਈ ਕਿਹਾ ਜਾਂਦਾ ਹੈ ਪਰ ਕੋਈ ਵੀ ਇਹ ਨਹੀਂ ਸਿਖਾਉਂਦਾ, ਅੰਦਰ ਕਿਵੇਂ ਜਾਣਾ ਹੈ, ਕਿਵੇਂ ਆਪਾ ਚੀਨਣਾ ਹੈ, ਮਨ ਨੂੰ ਕਿਵੇਂ ਸਮਝਣਾ ਹੈ, ਇਸ ਦੀਆਂ ਵੱਖ-ਵੱਖ ਪੌੜੀਆਂ, ਵੱਖ-ਵੱਖ ਪਰਤਾਂ ਕਿਵੇਂ ਜਾਂਚਣੀਆਂ ਹਨ। ਸੰਸਾਰ ਨੂੰ ਦੇਖ ਕੇ, ਜਾਣ ਕੇ ਮਨੁੱਖ ਇਹ

ਮਹਿਸੂਸ ਕਰਦਾ ਹੈ ਕਿ ਉਸ ਨੇ ਆਪਣੇ ਆਪ ਨੂੰ ਤਾਂ ਜਾਣਿਆ ਹੀ ਨਹੀਂ, ਸਮਝਿਆ ਹੀ ਨਹੀਂ। ਉਸ ਦੇ ਅੰਦਰ ਕੀ ਪਿਆ ਹੈ, ਉਹ ਜਾਣਦਾ ਹੀ ਨਹੀਂ। ਜਿਸ ਕਿਸੇ ਨੇ ਵੀ ਬਾਹਰੀ ਸੰਸਾਰ ਨੂੰ ਸਮਝ ਲਿਆ ਹੈ ਜਾਣ ਲਿਆ ਹੈ, ਇਹ ਸਮਝ ਲਿਆ ਹੈ ਕਿ ਸੰਸਾਰ ਚਲਾਇਮਾਨ ਹੈ, ਉਸ ਨੇ ਏਨਾ ਜ਼ਰੂਰ ਸਮਝ ਲਿਆ ਹੈ ਕਿ ਜੀਵਨ ਇਸ ਤੋਂ ਵੱਧ ਕੁਝ ਹੋਰ ਹੈ। ਜੀਵਨ ਨੂੰ ਅੰਦਰ ਤਕ ਜਾਨਣਾ ਹੀ ਜੀਵਨ ਦੀ ਪ੍ਰਾਪਤੀ ਹੈ, ਏਨਾ ਜਾਨਣ ਦੇ ਉਪਰਾਂਤ ਹੀ ਉਹ ਆਪਾ ਚੀਨਣਾ ਸ਼ੁਰੂ ਕਰਦਾ ਹੈ। ਅੰਦਰ ਜਾਣ ਲਈ ਤੁਹਾਨੂੰ ਸਹੀ ਬਿਲਕੁਲ ਠੀਕ ਵਿਗਿਆਨ ਦੀ ਲੋੜ ਹੈ, ਉਸ ਤੋਂ ਬਿਨਾਂ ਅਸੀਂ ਚੇਤਨ ਬਿੰਦੂ ਤਕ ਨਹੀਂ ਪਹੁੰਚ ਸਕਦੇ ਕਿਉਂਕਿ ਚੇਤਨ ਬਿੰਦੂ ਬਹੁਤ ਹੀ ਡੂੰਘਾ ਹੈ, ਅੰਤਰ ਦੀਆਂ ਪਰਤਾਂ ਪਾਰ ਕਰਕੇ ਹੀ ਉਥੇ ਪਹੁੰਚਿਆ ਜਾ ਸਕਦਾ ਹੈ। ਬਹੁਤ ਸਾਰੇ ਜਗਿਆਸੂ ਮੈਡੀਟੇਸ਼ਨ ਇਸ ਕਰਕੇ ਸ਼ੁਰੂ ਕਰਦੇ ਹਨ ਕਿਉਂਕਿ ਉਹ ਮੈਡੀਟੇਸ਼ਨ ਬਾਰੇ ਜਾਨਣ ਲਈ ਉਤਸੁਕ ਹੁੰਦੇ ਹਨ, ਉਤੇਜਿਤ ਹੁੰਦੇ ਹਨ, ਉਹ ਆਪਣੇ ਆਪ ਨੂੰ ਜਾਨਣਾ ਚਾਹੁੰਦੇ ਹਨ। ਆਪਣਾ ਅੰਦਰ ਜਾਨਣਾ ਚਾਹੁੰਦੇ ਹਨ। ਕਈ ਸਿਮਰਨ ਜਦੋਂ ਇਕ ਵਾਰੀ ਸ਼ੁਰੂ ਕਰਦੇ ਹਨ, ਉਹ ਉਸ ਨੂੰ ਜਾਰੀ ਰਖਦੇ ਹਨ, ਕਰਦੇ ਹੀ ਰਹਿੰਦੇ ਹਨ, ਦੂਸਰੇ ਜਦੋਂ ਆਪਣੇ ਅੰਦਰ ਨੂੰ ਖੋਜ ਲੈਂਦੇ ਹਨ ਤਾਂ ਛੱਡ ਦਿੰਦੇ ਹਨ।

ਸਾਰੀਆਂ ਅਧਿਆਤਮਕ ਪਰਪਾਟੀਆਂ ਕੋਈ ਨਾ ਕੋਈ ਆਵਾਜ਼, ਕੋਈ ਸ਼ਬਦ ਜਾਂ ਕੁਝ ਸ਼ਬਦ ਜਿਨ੍ਹਾਂ ਨੂੰ ਅਸੀਂ ਮੰਤਰ ਕਹਿੰਦੇ ਹਾਂ, ਉਸ ਦੀ ਵਰਤੋਂ ਕਰਦੇ ਹਨ, ਉਸ ਮੰਤਰ ਦੀ ਸਹਾਇਤਾ ਨਾਲ ਹੀ ਜੀਵਨ ਦੇ ਇਕ ਕੰਡੇ ਤੋਂ ਦੂਸਰੇ ਕੰਢੇ ਤੇ ਪਹੁੰਚਿਆ ਜਾ ਸਕਦਾ ਹੈ। ਮੰਤਰ ਇਕ ਸੇਤੂ ਹੈ, ਉਹ ਸੇਤੂ ਹੈ ਜਿਸ ਰਾਹੀਂ ਜਗਿਆਸੂ ਆਪਣੇ ਮਨ ਨੂੰ ਇਕਾਗਰ ਕਰਦਾ ਹੈ, ਇਕਾਗਰ ਹੋ ਕੇ ਉਹ ਅੰਦਰ ਜਾਂਦਾ ਹੈ ਤੇ ਅੰਤ ਵਿਚ ਚੇਤਨਾ ਦੇ ਬਿੰਦੂ ਤਕ ਪਹੁੰਚਦਾ ਹੈ, ਜਿਥੇ ਸ਼ਾਂਤੀ ਅਨੰਦ ਪੂਰਨ ਚੁੱਪ ਅਤੇ ਵਿਸਮਾਦ ਹੈ।

ਖੇਦ ਦੀ ਗੱਲ ਇਹ ਹੈ ਕਿ ਬਹੁਤ ਸਾਰੀਆਂ ਆਤਮਿਕ ਪ੍ਰਣਾਲੀਆਂ ਮੰਤਰ ਤੋਂ ਵਾਂਝੀਆਂ ਹੋ ਗਈਆਂ ਹਨ। ਉਹ ਆਤਮਕ ਅਨੁਭਵ ਲਈ ਕੇਵਲ ਅਰਦਾਸ ਕਰਦੇ ਰਹਿੰਦੇ ਹਨ। ਅਰਦਾਸ ਤੁਹਾਡੇ ਮਨ ਨੂੰ ਧੋਂਦੀ ਹੈ, ਪਵਿੱਤਰ ਕਰਦੀ ਹੈ ਪਰ ਸਿਮਰਨ ਵੀ ਇਕ ਖਾਸ ਤਰੀਕਾ ਹੈ, ਇਕ ਵਿਗਿਆਨਕ ਤਰੀਕਾ ਹੈ ਜਿਸ ਨਾਲ ਅੰਦਰ ਪਹੁੰਚ ਕੇ ਅੰਤਰ ਨੂੰ ਜਾਣਿਆ ਜਾਂਦਾ ਹੈ। ਆਪਾ ਚੀਨਿਆ ਜਾਂਦਾ ਹੈ। ਅਰਦਾਸ ਤੇ ਮੈਡੀਟੇਸ਼ਨ ਵਿਚ ਬਹੁਤ ਫਰਕ ਹੈ। ਅਰਦਾਸ ਸਾਡੀ ਬੇਨਤੀ ਹੈ, ਇਕ ਜੋਦੜੀ ਹੈ, ਸਾਡੀ ਫਰਿਆਦ ਹੈ, ਮੰਗ ਹੈ। ਪਰ ਮੈਡੀਟੇਸ਼ਨ ਤਾਂ ਅਨੰਦਮਈ ਕੋਸ਼ ਤੋਂ ਸੂਖਮ ਸਰੀਰ ਤਕ ਪਹੁੰਚਣ ਦਾ ਤਰੀਕਾ ਹੈ। ਜਿਹੜੇ ਜੀਵਨ ਜਾਣਦੇ ਹਨ ਉਹ ਮੈਡੀਟੇਸ਼ਨ ਤੇ ਅਰਦਾਸ ਦਾ ਭੇਦ ਬਹੁਤ ਚੰਗੀ ਤਰ੍ਹਾਂ ਜਾਣਦੇ ਹਨ। ਅਰਦਾਸ, ਮੈਡੀਟੇਸ਼ਨ, ਧਿਆਨ, ਲਿਵ, ਇਹ ਵੱਖ-ਵੱਖ ਜ਼ਰੀਏ ਹਨ। ਵੱਖ-ਵੱਖ ਸਾਧਨ ਹਨ, ਜਿਨ੍ਹਾਂ ਨੂੰ ਵਰਤ ਕੇ ਜੀਵਨ ਮਨੋਰਥ ਦੀ ਪ੍ਰਾਪਤੀ ਕੀਤੀ ਜਾ ਸਕਦੀ ਹੈ। ਮੈਡੀਟੇਸ਼ਨ ਕੋਈ ਕਰਮਕਾਂਡ ਨਹੀਂ ਹੈ ਇਹ ਕਿਸੇ ਇਕ ਮਜ਼ਹਬ ਲਈ ਨਹੀਂ ਹੈ, ਕਿਸੇ ਇਕ ਸਭਿਆਚਾਰ ਦੀ ਨਹੀਂ ਹੈ। ਮੈਡੀਟੇਸ਼ਨ ਕਿਸੇ ਮਜ਼ਹਬ ਨੂੰ ਨਿਵਦੀ ਨਹੀਂ, ਰੱਦ ਨਹੀਂ ਕਰਦੀ। ਮੈਡੀਟੇਸ਼ਨ ਕੇਵਲ ਤੁਹਾਨੂੰ ਸਲੀਕੇ ਨਾਲ ਇਕ ਵਿਗਿਆਨਕ ਤਰੀਕੇ ਨਾਲ ਅੰਦਰ ਜਾਣਾ ਸਿਖਾਉਂਦੀ ਹੈ। ਆਪਾ ਚੀਨਣਾ ਸਿਖਾਉਂਦੀ ਹੈ, ਬਹੁਤ ਸਾਰੇ ਪੱਛਮੀ ਸੱਜਣ ਮੈਡੀਟੇਸ਼ਨ ਸ਼ਬਦ ਤੋਂ ਬਹੁਤ ਖ਼ੁਸ਼ ਨਹੀਂ। ਉਹ ਸੋਚਦੇ ਹਨ ਮੈਡੀਟੇਸ਼ਨ ਪੂਰਬੀ ਪਰੰਪਰਾ ਹੈ। ਉਹ ਭੁੱਲ ਜਾਂਦੇ ਹਨ ਕਿ ਬਾਈਬਲ ਵਿਚ ਲਿਖਿਆ ਹੈ। ਚੁੱਪ ਕਰਕੇ ਇਕਾਗਰ ਹੋ ਕੇ ਬੈਠੋ ਤੇ ਜਾਣੋ ਮੈਂ ਪ੍ਰਮਾਤਮਾ ਹਾਂ (Be still and know that I am God) ਚੁੱਪ ਕਰਕੇ ਬਿਲਕੁਲ ਬੇਜਾਨ ਹਿਲਣਾ ਵੀ ਨਹੀਂ, ਇਹ ਸਿੱਖ ਲੈਣਾ ਹੀ ਮੈਡੀਟੇਸ਼ਨ ਦਾ ਤਰੀਕਾ ਹੈ। ਮੈਡੀਟੇਸ਼ਨ ਦਾ ਲਾਭ ਸਰੀਰ ਨੂੰ ਹੈ, ਮਨ ਨੂੰ ਹੈ ਅਤੇ ਅਧਿਆਪਕ ਪੱਖ ਨੂੰ ਹੈ।

ਮੈਡੀਟੇਸ਼ਨ ਵਿਚ ਸਭ ਤੋਂ ਪਹਿਲਾਂ ਸਿੱਖਣ ਦੀ ਚੀਜ਼ ਹੈ ਸਥਿਰਤਾ, ਚੁੱਪ ਕਰਕੇ ਸਥਿਰ ਹੋ ਕੇ ਬੈਠਣਾ। ਸਭ ਤੋਂ ਪਹਿਲਾਂ ਸਰੀਰ ਨੂੰ ਹੀ ਸਥਿਰ ਕਰਨਾ ਹੈ। ਚੁੱਪ ਕਰਕੇ ਬਿਨਾਂ ਹਿਲੇ-ਜੁਲੇ ਬੈਠਣਾ ਹੈ। ਗੁਰੂ ਜਗਿਆਸੂ ਨੂੰ ਸਭ ਤੋਂ ਪਹਿਲਾਂ ਇਹ ਹੀ ਦਸਦਾ ਹੈ ਕਿ ਕਿਵੇਂ ਸਿਰ, ਗਰਦਨ ਤੇ ਪਿੱਠ ਬਿਲਕੁਲ ਸਿੱਧੇ ਰੱਖ ਕੇ ਬੈਠਣਾ ਹੈ। ਸਾਡੀ ਪਰੰਪਰਾ ਅਨੁਸਾਰ ਮੈਡੀਟੇਸ਼ਨ ਕਰਨ ਲਈ ਆਸਨ ਹੈ। ਖਾਸ ਬੈਠਣ ਦਾ ਤਰੀਕਾ ਹੈ। ਇਹ ਤਰੀਕਾ ਜਗਿਆਸੂ ਦੀ ਅਵਸਥਾ ਉਸ ਦੇ ਸਰੀਰ ਦੇ ਅਨੁਸਾਰ ਹੀ ਦੱਸਿਆ ਜਾਂਦਾ ਹੈ। ਚੰਗਾ ਜਗਿਆਸੂ ਬੈਠਣ ਦਾ ਤਰੀਕਾ ਚੁਣ ਕੇ ਉਸ ਵਿਚ ਹੀ ਸੰਪੂਰਨਤਾ ਪ੍ਰਾਪਤ ਕਰਦਾ ਹੈ। ਬੈਠਣ ਦੇ ਤਰੀਕੇ ਵਿਚ ਨਿਪੁੰਨ ਹੋ ਕੇ ਹੀ ਜਗਿਆਸੂ ਇਸ ਗੱਲ ਤੋਂ ਜਾਣੂੰ ਹੁੰਦਾ ਹੈ ਕਿ ਕਿਸ ਕਿਸਮ ਦੀਆਂ ਅੋਕੜਾਂ ਆਉਂਦੀਆਂ ਹਨ, ਕਿਵੇਂ ਪੱਠੇ ਆਕੜ ਜਾਂਦੇ ਹਨ, ਕੁੜੱਲ ਪੈਂਦੇ ਹਨ, ਸੌਂ ਜਾਂਦੇ ਹਨ, ਖਿੱਚ ਪੈਂਦੀ ਹੈ, ਕੰਬਣ ਲਗ ਪੈਂਦੇ ਹਨ, ਖੁਜਲੀ ਹੁੰਦੀ ਹੈ।

ਇਹ ਸਭ ਕੁਝ ਤਾਂ ਹੀ ਹੁੰਦਾ ਹੈ ਜਦੋਂ ਅਨੁਸਾਸ਼ਨ ਨਾ ਹੋਵੇ, ਸਰੀਰ ਨੂੰ ਸੁਭਾਅ ਹੀ ਨਹੀਂ ਪਾਇਆ ਗਿਆ ਕਿ ਉਸ ਨੂੰ ਸਥਿਰ ਰੱਖਿਆ ਜਾਵੇ। ਸਾਨੂੰ ਸਿਖਾਇਆ ਜਾਂਦਾ ਹੈ। ਛੇਤੀ ਕਰੋ, ਹੋਰ ਛੇਤੀ ਕਰੋ, ਸੰਸਾਰ ਤੇ ਛੇਤੀ ਦੀ ਗਤੀ ਚਲਦਾ ਹੈ। ਇਹ ਤਾਂ ਕੋਈ ਕਹਿੰਦਾ ਹੀ ਨਹੀਂ ਕਿ ਸਹਿਜ ਨਾਲ ਕਰੋ, ਸਹਿਜ ਵਿਚ ਰਹੋ। ਸੋ ਸਥਿਰ ਹੋਣ ਲਈ ਰੋਜ਼ ਦੇ ਅਭਿਆਸ ਦੀ ਲੋੜ ਹੈ, ਆਦਤ ਬਨਾਉਣ ਦੀ ਲੋੜ ਹੈ ਆਦਤ ਬਨਾਉਣ ਲਈ ਰੋਜ਼ ਦੇ ਅਭਿਆਸ ਦੀ ਲੋੜ ਹੈ। ਅਭਿਆਸ ਵਿਚ ਸਮਾ ਚੁਣ ਕੇ ਇਕੋ ਸਮੇਂ

ਨਿਯਮਤ ਸਮੇਂ ਹੀ ਅਭਿਆਸ ਕਰਨ ਦੀ ਲੋੜ ਹੈ। ਇਕੋ ਹੀ ਤਰ੍ਹਾਂ, ਇਕੋ ਤਰੀਕੇ ਨਾਲ ਬੈਠਣ ਦੀ ਲੋੜ ਹੈ। ਇਕੋ ਜਗ੍ਹਾ ਤੇ ਭਾਵ ਮੈਡੀਟੇਸ਼ਨ ਦੇ ਅਭਿਆਸ ਲਈ ਇਕੋ ਸਮੇਂ ਇਕੋ ਤਰੀਕੇ ਨਾਲ ਉਸੇ ਨਿਰਧਾਰਤ ਜਗ੍ਹਾ ਤੇ ਉਸੇ ਤਰ੍ਹਾਂ ਬੈਠਣ ਦੀ ਲੋੜ ਹੈ। ਉਦੋਂ ਤਕ ਬੈਠਦੇ ਰਹੋ ਜਦੋਂ ਤਕ ਤੁਸੀਂ ਸਰੀਰ ਨੂੰ ਸਾਧ ਨਾ ਲਵੋ। ਜਦੋਂ ਤੱਕ ਤੁਹਾਡਾ ਸਰੀਰ ਬਿਲਕੁਲ ਸਥਿਰ ਨਾ ਹੋ ਜਾਏ। ਮੈਡੀਟੇਸ਼ਨ ਦੀ ਇਹ ਪਹਿਲੀ ਪਉੜੀ ਹੈ, ਦੇਖਣ ਵਿਚ ਬੜੀ ਸੌਖੀ ਲਗਦੀ ਹੈ। ਵਾਸਤਵ ਵਿਚ ਬਹੁਤ ਔਖੀ ਹੈ ਤੇ ਬਹੁਤ ਹੀ ਜ਼ਰੂਰੀ ਹੈ। ਇਸ ਨੂੰ ਅਣਗੋਲਿਆ ਨਹੀਂ ਜਾ ਸਕਦਾ। ਅੱਗੇ ਵਧਣ ਤੋਂ ਪਹਿਲਾਂ ਇਸ ਵਿਚ ਹੀ ਪਰਪਕਤਾ ਪ੍ਰਾਪਤ ਕਰਨੀ ਪਵੇਗੀ। ਜਦੋਂ ਤਕ ਇਸ ਵਿਚ ਪਰਪੱਕ ਨਹੀਂ ਹੁੰਦੇ, ਮੈਡੀਟੇਸ਼ਨ ਵਿਚ ਅਗਲੀ ਪਉੜੀ ਤੇ ਨਹੀਂ ਚੜ੍ਹਿਆ ਜਾ ਸਕਦਾ। ਕਦੀ ਵੀ ਨਹੀਂ, ਅੱਗੇ ਵਧਣ ਲਈ ਇਸ ਦੀ ਮਾਸਟਰੀ ਬਹੁਤ ਹੀ ਜ਼ਰੂਰੀ ਹੈ। ਇਸ ਦੀ ਮਾਸਟਰੀ ਤੋਂ ਬਿਨਾਂ ਅੱਗੇ ਨਹੀਂ ਚਲਿਆ ਜਾ ਸਕਦਾ।

ਮੈਡੀਟੇਸ਼ਨ ਤੇ ਧਿਆਨ ਜਾਂ ਲਿਵ ਲਗਾਉਣਾ ਇਹ ਦੋ ਤਰੀਕੇ ਹਨ। ਮੈਡੀਟੇਸ਼ਨ ਇਕ ਵਿਸ਼ੇਸ਼ ਤਰੀਕਾ ਹੈ ਇਸ ਦੀਆਂ ਕਈ ਪੌੜੀਆਂ ਹਨ ਜਿਨ੍ਹਾਂ ਨੂੰ ਚੜ੍ਹ ਕੇ ਤੁਸੀਂ ਛੱਤ ਤਕ ਪਹੁੰਚਦੇ ਹੋ। ਛੱਤ ਤੇ ਪਹੁੰਚ ਕੇ ਤੁਸੀਂ ਮਾਨਸਿਕ ਗਿਆਨ ਪ੍ਰਾਪਤ ਕਰ ਸਕਦੇ ਹੋ ਜਾਂ ਕਹੋ ਕਿ ਛੱਤ ਤੇ ਪਹੁੰਚ ਕੇ ਤੁਸੀਂ ਦੁਮੇਲ ਦੇਖ ਸਕਦੇ ਹੋ। ਲਿਵ ਲਗਾਉਣਾ ਜਾਂ ਧਿਆਨ ਲਗਾਉਣਾ ਵੀ ਬੜਾ ਤਰਤੀਬਵਾਰ ਹੈ, ਇਸ ਵਿਚ ਵੀ ਬੜੇ ਤਰੀਕੇ ਨਾਲ ਤੁਸੀਂ ਜੀਵਨ ਦੇ ਆਦਰਸ਼, ਵਿਸ਼ਵ ਦੇ ਆਦਰਸ਼ ਜਾਣ ਸਕਦੇ ਹੋ, ਹੌਲੀ ਹੌਲੀ ਇਹ ਵਿਚਾਰ ਤੁਸੀਂ ਆਪਣੇ ਅੰਦਰ ਸਮਾਉਂਦੇ ਰਹੋ ਤੇ ਆਪਣੇ ਵਿਅਕਤੀਤ੍ਵ ਨੂੰ ਬਦਲਦੇ ਰਹੋ। ਜਿਨ੍ਹਾਂ ਨੇ ਆਪਣਾ ਜੀਵਨ ਸਮਰਪਣ ਕੀਤਾ ਹੈ, ਜਿਹੜੇ ਆਤਮ ਸਿਧੀ ਪ੍ਰਾਪਤ ਕਰਨ ਦੀ ਇੱਛਾ ਰਖਦੇ ਹਨ, ਉਹ ਇਹ ਦੋਨੋਂ ਤਰੀਕੇ ਹੀ ਵਰਤਦੇ ਹਨ। ਮੈਡੀਟੇਸ਼ਨ ਕਰਦੇ ਹਨ, ਪੂਰੀ ਤਰ੍ਹਾਂ ਨਾਲ ਚੁੱਪ ਰਹਿ ਕੇ ਅੰਤਰ ਡੂੰਘੇ ਉਤਰਦੇ ਹਨ, ਆਪਾ ਚੀਨਦੇ ਹਨ ਤੇ ਰੋਜ਼ ਦੇ ਜੀਵਨ ਵਿਚ ਉਹ ਧਿਆਨ ਲਗਾਉਂਦੇ ਹਨ, ਲਿਵ ਲਗਾਉਂਦੇ ਹਨ, ਕਲਪਨਾ ਕਰਦੇ ਹਨ। ਧਿਆਨ ਲਗਾ ਕੇ ਉਹ ਸਤਿ ਦੀ ਖੋਜ ਕਰਦੇ ਹਨ, ਮੈਡੀਟੇਸ਼ਨ ਨਾਲ ਸਤਿ ਦਾ ਅਭਿਆਸ ਤੇ ਅਨੁਭਵ ਕਰਦੇ ਹਨ। ਜੀਵਨ ਦਾ ਧੁਰਾ, ਆਧਾਰ ਸਤਿ ਹੈ, ਇਸ ਲਈ ਸੋਚ ਨਾਲ, ਬਚਨਾਂ ਨਾਲ, ਕਰਮਾਂ ਨਾਲ ਸਤਿ ਕਮਾਓ, ਸਤਿ ਦਾ ਅਭਿਆਸ ਕਰੋ, ਦੂਸਰਾ ਪਿਆਰ ਚਾਨਣ ਹੈ, ਪਿਆਰ ਰੂਪੀ ਚਾਨਣ ਬਣੋ, ਕਿਸੇ ਨੂੰ ਦੁਖ ਨਾ ਦਿਓ। ਕਿਸੇ ਨੂੰ ਨੁਕਸਾਨ ਨਾ ਪਹੁੰਚਾਓ। ਧਿਆਨ, ਲਿਵ ਦਾ ਅਭਿਆਸ ਇਹੋ ਹੀ ਹੈ ਕਿ ਉਪਰ ਲਿਖੇ ਬਚਨਾਂ ਨੂੰ ਜੀਵਨ ਵਿਚ ਉਤਾਰੋ, ਦੁਖ ਨਾ ਦਿਓ। ਕਿਸੇ ਦਾ ਮਨ ਨਾ ਦੁਖਾਓ, ਵਿਚਾਰ, ਕਥਨੀ ਤੇ ਕਰਨੀ ਇਕੋ ਹੀ ਹੋਵੇ, ਕੋਈ ਅੰਤਰ ਨਾ ਹੋਵੇ।

ਸਾਰੇ ਹੀ ਮਜ਼ਹਬ ਇਕੋ ਸਤਿ ਤੋਂ ਪੈਦਾ ਹੋਏ ਹਨ, ਇਕੋ ਹੀ ਆਧਾਰ ਹੈ। ਸਤਿ ਨੂੰ ਜਾਣੇ ਬਿਨਾਂ ਜੀਵਨ ਪੂਰਨ ਨਹੀਂ ਹੋ ਸਕਦਾ। ਪੂਰਨਤਾ ਦਾ ਰੂਪ ਨਹੀਂ ਲੈ ਸਕਦਾ। ਭਾਵੇਂ  ਮੈਡੀਟੇਸ਼ਨ ਤੇ ਧਿਆਨ ਲਿਵ ਦੀ ਵੱਖ-ਵੱਖ ਪ੍ਰਣਾਲੀਆਂ ਹਨ, ਪਰ ਜਗਿਆਸੂ ਦੋਨਾਂ ਦੀ ਸਹਾਇਤਾ ਨਾਲ ਆਪਣੇ ਪੂਰਨ ਰੂਪ ਤਕ ਪਹੁੰਚ ਸਕਦਾ ਹੈ। ਮਨੁੱਖ ਦਾ ਸੁਭਾਅ ਸ਼ਾਂਤਮਈ ਹੈ, ਅਨੰਦਮਈ ਹੈ, ਸਤਿ, ਚਿਤ, ਅਨੰਦ ਹੈ। ਇਹ ਤਾਂ ਮਨ ਦੀ ਦੀਵਾਰ ਹੈ ਜਿਹੜੀ ਸਤਿ ਤੇ ਮਨੁੱਖ ਦੇ ਵਿਚ ਪਈ ਹੈ। ਮੰਤਰ ਇਕ ਸਾਧਨ ਹੈ, ਮੈਡੀਟੇਸ਼ਨ ਇਕ ਤਰੀਕਾ ਹੈ, ਸਦਾ ਹੀ ਉਸ ਦੀ, ਉਸ ਪਾਰਬ੍ਰਹਮ ਦੀ ਯਾਦ ਵਿਚ ਰਹਿਣਾ, ਇਹ ਮਹਿਸੂਸ ਕਰਨਾ ਕਿ ਉਹ ਹੈ, ਇਸ ਤਕ ਪਹੁੰਚਣਾ ਹੀ ਜੀਵਨ ਮਨੋਰਥ ਹੈ।

ਮੈਡੀਟੇਸ਼ਨ ਦਾ ਤੁਹਾਡੇ ਵਿਸ਼ਵਾਸ਼, ਤੁਹਾਡੇ ਭਰੋਸੇ ਨਾਲ ਕੋਈ ਸਬੰਧ ਨਹੀਂ ਹੈ। ਇਸ ਕਰਕੇ ਮੈਡੀਟੇਸ਼ਨ ਕਿਸੇ ਵੀ ਮਜ਼੍ਹਬ ਦਾ ਹਿੱਸਾ ਨਹੀਂ ਹੈ, ਇਹ ਇਕ ਉਹ ਪ੍ਰੈਕਟੀਕਲ ਤਰੀਕਾ ਹੈ ਜਿਹੜਾ ਤੁਹਾਨੂੰ ਸ਼ਾਂਤ ਕਰ ਸਕਦਾ ਹੈ ਅਤੇ ਕਰਦਾ ਹੈ, ਤੁਹਾਨੂੰ ਤੁਹਾਡਾ ਅੰਦਰ ਦਿਖਾਉਂਦਾ ਹੈ, ਇਹ ਮਨ ਨੂੰ ਸਿਖਿਆ ਦੇਣ ਦਾ, ਮਨ ਨੂੰ ਸਿਖਾਉਣ ਦਾ ਤਰੀਕਾ ਹੈ ਜਿਸ ਨਾਲ ਤੁਹਾਡਾ ਮਨ ਇਧਰ ਉਧਰ ਭਟਕੇ ਨਾ। ਜੇ ਤੁਸੀਂ ਲਗਾਤਾਰ ਮੈਡੀਟੇਸ਼ਨ ਕਰਦੇ ਰਹੋ, ਤੁਸੀਂ ਦੇਖੋਗੇ ਕਿ ਤੁਸੀਂ ਕਿੰਨੇ ਸ਼ਾਂਤ ਹੋ ਗਏ ਹੋ, ਸੁਚੇਤ ਹੋ ਗਏ ਹੋ। ਬਹੁਤ ਸਾਰੇ ਲੋਕੀ ਸਾਂਤੀ ਨੂੰ ਸੁਸਤੀ ਸਮਝਦੇ ਹਨ, ਪਰ ਸਮਾਚਿਤ ਹੋਣਾ ਕੇਵਲ ਮੈਡੀਟੇਸ਼ਨ ਨਾਲ ਹੀ ਆਉਂਦਾ ਹੈ, ਮੈਡੀਟੇਸ਼ਨ ਨਾਲ ਤੁਸੀਂ ਆਪਣੀ ਸ਼ਕਤੀ ਜਮ੍ਹਾ ਕਰਕੇ ਰੱਖ ਸਕਦੇ ਹੋ ਤੇ ਸਮਾਂ ਪੈਣ ਤੇ ਜਿਥੇ ਚਾਹੋ ਜਿੰਨੀ ਚਾਹੋ ਖਰਚ ਸਕਦੇ ਹੋ। ਚਿੰਤਾ ਤੇ ਵਾਧੂ ਦੇ ਏਧਰ ਓਧਰ ਧਿਆਨ ਜਾਂ ਕੰਮ ਤੁਹਾਡੀ ਸ਼ਕਤੀ ਖੇਰੂੰ-ਖੇਰੂੰ ਕਰ ਦਿੰਦੇ ਹਨ। ਮੈਡੀਟੇਸ਼ਨ ਨਾਲ ਤੁਸੀਂ ਆਪਣੀ ਸ਼ਕਤੀ ਨੂੰ ਚੰਗੀ ਤਰ੍ਹਾਂ ਤੇ ਸਮ ਤਰੀਕੇ ਨਾਲ ਵੰਡ ਸਕਦੇ ਹੋ, ਸ਼ਕਤੀ ਤੁਹਾਡੇ ਆਪਣੇ ਵਸ ਵਿਚ ਹੁੰਦੀ ਹੈ। ਮੈਡੀਟੇਸ਼ਨ ਨਾਲ ਮਨ ਵਧੇਰੇ ਇਕਾਗਰ ਹੁੰਦਾ ਹੈ, ਜੋ ਵੀ ਕਰੋ ਪੂਰੇ ਧਿਆਨ ਨਾਲ ਇਕਾਗਰ ਹੋ ਕੇ ਕਰੋ। ਜਿਹੜਾ ਵੀ ਕੋਈ ਮੈਡੀਟੇਸ਼ਨ ਕਰਦਾ ਹੈ ਉਹ ਕੁਝ ਵੀ ਬਹੁਤ ਛੇਤੀ ਸਿੱਖ ਸਕਦਾ ਹੈ। ਜਦੋਂ ਕਿ ਦੂਸਰੇ ਲਈ ਉਹ ਔਖਾ ਹੋਵੇਗਾ ਤੇ ਵਧੇਰੇ ਸਮਾਂ ਲੱਗੇਗਾ।

ਮੈਡੀਟੇਸ਼ਨ ਨਾਲ ਤੁਹਾਨੂੰ ਅੰਦਰ ਦਾ ਅਨੰਦ ਅੰਦਰ ਦੀ  ਖੁਸ਼ੀ ਵੀ ਪ੍ਰਾਪਤ ਹੁੰਦੀ ਹੈ। ਤੁਸੀਂ ਸੋਚਦੇ ਹੋ, ਖੁਸ਼ੀ ਬਾਹਰੋਂ ਆਉਂਦੀ ਹੈ, ਬਾਹਰ ਦੀਆਂ ਚੀਜ਼ਾਂ ਤੋਂ, ਬਾਹਰ ਦੀਆਂ ਪ੍ਰਾਪਤੀਆਂ ਤੋਂ ਪਰ ਤੁਹਾਡੇ ਅੰਦਰ ਸੂਖਮ ਅਨੰਦ ਹੈ ਜਿਸਨੂੰ ਤੁਸੀਂ ਅਜੇ ਜਾਣਿਆ ਨਹੀਂ। ਮੈਡੀਟੇਸ਼ਨ ਕੋਈ ਐਸਾ ਔਖਾ ਕਾਰਜ ਨਹੀਂ ਜਿਹੜਾ ਤੁਸੀਂ ਆਪਣੇ ਉਤੇ ਜ਼ਰੂਰ ਥੋਪੋ। ਜਦੋਂ ਇਕ ਵਾਰੀ ਤੁਹਾਨੂੰ ਅੰਦਰ ਦਾ ਅਨੰਦ

ਆ ਗਿਆ, ਤੁਹਾਨੂੰ ਉਸ ਦਾ ਅਭਿਆਸ ਤੇ ਆਭਾਸ ਹੋ, ਗਿਆ। ਤੁਸੀਂ ਆਪਣੇ ਆਪ ਹੀ ਮੈਡੀਟੇਸ਼ਨ ਕਰਨਾ ਚਾਹੋਗੇ। ਹੋਰ, ਹੋਰ ਵੱਧ ਤੋਂ ਵੱਧ ਕਰਨਾ ਚਾਹੋਗੇ। ਇਹ ਚੰਗਾ ਹੀ ਹੋਵੇਗਾ ਜੇ ਤੁਸੀਂ ਆਪਣੀ ਆਦਤ ਬਣਾਓ ਤੇ ਸਮਾਂ ਬੰਨੋ। ਨਿਯਮਤ ਸਮੇਂ ਤੇ ਆਪਣਾ ਅਭਿਆਸ ਕਰੋ। ਬਿਲਕੁਲ ਉਸ ਤਰ੍ਹਾਂ ਹੀ ਜਿਵੇਂ ਤੁਸੀਂ ਬੱਝੇ ਸਮੇਂ ਸਿਰ ਖਾਂਦੇ ਪੀਂਦੇ ਹੋ, ਸੌਂਦੇ ਹੋ ਜਿਵੇਂ ਤੁਸੀਂ ਖਾਣ ਦੇ ਸਮੇਂ ਨੂੰ ਉਡੀਕਦੇ ਹੋ। ਸੌਣ ਦੇ ਸਮੇਂ ਨੂੰ ਉਡੀਕਦੇ ਹੋ, ਉਸੇ ਤਰ੍ਹਾਂ ਹੀ ਮੈਡੀਟੇਸ਼ਨ ਦੇ ਸਮੇਂ ਨੂੰ ਉਡੀਕੋ। ਜਦੋਂ ਤੁਸੀਂ ਮੈਡੀਟੇਸ਼ਨ ਦੀ ਆਦਤ ਬਣਾ ਲਵੋਗੇ, ਤੁਸੀਂ ਤੁਹਾਡਾ ਸਰੀਰ, ਤੁਹਾਡਾ ਸੁਆਸ, ਮਨ, ਸਮੁੱਚੇ ਰੂਪ ਵਿਚ ਤੁਸੀਂ ਮੈਡੀਟੇਸ਼ਨ ਦਾ ਸਮਾਂ ਉਡੀਕੋਗੇ।

ਤੁਹਾਨੂੰ ਕੋਈ ਸਾਫ ਸੁਥਰਾ ਠੀਕ ਜਿਹਾ ਕਮਰਾ ਜਾਂ ਉਹ ਜਗ੍ਹਾ ਜਿਹੜੀ ਤੰਗ ਨਾ ਹੋਵੇ ਜਿਥੇ ਬਹੁਤਾ ਸਾਮਾਨ ਨਾ ਪਿਆ ਹੋਵੇ, ਚੁੱਪ ਚਾਪ ਹੋਵੇ, ਜਿਥੇ ਤੁਹਾਨੂੰ ਕੋਈ ਛੇਤੀ ਨਾਲ ਤੰਗ ਨਾ ਕਰ ਸਕੇ, ਇਹੋ ਜਿਹੀ ਜਗ੍ਹਾ ਮੈਡੀਟੇਸ਼ਨ ਲਈ ਦੇਖ ਲੈਣੀ ਚਾਹੀਦੀ ਹੈ। ਗੱਦੀ ਥੱਲੇ ਲੈ ਕੇ ਬੈਠੋ ਜਾਂ ਕੁਰਸੀ ਤੇ ਬੈਠੋ, ਤੁਹਾਡੀ ਪਿੱਠ ਸਿੱਧੀ ਹੋਣੀ ਚਾਹੀਦੀ ਹੈ। ਅੱਖਾਂ ਬੰਦ ਹੋਣੀਆਂ ਚਾਹੀਦੀਆਂ ਹਨ। ਹੌਲੀ ਹੌਲੀ ਸਾਰੇ ਸਰੀਰ ਨੂੰ ਚੇਤਨ ਕਰੋ, ਸਾਰੇ ਸਰੀਰ ਦੇ ਪੱਠਿਆਂ ਨੂੰ ਨਿਸਲ ਕਰੋ, ਗਰਦਨ ਪਿੱਠ ਤੇ ਸਿਰ ਨੂੰ ਨਿਸਲ ਨਹੀਂ ਕਰਨਾ। ਹੌਲੀ-ਹੌਲੀ ਸਰੀਰ ਦੇ ਤਨਾਵ ਨੂੰ ਖਿਚਾਅ ਨੂੰ ਢਿੱਲਾ ਕਰੋ, ਮੈਡੀਟੇਸ਼ਨ ਇਕ ਕਲਾ ਹੈ, ਇਕ ਵਿਗਿਆਨ ਹੈ ਜਿਸ ਨਾਲ ਤੁਸੀਂ ਸਰੀਰ ਨੂੰ ਢਿੱਲਾ ਛਡਦੇ ਹੋ। ਨਿਸਲ ਕਰਦੇ ਹੋ ਇਹ ਹੌਲੀ-ਹੌਲੀ ਸਰੀਰ ਤੋਂ ਸ਼ੁਰੂ ਹੁੰਦਾ ਹੈ ਤੇ ਹੌਲੀ ਹੌਲੀ ਤੁਹਾਡੇ ਵਿਚਾਰਾਂ ਤੇ ਜਾਂਦਾ ਹੈ।

ਜਦੋਂ ਇਕ ਵਾਰੀ ਤੁਹਾਡਾ ਸਰੀਰ ਨਿਸਲ ਹੋ ਜਾਂਦਾ ਹੈ। ਸਰੀਰ ਸ਼ਾਂਤ ਹੋ ਜਾਂਦਾ ਹੈ ਫੇਰ ਤੁਸੀਂ ਆਪਣੀ ਚੇਤਨਾ ਨੂੰ ਸੁਆਸਾਂ ਤੇ ਲੈ ਕੇ ਆਓ, ਦੇਖੋ ਜਦੋਂ ਤੁਸੀਂ ਸੁਆਸ ਲੈਂਦੇ ਹੋ, ਤੁਹਾਡੇ ਫੇਫੜੇ ਦਾ ਕਿਹੜਾ ਹਿੱਸਾ ਵਿਆਮ ਕਰ ਰਿਹਾ ਹੈ। ਜੇ ਤੁਸੀਂ ਛਾਤੀ ਤੋਂ ਸੁਆਸ ਲੈ ਰਹੇ ਹੋ, ਤੁਸੀਂ ਨਿਸਲ ਨਹੀਂ ਹੋ ਸਕਦੇ, ਦੇਖੋ ਕਿ ਤੁਸੀਂ ਡਾਇਫਰਾਮ ਤੋਂ (ਪੇਟ ਤੇ ਛਾਤੀ ਦੇ ਵਿਚ ਦੀ ਥਾਂ) ਤੋਂ ਸੁਆਸ ਲੈ ਰਹੇ ਹੋ, ਇਸ ਪ੍ਰਤੀ ਸੁਚੇਤ ਰਹੋ ਕਿ ਤੁਸੀਂ ਕਿਥੋਂ ਸੁਆਸ ਲੈ ਰਹੇ ਹੋ, ਆਪਣੇ ਸੁਆਸਾਂ ਤੇ ਕਾਬੂ ਨਾ ਪਾਓ, ਕੇਵਲ ਦੇਖੋ। ਪਹਿਲਾਂ-ਪਹਿਲਾਂ ਸੁਆਸ ਬਹੁਤ ਤਰਤੀਬਵਾਰ ਨਹੀਂ ਹੋਣਗੇ ਪਰ ਹੌਲੀ ਹੌਲੀ ਸੁਆਸ ਇਕ ਸਾਰ ਹੋ ਜਾਣਗੇ, ਰਵਾ ਹੋ ਜਾਣਗੇ। ਕੋਈ ਝਟਕਾ ਨਹੀਂ ਲੱਗੇਗਾ, ਕੋਈ ਵਿਚ ਰੁਕਾਵਟ ਨਹੀਂ ਆਵੇਗੀ। ਸੁਆਸਾਂ ਤੇ ਪਹਿਰਾ ਦਿਓ, ਦੇਖੋ ਤੁਸੀਂ ਕਿਵੇਂ ਸੁਆਸ ਲੈਂਦੇ ਹੋ।

ਮੈਡੀਟੇਸ਼ਨ ਤੋਂ ਭਾਵ ਹੈ ਜੋ ਕੁਝ ਵੀ ਤੁਸੀਂ ਕਰੋ ਉਸ ਤੇ ਪੂਰਾ-ਪੂਰਾ ਧਿਆਨ ਦਿਓ, ਇਥੇ ਤੁਸੀਂ ਆਪਣੇ ਸੁਆਸਾਂ ਤੇ ਪੂਰਾ ਧਿਆਨ ਦੇਣਾ ਹੈ, ਆਪਣੇ ਆਪ ਨੂੰ ਪੂਰੀ ਤਰ੍ਹਾਂ ਸੁਆਸਾਂ ਤੇ ਲਗਾਓ, ਕੇਵਲ ਦੇਖਣਾ ਹੈ ਭਾਵ ਤੁਸੀਂ ਕਿਸੇ ਕਿਸਮ ਦੀ ਕੋਈ ਪੜਚੋਲ ਨਹੀਂ ਕਰਨੀ। ਕੋਈ ਗਲਤੀ ਨਹੀਂ ਕੱਢਣੀ, ਕੇਵਲ ਦੇਖਣਾ ਹੈ, ਨਾ ਹੀ ਸੁਆਸਾਂ ਤੇ ਕਾਬੂ ਪਾਉਣ ਦੀ ਕੋਸ਼ਿਸ਼ ਕਰਨੀ ਹੈ, ਨਾ ਹੀ ਉਨ੍ਹਾਂ ਨੂੰ ਬਦਲਣ ਦੀ ਕੋਸ਼ਿਸ਼ ਕਰਨੀ ਹੈ। ਆਪਣੇ ਆਪ ਨੂੰ ਸੁਆਸਾਂ ਪ੍ਰਤੀ ਐਨਾ ਖੁਲ੍ਹਾ ਛੱਡੋ, ਐਨੇ ਲੀਨ ਹੋਵੋ ਕਿ ਤੁਸੀਂ ਤੇ ਸੁਆਸ ਇਕ ਹੋ ਜਾਓ। ਇਸ ਤਰ੍ਹਾਂ ਕਰਨਾ ਕੋਈ ਸੌਖਾ ਨਹੀਂ, ਇਸ ਤਰ੍ਹਾਂ ਕਰਦਿਆਂ ਬਹੁਤ ਸਾਰੇ ਵਿਚਾਰ ਤੁਹਾਨੂੰ ਆਉਣਗੇ। ਕੀ ਮੈਂ ਇਹ ਠੀਕ ਕਰ ਰਿਹਾ ਹਾਂ? ਇਹ ਕਦੋਂ ਠੀਕ ਹੋਵੇਗਾ? ਮੇਰੀ ਨਾਸਿਕਾ ਬੰਦ ਹੋ ਗਈ ਹੈ। ਮੈਂ ਉਠ ਕੇ ਨਾਸਿਕਾ ਸਾਫ ਕਰ ਲਵਾਂ ਫੇਰ ਬੈਠਾਂ। ਸ਼ਾਇਦ ਮੈਨੂੰ ਖਿੜਕੀ ਬੰਦ ਕਰਕੇ ਹੀ ਬੈਠਣਾ ਚਾਹੀਦਾ ਸੀ। ਮੈਂ ਤਾਂ ਬੜਾ ਜ਼ਰੂਰੀ ਟੈਲੀਫੋਨ ਕਰਨਾ ਸੀ। ਮੇਰੀ ਤਾਂ ਗਰਦਨ ਦੁਖ ਰਹੀ ਹੈ, ਇਸ ਪ੍ਰਕਾਰ ਦੇ ਅਨੇਕਾਂ ਵਿਚਾਰ ਤੁਹਾਨੂੰ ਆਉਣਗੇ। ਹਰ ਵਿਚਾਰ ਪਹਿਲੇ ਤੋਂ ਵਧੇਰੇ ਜ਼ੋਰਾਵਰ ਹੋਵੇਗਾ, ਕਿਸੇ ਤੇ ਫੈਸਲਾ ਚਾਹੀਦਾ ਹੈ। ਕਿਸੇ ਤੇ ਕੋਈ ਕਰਮ ਕਰਨਾ ਲੋੜੀਦਾ ਹੈ। ਕਿਸੇ ਤੇ ਕੋਈ ਵਿਚਾਰ ਜਾਂ ਕੋਈ ਅੱਗੇ ਦਾ ਧਿਆਨ, ਅੱਗੇ ਚੱਲ ਕੇ ਕੋਸ਼ਿਸ਼ ਹੋਵੇਗੀ ਇਨ੍ਹਾਂ ਤੋਂ ਛੁਟਕਾਰਾ ਕਿਵੇਂ ਪਾਇਆ ਜਾਵੇ? ਇਥੇ ਪਹੁੰਚ ਕੇ ਤੁਸੀਂ ਕੇਵਲ ਇਸ ਸਾਰੇ ਸਿਲਸਿਲੇ ਸਾਰੇ ਕੁਝ ਵਿਚ ਜੇ ਤੁਸੀਂ ਚੇਤਨ ਹੋ, ਕੇਵਲ ਚੇਤਨ ਤਾਂ ਤੁਸੀਂ ਦੇਖੋਗੇ ਤੁਹਾਡਾ ਮਨ ਕਿੰਨਾ ਅਸ਼ਾਂਤ ਹੈ, ਪਰ ਇਹ ਤਾਂ ਹੀ ਹੋਏਗਾ ਜੇ ਤੁਸੀਂ ਕੇਵਲ ਚੇਤਨ ਹੋ ਇਸ ਲਈ ਦੁਖੀ ਨਹੀਂ ਹੋ। ਇਕ ਤੋਂ ਦੂਸਰੀ ਚੀਜ਼ ਤੇ ਦੂਸਰੀ ਤੋਂ ਤੀਸਰੀ ਕਿਵੇਂ ਮਨ ਦਾਣੇ ਦੀ ਤਰ੍ਹਾਂ ਉਛਲ ਰਿਹਾ ਹੈ। ਇਹ ਸਮੱਸਿਆ ਉਦੋਂ ਹੀ ਹੈ ਜਦੋਂ ਤੁਸੀਂ ਮਨ ਨਾਲ ਆਪਣੇ ਆਪ ਨੂੰ ਜੋੜ ਦਿੰਦੇ ਹੋ, ਮਨ ਦੇ ਵਿਚਾਰਾਂ ਦਾ ਜੁਆਬ ਦਿੰਦੇ ਹੋ। ਉਨ੍ਹਾਂ ਨੂੰ ਸੁਲਝਾਣ ਦੀ ਕੋਸ਼ਿਸ਼ ਕਰਦੇ ਹੋ। ਇਹ ਮਨ ਦਾ ਇਕ ਤਰੀਕਾ ਹੈ ਤੁਹਾਨੂੰ ਉਲਝਾਣ ਦਾ ਤੇ ਤੁਸੀਂ ਉਸ ਵਿਚ ਉਲਝ ਜਾਂਦੇ ਹੋ। ਮਨ ਦੀਆਂ ਘੁੰਮਣ ਘੇਰੀਆਂ ਵਿਚ ਫਸ ਜਾਂਦੇ ਹੋ। ਪਰ ਜੇ ਤੁਸੀਂ ਕੇਵਲ ਇਨ੍ਹਾਂ ਵਿਚਾਰਾਂ ਨੂੰ ਦੇਖ ਲਵੋ ਇਨ੍ਹਾਂ ਵਲ ਧਿਆਨ ਨਾ ਦੇਵੋ ਜਾਂ ਉਨ੍ਹਾਂ ਨੂੰ ਦੇਖੋ ਤੇ ਪ੍ਰਤੀਕ੍ਰਿਆ ਨਾ ਕਰੋ ਫੇਰ ਇਹ ਤੁਹਾਨੂੰ ਅਸ਼ਾਂਤ ਨਹੀਂ ਕਰਨਗੇ। ਇਕ ਗੱਲ ਯਾਦ ਰੱਖੋ, ਵਿਚਾਰ ਤੁਹਾਨੂੰ ਅਸ਼ਾਂਤ ਨਹੀਂ ਕਰਦੇ, ਜਿਸ ਤਰ੍ਹਾਂ ਤੁਸੀਂ ਉਸ ਵਿਚਾਰ ਦੀ ਪ੍ਰਤੀਕ੍ਰਿਆ ਕਰਦੇ ਹੋ, ਜਿਸ ਤਰ੍ਹਾਂ ਤੁਸੀਂ ਉਸ ਤੋਂ ਪ੍ਰਭਾਵਿਤ ਹੁੰਦੇ ਹੋ, ਉਹ ਗੱਲ ਤੁਹਾਨੂੰ ਅਸ਼ਾਂਤ ਕਰਦੀ ਹੈ। ਆਵਾਜ਼ ਤੁਹਾਡੀ ਮੈਡੀਟੇਸ਼ਨ ਵਿਚ ਵਿਘਨ ਨਹੀਂ ਪਾਉਂਦੀ ਤੁਸੀਂ ਉਸ ਆਵਾਜ਼ ਤੋਂ ਕਿਸ ਤਰ੍ਹਾਂ ਪ੍ਰਭਾਵਿਤ ਹੁੰਦੇ ਹੋ ਉਹ ਤੁਹਾਡੀ ਸ਼ਾਂਤੀ ਭੰਗ ਕਰਦੀ ਹੈ।

(ਬਾਕੀ ਪੰਨਾ 60 ਤੇ)

## ਟਰੱਸਟ ਰਤਵਾੜਾ ਸਾਹਿਬ ਦੇ ਬਾਨੀ ਮਹਾਂਪੁਰਸ਼ਾਂ ਦੀ ਇੰਗਲੈਂਡ ਫੇਰੀ ਸਮੇਂ 14-2-97 ਨੂੰ ਸ. ਸੁਖਜਿੰਦਰ ਸਿੰਘ ਖਹਿਰਾ ਵਾਲਸਲ (K.T.C.E. Oil) ਇੰਗਲੈਂਡ ਵਾਲਿਆਂ ਦੇ ਘਰ ਪੰਜਾਬੀ ਪਤ੍ਰਿਕਾ ਆਵਾਜ਼-ਏ-ਕੌਮ ਦੇ ਐਡੀਟਰ ਸਾਹਿਬਾਨ ਵਲੋਂ ਲਈ ਗਈ ਇੰਟਰਵਿਊ ਉਪਰੰਤ ਜੁੜੀ ਸੰਗਤ ਨਾਲ ਕੀਤੇ ਪ੍ਰਵਚਨ

*(ਲੜੀ ਜੋੜਨ ਲਈ ਦੇਖੋ, ਮਾਰਚ ਅੰਕ, ਪੰਨਾ-16)*

ਕਿੱਡੀ ਵੱਡੀ ਪਦਵੀ ਹੈ ਜਿਹੜਾ ਹਰ ਸੁਆਸ ਨਾਮ ਜਪਦਾ ਹੈ, ਜਿਹਦੀ ਨਾਮ ਵਿਚ ਬਿਰਤੀ ਹੈ। ਸੋ ਇਸ ਤਰ੍ਹਾਂ ਦੇ ਨਾਲ ਮਹਾਰਾਜ ਕਹਿਣ ਲੱਗੇ ਸਾਲਸਰਾਇ! ਤੇਰੇ ਤਾਂ ਸੁਆਸ ਬਿਰਥਾ ਜਾ ਰਹੇ ਨੇ। ਸਮਝਦਾਰ ਸੀ ਸਮਝ ਗਿਆ। ਮਹਾਰਾਜ ਨੇ ਕਿਹਾ ਤੇਰੇ ਅੰਦਰ ਹੋਰ ਚੀਜ਼ਾਂ ਨੇ ਬਹੁਤ। ਤੇਰੇ ਅੰਦਰ ਜੋ ਸਰੀਰਕ ਅੰਗ ਨੇ ਇਨ੍ਹਾਂ ਦਾ ਮੁੱਲ ਨਹੀਂ ਹੈ ਕੋਈ ਵੀ। ਤੈਨੂੰ ਬਹੁਤ ਅਮੁੱਲ ਸਰੀਰ ਦਿੱਤਾ ਹੈ। ਇਹਦੇ ਵਿਚ ਤੂੰ ਪ੍ਰਮੇਸ਼ਰ ਨੂੰ ਮਿਲ ਸਕਦਾ ਹੈਂ। ਇਹ ਸਰੀਰ ਹਰ ਜੀਵ ਨੂੰ ਨਹੀਂ ਮਿਲਿਆ ਹੋਇਆ। ਮਿਲਿਆ ਹੋਇਆ ਤਾਂ ਉਨ੍ਹਾਂ ਨੂੰ ਵੀ ਹੈ ਲੇਕਿਨ ਉਨ੍ਹਾਂ ਦੇ ਅੰਦਰ ਘਾਟ ਹੈ, ਇਹ ਕੇਵਲ ਮਾਨਸ ਜਨਮ ਹੈ ਜਿਹਦੇ ਅੰਦਰ ਵਾਹਿਗੁਰੂ ਦਾ ਘਰ ਹੈ। ਵਾਹਿਗੁਰੂ ਜਿਨ੍ਹਾਂ ਦੇ ਅੰਦਰ ਪ੍ਰਗਟ ਰੂਪ ਵਿਚ ਰਹਿ ਰਿਹਾ ਹੈ। ਸਿਰਫ ਮਨੁੱਖ ਦੇਹ ਹੈ, ਇਸੇ ਕਰਕੇ –

> ***ਇਸ ਦੇਹੀ ਕਉ ਸਿਮਰਹਿ ਦੇਵ॥***
> ***ਸੋ ਦੇਹੀ ਭਜੁ ਹਰਿ ਕੀ ਸੇਵ॥*** *ਅੰਗ - 1159*

ਦੇਵਤਾ ਕਿਉਂ ਚਾਹੁੰਦੇ ਨੇ, ਉਨ੍ਹਾਂ ਕੋਲ ਤਾਂ ਵੱਡੇ-ਵੱਡੇ ਸੁੱਖਾਂ ਦਾ ਅੰਤ ਨਹੀਂ।

ਜੇ ਮੈਂ ਸੁੱਖਾਂ ਦੀ ਗੱਲ ਕਰਾਂ, ਜਿਹੜਾ ਸਭ ਤੋਂ ਨੀਵੇਂ ਦਰਜੇ ਦਾ ਸਵਰਗ ਹੈ, ਉਹ ਗੰਧਰਬ ਲੋਕ ਹੈ। ਗੰਧਰਬ ਲੋਕ ਵਿਚ ਇਥੋਂ ਦੇ ਚਕਰਵਰਤੀ ਬਾਦਸ਼ਾਹ ਨਾਲੋਂ ਸੌ ਗੁਣਾਂ ਸੁਖ ਜ਼ਿਆਦਾ ਹੈ। ਇਸ ਤੋਂ ਉਪਰ ਦੇਵ ਗੰਧਰਬ ਲੋਕ ਹੈ, ਉਹਦੇ ਵਿਚ ਹੋਰ ਸੌ ਗੁਣਾਂ ਜ਼ਿਆਦਾ ਸੁਖ ਹੈ। ਫੇਰ ਪਿਤਰ ਲੋਕ ਆਉਂਦਾ ਹੈ, ਸਵਰਗ ਲੋਕ ਆਉਂਦਾ ਹੈ, ਇੰਦਰ ਲੋਕ ਆਉਂਦਾ ਹੈ, ਕਰਮ ਦੇਵ ਲੋਕ ਆਉਂਦਾ ਹੈ, ਅਜਾਨ ਦੇਵ ਲੋਕ ਆਉਂਦਾ ਹੈ, ਪ੍ਰਜਾਪਤ ਲੋਕ ਆਉਂਦਾ ਹੈ, ਬ੍ਰਹਮ ਲੋਕ, ਸ਼ਿਵ ਲੋਕ, ਫੇਰ ਬੈਕੁੰਠ ਧਾਮ ਆਖਰੀ ਹੈ। ਬੈਕੁੰਠ ਧਾਮ ਦੇ ਵਿਚ ਗਿਣਤੀ ਮੁੱਕ ਜਾਂਦੀ ਹੈ। ਅੱਗੇ ਤਾਂ ਖਰਬਾਂ-ਖਰਬਾਂ ਚਲਿਆ ਜਾਂਦਾ ਹੈ। ਐਨੇ ਸੁਖੀ ਹੋਣ ਵਾਲੇ ਦੇਵਤੇ ਕਿਉਂ ਕਹਿੰਦੇ ਨੇ ਸਾਨੂੰ ਮਨੁੱਖ ਦੇਹ ਪ੍ਰਾਪਤ ਹੋ ਜਾਵੇ? ਕਦੇ ਸੋਚੋ ਇਸ ਗੱਲ ਨੂੰ? ਇਹ ਗੱਲ ਨਹੀਂ ਹੈ ਕਿ ਮਨੁੱਖ ਦੇਹ ਸਾਨੂੰ ਮਿਲ ਗਈ ਇਸ ਦੀ ਵਡਿਆਈ ਹੀ ਕਰੀ ਜਾਈਏ ਤੇ ਦੇਵ ਲੋਕਾਂ ਨੂੰ

ਸੰਤ ਵਰਿਆਮ ਸਿੰਘ ਜੀ ਮਹਾਰਾਜ

ਛੁਟਿਆਈ ਜਾਈਏ। ਮਹਾਰਾਜ ਕਹਿੰਦੇ ਇਹਦਾ ਸਪਸ਼ਟ ਜਵਾਬ ਇਹ ਹੈ ਕਿ ਸਿਰਫ ਸਾਰੀ ਕਾਇਨਾਤ ਦੇ ਅੰਦਰ ਇਕ ਮਾਨਸ ਦੇਹ ਹੈ ਜਿਹਦੇ ਵਿਚ ਤੁਸੀਂ ਰੱਬ ਨੂੰ ਅੱਖਾਂ ਨਾਲ ਦੇਖ ਸਕਦੇ ਹੋ। ਮਹਾਰਾਜ ਕਹਿੰਦੇ –

*ਏ ਨੇਤ੍ਰਹੁ ਮੇਰਿਹੋ ਹਰਿ ਤੁਮ ਮਹਿ ਜੋਤਿ ਧਰੀ*
*ਹਰਿ ਬਿਨੁ ਅਵਰੁ ਨ ਦੇਖਹੁ ਕੋਈ॥*
*ਹਰਿ ਬਿਨੁ ਅਵਰੁ ਨ ਦੇਖਹੁ ਕੋਈ*
*ਨਦਰੀ ਹਰਿ ਨਿਹਾਲਿਆ॥*
*ਏਹੁ ਵਿਸੁ ਸੰਸਾਰੁ ਤੁਮ ਦੇਖਦੇ*
*ਏਹੁ ਹਰਿ ਕਾ ਰੂਪੁ ਹੈ ਹਰਿ ਰੂਪੁ ਨਦਰੀ ਆਇਆ॥*
*ਅੰਗ - 922*

ਇਨ੍ਹਾਂ ਹੀ ਸਰੀਰਕ ਅੱਖਾਂ ਦੇ ਨਾਲ, ਪਦਾਰਥਕ ਅੱਖਾਂ ਦੇ ਨਾਲ ਰੱਬ ਨੂੰ ਦੇਖ ਲਿਆ ਜਿਹੜਾ ਅਗੰਮ ਅਗੋਚਰ ਹੈ। ਗੁਰਮੁਖ ਦੀ ਮਦਦ ਦੇ ਨਾਲ ਅੱਖਾਂ ਦੇ ਨਾਲ ਦੇਖ ਲਿਆ।

*ਤਹ ਭਇਆ ਪ੍ਰਗਾਸੁ ਮਿਟਿਆ ਅੰਧਿਆਰਾ*
*ਜਿਉ ਸੂਰਜ ਕਿਰਣ ਕਿਰਾਖੀ॥ ਅੰਗ - 87*

ਦੇਵਤਿਆਂ ਦੀ ਰੁਸਵਾਈ ਰੱਬ ਤੱਕ ਨਹੀਂ ਹੈ। ਰੋਜ਼ ਪੜ੍ਹਦੇ ਹਾਂ ਅਸੀਂ, ਬਾਣੀ ਦੀ ਖੋਜ ਨਹੀਂ ਕਰਦੇ। ਮਹਾਰਾਜ ਕਹਿੰਦੇ –

*ਏਕਾ ਮਾਈ ਜੁਗਤਿ ਵਿਆਈ ਤਿਨਿ ਚੇਲੇ ਪਰਵਾਣੁ॥*
*ਅੰਗ - 7*

ਤਿੰਨ ਮੁੱਖ ਦੇਵਤੇ ਬ੍ਰਹਮਾ, ਵਿਸ਼ਨੂੰ, ਮਹੇਸ਼। ਉਨ੍ਹਾਂ ਦੀਆਂ ਡਿਊਟੀਆਂ ਕੀ ਨੇ –

*ਇਕੁ ਸੰਸਾਰੀ ਇਕੁ ਭੰਡਾਰੀ ਇਕੁ ਲਾਏ ਦੀਬਾਣੁ॥*
*ਜਿਵ ਤਿਸੁ ਭਾਵੈ ਤਿਵੈ ਚਲਾਵੈ ਜਿਵ ਹੋਵੈ ਫੁਰਮਾਣੁ॥*
*ਓਹੁ ਵੇਖੈ ਓਨਾ ਨਦਰਿ ਨ ਆਵੈ ਬਹੁਤਾ ਏਹੁ ਵਿਡਾਣੁ॥*
*ਅੰਗ - 7*

ਹੁਣ ਜਦ ਨਜ਼ਰ ਹੀ ਨਹੀਂ ਆਉਂਦਾ। ਹੁਣ ਦੱਸੋ ਉਹ ਤਾਂ ਵਾਂਝੇ ਰਹਿ ਗਏ। ਕਿਉਂਕਿ ਉਹ ਵੀ ਸਾਡੇ ਵਾਂਗ 84 ਲੱਖ ਜੂਨਾਂ ਦੇ ਵਿਚ ਹੀ ਨੇ। ਨਹੀਂ ਦੇਵਤਿਆਂ ਨੂੰ ਰੱਬ ਦੇ ਦਰਸ਼ਨ ਹੁੰਦੇ। ਐਸ੍ਵਰਜ ਦੀ, ਭੋਗਾਂ ਦੀ ਗਿਣਤੀ ਨਹੀਂ ਹੈ ਉਨ੍ਹਾਂ ਦੇ ਕੋਲ। ਲੇਕਿਨ ਵਾਹਿਗੁਰੂ ਨੂੰ ਨਹੀਂ ਉਹ ਲੱਭ ਸਕਦੇ। ਮਹਾਰਾਜ ਕਹਿੰਦੇ ਇਹੀ ਅਸਚਰਜ ਗੱਲ ਹੈ –

*ਓਹੁ ਵੇਖੈ ਓਨਾ ਨਦਰਿ ਨ ਆਵੈ ਬਹੁਤਾ ਏਹੁ ਵਿਡਾਣੁ॥*
*ਅੰਗ - 7*

ਸਾਰੀਆਂ ਸ਼ਕਤੀਆਂ ਦੇ ਮਾਲਕ ਹੁੰਦੇ ਹੋਏ, ਰੱਬ ਨਹੀਂ ਉਨ੍ਹਾਂ ਨੂੰ ਦਿਸਦਾ। ਜੇ ਰੱਬ ਦਿਸ ਸਕਦਾ ਹੈ ਤਾਂ ਕੇਵਲ ਮਨੁੱਖ ਨੂੰ ਦਿਸ ਸਕਦਾ ਹੈ। ਹੋਰ ਕਿਸੇ ਦੇ ਭਾਗਾਂ ਵਿਚ ਇਹ ਚੀਜ਼ ਹੈ ਹੀ ਨਹੀਂ ਕਿ ਪ੍ਰਮੇਸ਼ਰ ਨੂੰ ਦੇਖ ਸਕੇ। ਮਹਾਰਾਜ ਕਹਿੰਦੇ ਆਹੀ ਤੁਹਾਡਾ ਮੰਤਵ ਹੈ –

*ਭਈ ਪਰਾਪਤਿ ਮਾਨੁਖ ਦੇਹੁਰੀਆ॥*
*ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ॥*
*ਅਵਰਿ ਕਾਜ ਤੇਰੈ ਕਿਤੈ ਨ ਕਾਮ॥ ਅੰਗ - 12*

ਜਿੰਨੇ ਕੰਮਾਂ ਵਿਚ ਤੂੰ ਲੱਗਿਆ ਹੋਇਆ ਹੈਂ ਸਭ ਵਿਅਰਥ ਨੇ। ਇਨ੍ਹਾਂ ਨੂੰ ਜਦੋਂ ਅਸੀਂ ਰੂਹਾਨੀ ਤੱਕੜੀ ਦੇ ਨਾਲ ਤੋਲਦੇ ਹਾਂ, ਜਿਹੜਾ ਕਰੋੜਾਂ ਪਤੀ ਹੈ, ਅਰਬਾਂ ਪਤੀ ਹੈ, ਉਹ ਕੁਛ ਵੀ ਨਹੀਂ ਹੈ। ਮਹਾਰਾਜ ਕਹਿੰਦੇ –

*ਸੁੰਦਰ ਸੇਜ ਅਨੇਕ ਸੁਖ ਰਸ ਭੋਗਣ ਪੂਰੇ॥*
*ਗ੍ਰਿਹ ਸੋਇਨ ਚੰਦਨ ਸੁਗੰਧ ਲਾਇ ਮੋਤੀ ਹੀਰੇ॥*
*ਅੰਗ - 707*

ਸਭ ਕੁਛ ਹੈਗਾ –

*ਮੋਤੀ ਤ ਮੰਦਰ ਊਸਰਹਿ ਰਤਨੀ ਤ ਹੋਹਿ ਜੜਾਉ॥*
*ਕਸਤੂਰਿ ਕੁੰਗੂ ਅਗਰਿ ਚੰਦਨਿ ਲੀਪਿ ਆਵੈ ਚਾਉ॥*
*ਅੰਗ - 14*

ਜਿਹੜੇ ਦੇਸ਼ ਵਿਚ ਤੁਸੀਂ ਰਹਿੰਦੇ ਹੋ, ਅਮਰੀਕਾ ਜਾਂ ਹੋਰ ਬਾਹਰਲੇ ਦੇਸ਼ਾਂ ਵਿਚ ਇਹ ਪ੍ਰਾਪਤੀਆਂ ਉਥੇ ਹੋ ਸਕਦੀਆਂ ਨੇ ਕਿ ਉਹ ਮੋਤੀਆਂ ਦੇ ਮੰਦਰ ਬਣਾ ਲੈਣ। ਮਹਾਰਾਜ ਕਹਿੰਦੇ ਕੁਛ ਵੀ ਨਹੀਂ ਹੋਇਆ, ਜਿਹੜੀ ਅੰਦਰ ਅਸ਼ਾਂਤੀ ਹੈ ਉਹਨੂੰ ਦੂਰ ਕਰਨ ਦਾ ਇਲਾਜ ਮਾਇਆ ਨਹੀਂ ਹੈ, ਜਗਤ ਦੇ ਭੋਗ ਨਹੀਂ ਹੈ, ਭੋਗ ਦੇ ਨਾਲ ਜਿੰਨੇ ਸੁਖ ਪ੍ਰਾਪਤ ਹੋਣਗੇ ਓਨਾਂ ਭਾਂਬੜ ਹੋਰ ਮਚਦਾ ਹੈ। ਓਨਾਂ ਅੱਗੇ ਹੀ ਅੱਗੇ ਜਾਂਦਾ ਹੈ –

*ਤ੍ਰਿਸਨਾ ਬਿਰਲੇ ਹੀ ਕੀ ਬੁਝੀ ਹੇ॥*
*ਕੋਟਿ ਜੋਰੇ ਲਾਖ ਕ੍ਰੋਰੇ ਮਨੁ ਨ ਹੋਰੇ॥*
*ਪਰੈ ਪਰੈ ਹੀ ਕਉ ਲੁਝੀ ਹੇ॥ ਅੰਗ - 213*

ਲੱਖ ਹੋਵੇ ਕਹਿੰਦੇ ਕਰੋੜ ਚਾਹੀਦਾ ਹੈ, ਕਰੋੜ ਹੋ ਜਾਏ ਕਹਿੰਦਾ ਹੈ ਅਰਬਾ ਪਤੀ ਹੋਣਾ ਚਾਹੀਦਾ ਹੈ। ਮਹਾਰਾਜ ਕਹਿੰਦੇ ਰਿੱਧੀਆਂ ਸਿੱਧੀਆਂ ਪ੍ਰਾਪਤ ਹੋ ਗਈਆਂ, ਭੋਗਾਂ ਦੀ ਦੁਨੀਆਂ ਦੇ ਅੰਦਰ –

*ਧਰਤੀ ਤ ਹੀਰੇ ਲਾਲ ਜੜਤੀ ਪਲਘਿ ਲਾਲ ਜੜਾਉ॥*
*ਮੋਹਣੀ ਮੁਖਿ ਮਣੀ ਸੋਹੈ ਕਰੇ ਰੰਗਿ ਪਸਾਉ॥*
*ਅੰਗ - 14*

ਮੋਹਣੀਆਂ ਦੇ ਮਣੀਆਂ ਲੱਗੀਆਂ ਹੋਈਆਂ, ਮੁੱਖ ਚਮਕਦੇ ਨੇ ਤੇ ਰਿੱਧੀਆਂ ਸਿੱਧੀਆਂ ਪ੍ਰਾਪਤ ਕਰ ਲਈਆਂ,–

*ਸਿਧੁ ਹੋਵਾ ਸਿਧਿ ਲਾਈ ਰਿਧਿ ਆਖਾ ਆਉ॥*
*ਗੁਪਤੁ ਪਰਗਟੁ ਹੋਇ ਬੈਸਾ ਲੋਕੁ ਰਾਖੈ ਭਾਉ॥*
*ਅੰਗ - 14*

ਰਾਜਨੀਤਕ ਸ਼ਕਤੀ ਪ੍ਰਾਪਤ ਕਰ ਲਈ, ਸਾਰੀ ਦੁਨੀਆਂ ਦੇ ਵਿਚ ਉਸ ਦੀ ਸਿਫਤ ਹੋ ਰਹੀ ਹੈ, ਸਭ ਟੈਲੀਵੀਜ਼ਨ ਤੇ ਉਹਨੂੰ ਦੇਖ ਰਹੇ ਨੇ। ਨਾਉਂ ਉਹਦਾ ਦੁਨੀਆਂ ਦੇ ਵਿਚ ਬਹੁਤ ਅੱਛਾ ਹੋ ਗਿਆ। ਮਹਾਰਾਜ ਕਹਿੰਦੇ ਫੇਰ ਕੀ ਹੋਇਆ?

*ਜੇ ਜੁਗ ਚਾਰੇ ਆਰਜਾ ਹੋਰ ਦਸੂਣੀ ਹੋਇ॥*
*ਨਵਾ ਖੰਡਾ ਵਿਚਿ ਜਾਣੀਐ ਨਾਲਿ ਚਲੈ ਸਭੁ ਕੋਇ॥*
*ਚੰਗਾ ਨਾਉ ਰਖਾਇ ਕੈ ਜਸੁ ਕੀਰਤਿ ਜਗਿ ਲੇਇ॥*
*ਜੇ ਤਿਸੁ ਨਦਰਿ ਨ ਆਵਈ ਤ ਵਾਤ ਨ ਪੁਛੈ ਕੇ॥*
*ਅੰਗ - 2*

ਸਾਰੀਆਂ ਪ੍ਰਾਪਤੀਆਂ ਹੋਣ ਦੇ ਬਾਵਜੂਦ -

*ਸੁਲਤਾਨੁ ਹੋਵਾ ਮੇਲਿ ਲਸਕਰ ਤਖਤਿ ਰਾਖਾ ਪਾਉ॥*
*ਹੁਕਮੁ ਹਾਸਲੁ ਕਰੀ ਬੈਠਾ ਨਾਨਕਾ ਸਭ ਵਾਉ॥*
*ਮਤੁ ਦੇਖਿ ਭੂਲਾ ਵੀਸਰੈ ਤੇਰਾ ਚਿਤਿ ਨ ਆਵੈ ਨਾਉ॥*
*ਅੰਗ - 14*

ਰੱਦ ਕਰ ਦਿਤੀ ਮਹਾਰਾਜ ਨੇ ਪ੍ਰਕ੍ਰਿਤੀ ਦੀ ਸਾਰੀ ਪ੍ਰਾਪਤੀ। ਹੁਣ ਅਸਲੀ ਚੀਜ਼ ਕੀ ਹੈ -

*ਹਰਿ ਬਿਨੁ ਜੀਉ ਜਲਿ ਬਲਿ ਜਾਉ॥ ਅੰਗ - 14*

ਤੁਹਾਡੇ ਹਿਰਦੇ ਕਮਲ ਦੇ ਵਿਚ ਖੇੜਾ ਨਹੀਂ ਹੈ, ਫੇਰ ਇਹ ਪ੍ਰਾਪਤੀਆਂ ਕਿਸ ਕੰਮ ਦੀਆਂ। ਮਨ ਦੀ ਸ਼ਾਂਤੀ ਨਹੀਂ ਦੇ ਸਕਦੀਆਂ।

*ਮੈ ਆਪਣਾ ਗੁਰੁ ਪੂਛਿ ਦੇਖਿਆ ਅਵਰੁ ਨਾਹੀ ਥਾਉ॥*
*ਅੰਗ - 14*

ਸਿਧਾਂਤ ਹੈ ਬੜਾ ਜ਼ਬਰਦਸਤ -

*ਸੋ ਪ੍ਰਭੁ ਚਿਤਿ ਨ ਆਵਈ ਵਿਸਟਾ ਕੇ ਕੀਰੇ॥*
*ਬਿਨੁ ਹਰਿ ਨਾਮ ਨ ਸਾਂਤਿ ਹੋਇ ਕਿਤੁ ਬਿਧਿ ਮਨੁ ਧੀਰੇ॥*
*ਅੰਗ - 707*

ਇਹਦੀ ਤੁਲਨਾ ਦੂਸਰੇ ਪਾਸੇ ਕੀਤੀ ਹੋਈ ਹੈ।

*ਬਸਤਾ ਤੂਟੀ ਝੁੰਪੜੀ ਚੀਰ ਸਭਿ ਛਿੰਨਾ॥*
*ਜਾਤਿ ਨ ਪਤਿ ਨ ਆਦਰੋ ਉਦਿਆਨ ਭ੍ਰਮਿੰਨਾ॥*
*ਮਿਤ੍ਰ ਨ ਇਠ ਧਨ ਰੂਪਹੀਣ ਕਿਛੁ ਸਾਕੁ ਨ ਸਿੰਨਾ॥*
*ਰਾਜਾ ਸਗਲੀ ਸ੍ਰਿਸਟਿ ਕਾ ਹਰਿ ਨਾਮਿ ਮਨੁ ਭਿੰਨਾ॥*
*ਅੰਗ - 707*

ਟੁੱਟੀ ਹੋਈ ਝੌਂਪੜੀ 'ਚ ਰਹਿੰਦਾ ਹੈ, ਕੱਪੜੇ ਪਾਟੇ ਹੋਏ ਨੇ।

ਇਕ ਬਹੁਤ ਗੁਰਮੁਖ ਪਿਆਰੇ ਨਾਲ ਮੇਰੀ ਗੱਲ ਹੋਈ। ਉਹ ਕਹਿਣ ਲੱਗੇ ਕਿ ਤੁਸੀਂ 'ਰਾਜ ਕਰੇਗਾ ਖਾਲਸਾ ਆਕੀ ਰਹੇ ਨਾ ਕੋਇ' ਬਾਰੇ ਦੱਸੋ। ਮੈਂ ਕਿਹਾ ਸੰਤ ਜੀ! ਰਾਜ ਤਾਂ ਕਿੰਨਾ ਕੁ ਹੋ ਗਿਆ, ਦਿੱਲੀ ਤੋਂ ਹੋ ਗਿਆ, ਇਥੋਂ ਹੋ ਗਿਆ। ਗੁਰੂ ਮਹਾਰਾਜ ਤਾਂ ਕਹਿੰਦੇ ਨੇ -

*ਐਸੋ ਰਾਜੁ ਨ ਕਿਤੈ ਕਾਜਿ ਜਿਤੁ ਨਹ ਤ੍ਰਿਪਤਾਏ॥*
*ਅੰਗ - 745*

ਤ੍ਰਿਪਤੀ ਨਹੀਂ ਆਉਂਦੀ ਇਹਦੇ ਨਾਲ। ਰਾਜਾ ਹੈਗਾ -

*ਰਾਜਾ ਸਗਲੀ ਸ੍ਰਿਸਟਿ ਕਾ ਹਰਿ ਨਾਮਿ ਮਨੁ ਭਿੰਨਾ॥*
*ਅੰਗ - 707*

ਬਾਬਾ ਬੀਰ ਸਿੰਘ ਜੀ ਮਹਾਰਾਜਾ ਰਣਜੀਤ ਸਿੰਘ ਦੀਆਂ ਫੌਜਾਂ ਨਾਲ ਜਾ ਰਹੇ ਨੇ। ਉਧਰ ਜਮਰੌਦ ਦੇ ਕਿਲੇ ਦੀ ਹਾਲਤ ਬੜੀ ਪਤਲੀ ਹੋ ਗਈ, ਹਰੀ ਸਿੰਘ ਨਲੂਆ ਚੜ੍ਹਾਈ ਕਰ ਗਿਆ, ਕੁਰਸੀ ਦੇ ਉਤੇ ਬਿਠਾਇਆ ਹੋਇਆ ਹੈ ਤੇ ਭਾਈ ਮਾਨ ਸਿੰਘ ਨੇ ਸੁਨੇਹਾ ਭੇਜਿਆ ਕਿ ਮਹਾਰਾਜ! ਜੇ ਇਹ ਕਿਲਾ ਟੁੱਟ ਗਿਆ, ਤਾਂ ਲਾਹੌਰ ਤੋਂ ਉਰ੍ਹੇ ਨਹੀਂ ਇਨ੍ਹਾਂ ਨੇ ਠਹਿਰਨਾ, ਕਿਉਂਕਿ ਦੋ ਲੱਖ ਮੁਲਖਈਆਂ ਚੜ੍ਹਿਆ ਹੋਇਆ ਹੈ। ਇਨ੍ਹਾਂ ਦਾ ਦਿਲ ਵਧ ਜਾਏਗਾ। ਛੇਤੀ ਕਰੋ ਕਿਸੇ ਤਰੀਕੇ ਨਾਲ ਇਥੇ ਤੋਪਖਾਨੇ ਲੈ ਕੇ ਪਹੁੰਚੋ।

ਮਹਾਰਾਜਾ ਰਣਜੀਤ ਸਿੰਘ ਨੇ ਫੌਜ ਤਿਆਰ ਕਰੀ। ਅੱਗੇ ਜਾ ਕੇ ਅਟਕ ਦਰਿਆ ਆ ਗਿਆ। ਦਰਿਆ ਚੜ੍ਹਿਆ ਹੋਇਆ ਸੀ। ਬਾਬਾ ਬੀਰ ਸਿੰਘ ਜੀ ਦੇ ਕੋਲ ਆਏ। ਕਹਿੰਦੇ ਮਹਾਂਪੁਰਸ਼ੋ ਐਸ ਵੇਲੇ ਐਨਾ ਸੰਕਟ ਆ ਗਿਆ, ਪਰਉਪਕਾਰ ਵਸ ਫੌਜ ਲੰਘਾਉਣ ਦਾ ਤੁਸੀਂ ਯਤਨ ਕਰੋ। ਸਾਧੂ ਸੰਤਾਂ ਦੇ ਅੰਦਰ ਸ਼ਕਤੀਆਂ ਦਾ ਕੋਈ ਅੰਤ ਨਹੀਂ ਹੁੰਦਾ। ਪਰ ਉਹ ਇਹਨੂੰ ਐਵੇਂ ਸਮਝਦੇ ਨੇ ਜਿਵੇਂ ਇਹ ਫਜ਼ੂਲ ਚੀਜ਼ ਹੁੰਦੀ ਹੈ। ਕਦੇ ਵੀ ਨਹੀਂ ਵਰਤਦੇ। ਕਿੰਨੇ ਹੀ ਔਖੇ ਹੋ ਜਾਣ, ਕਿੰਨੇ ਹੀ ਦੁਖੀ ਹੋ ਜਾਣ। ਨਹੀਂ ਵਰਤਦੇ। ਕਿਉਂਕਿ ਪ੍ਰਮੇਸ਼ਰ ਦੇ ਦਰ ਤੇ ਪ੍ਰਵਾਨ ਨਹੀਂ ਹੁੰਦਾ, ਕੁਫਰ ਹੈ ਇਹ।

ਪਰਉਪਕਾਰ ਵਸ ਬਾਬਾ ਜੀ ਚਲੇ ਗਏ, ਕਹਿੰਦੇ ਅਸੀਂ ਸੁਖਮਨੀ ਸਾਹਿਬ ਦਾ ਪਾਠ ਕਰਨਾ ਹੈ। ਸ਼ਾਂਤ ਹੋ ਜਾ। ਸਾਇੰਟਿਫਕ ਸਵਾਲ ਆਉਂਦਾ ਹੈ ਕਿ ਦਰਿਆ ਕਿਵੇਂ ਰੁਕ ਗਿਆ, ਪਿਛਲਾ ਪਾਣੀ ਜਮ੍ਹਾ ਹੋ ਗਿਆ ਉਥੇ ਆ ਕੇ? ਜਿਥੇ ਤੱਕ ਪਾਣੀ ਦਾ ਬਹਾਅ ਆ ਰਿਹਾ ਸੀ ਸਾਰਾ ਉਥੇ ਹੀ ਰੁਕ ਗਿਆ। ਬੇਅੰਤ ਮਿਸਾਲਾਂ ਨੇ ਧਾਰਮਿਕ ਇਤਿਹਾਸ ਦੇ ਅੰਦਰ। ਕਿਉਂਕਿ -

*ਭੈ ਵਿਚਿ ਪਵਣੁ ਵਹੈ ਸਦਵਾਉ॥*
*ਭੈ ਵਿਚਿ ਚਲਹਿ ਲਖ ਦਰੀਆਉ॥*
*ਭੈ ਵਿਚਿ ਅਗਨਿ ਕਢੈ ਵੇਗਾਰਿ॥*
*ਭੈ ਵਿਚਿ ਧਰਤੀ ਦਬੀ ਭਾਰਿ॥ ਅੰਗ - 464*

ਇਥੇ ਕਿੰਤੂ ਕਰਨ ਵਾਲੀ ਗੱਲ ਨਹੀਂ ਹੈ। ਸੁਖਮਨੀ ਸਾਹਿਬ ਪੜ੍ਹ ਲਿਆ। ਇਕ ਪਲਟਨ ਸੀ ਉਹ ਨਾਸਤਕ ਜਿਹੀ ਪਲਟਨ ਸੀ, ਦੋ ਤਿੰਨ ਵਾਰ ਸੁਨੇਹੇ ਆਉਣ ਤੇ ਵੀ ਦਰਿਆ 'ਚ ਨਾ ਵੜੀ, ਕਹਿੰਦੇ ਜਦੋਂ ਸੁਖਮਨੀ ਸਾਹਿਬ ਪੜ੍ਹ ਹਟੇਗਾ ਫੇਰ ਵੜਾਂਗੇ। ਬਾਬਾ ਜੀ ਨੇ ਝੰਡੀ ਖੜ੍ਹੀ ਕਰ ਦਿਤੀ ਕਿ ਆਖਰੀ ਅਸਟਪਦੀ ਰਹਿ ਗਈ। ਹਾਥੀ ਤੋਰ ਲਿਆ। ਓਸ ਵੇਲੇ ਫੌਜ ਸਾਰੀ ਬਰੇਤੀ ਤੇ ਚਲੀ ਗਈ, ਦਰਿਆ ਦੀਆਂ ਛੱਲਾਂ ਫੇਰ ਆ ਗਈਆਂ, ਦਰਿਆ ਭਰ ਗਿਆ। ਨਾਸਤਕ ਪਲਟਨ ਰੁੜ੍ਹ ਗਈ। ਮਹਾਰਾਜ ਕਹਿੰਦੇ ਐਡਾ ਇਤਿਹਾਸ -

(ਬਾਕੀ ਪੰਨਾ 52 ਤੇ)

# ਹਿਮਾਲੀਅਨ ਯੋਗੀ ਦਾ ਸੰਗ
# (Walking With Himalayan Master)

*ਡਾ. ਜਸਟਿਨ ਓਬਰਾਇਨ*

*ਅਨੁਵਾਦਕ ਡਾ. ਤੇਜਿੰਦਰ ਮਲਹੋਤਰਾ*

ਡਾ. ਸਵਾਮੀ ਰਾਮ ਜੀ

## ਸਿਹਤ ਤੇ ਆਹਾਰ

ਸਰੀਰਕ ਅਰੋਗਤਾ, ਅਧਿਆਤਮ ਅਭਿਆਸ ਦਾ ਆਧਾਰ ਹੈ। ਜਦੋਂ ਤੁਸੀਂ ਸਰੀਰ ਨੂੰ ਪੂਰੀ ਤਰ੍ਹਾਂ ਅਰੋਗ ਰਖਦੇ ਹੋ, ਸਰੀਰ ਦੀ ਪੂਰੀ ਪੂਰੀ ਦੇਖਭਾਲ ਕਰਦੇ ਹੋ, ਤਦ ਹੀ ਤੁਸੀਂ ਅੰਤਰ ਆਤਮਾ ਤਕ ਪਹੁੰਚ ਸਕਦੇ ਹੋ। ਸਰੀਰ ਠੀਕ ਨਾ ਹੋਵੇ ਤਾਂ ਮਨ ਖਿੰਡਿਆ ਰਹਿੰਦਾ ਹੈ। ਜਿਸ ਦਾ ਸਰੀਰ ਠੀਕ ਨਾ ਹੋਵੇ ਉਸ ਕੋਲ ਹੋਰ ਕੁਝ ਵੀ ਕਰਨ ਦੀ ਸ਼ਕਤੀ ਨਹੀਂ ਹੁੰਦੀ। ਪ੍ਰਮਾਤਮਾ ਹਰੇਕ ਜਗ੍ਹਾ ਤੇ ਹੈ, ਮੇਰੇ ਵਿਚ ਪ੍ਰਮਾਤਮਾ ਹੈ, ਮੇਰਾ ਸਰੀਰ ਪ੍ਰਮਾਤਮਾ ਦਾ ਮੰਦਰ ਹੈ, ਜਿਵੇਂ ਅਸੀਂ ਮੰਦਰ ਨੂੰ ਸਾਫ ਸੁਥਰਾ ਰਖਦੇ ਹਾਂ, ਇਸੇ ਤਰ੍ਹਾਂ ਮੈਂ ਆਪਣੇ ਸਰੀਰ ਨੂੰ ਸਾਫ ਸੁਥਰਾ, ਆਪਣੇ ਮਨ ਨੂੰ ਠੀਕ, ਸੁਆਸਾਂ ਨੂੰ ਠੀਕ ਤੇ ਪਵਿੱਤਰ ਰੱਖਣ ਦੀ ਕੋਸ਼ਿਸ਼ ਕਰਾਂਗਾ। ਸਰੀਰ ਇਕ ਸਾਧਨ ਹੈ ਇਸ ਦੀ ਦੇਖਭਾਲ ਜ਼ਰੂਰੀ ਹੈ। ਚੰਗਾ ਸੁਥਰਾ ਤੇ ਪੌਸ਼ਟਿਕ ਭੋਜਨ ਖਾਓ, ਠੀਕ ਤਰ੍ਹਾਂ ਨਿਸ਼ਚਿਤ ਸਮੇਂ ਸੌਵੋਂ, ਰੋਜ਼ ਵਿਆਮ ਕਰੋ।

ਖਾਣ ਦੀਆਂ ਆਦਤਾਂ ਤੁਹਾਡੀ ਸਾਧਨਾ ਵਿਚ ਬਹੁਤ ਹੀ ਅਹਿਮ ਸਥਾਨ ਰਖਦੀਆਂ ਹਨ। ਪੁਰਾਣੇ ਸਮਿਆਂ ਵਿਚ ਪੌਸ਼ਟਿਕ ਤੇ ਸੰਤੁਲਨ ਆਹਾਰ ਤੇ ਜ਼ੋਰ ਦਿਤਾ ਗਿਆ ਹੈ। ਉਨ੍ਹਾਂ ਦੀਆਂ ਪੁਸਤਕਾਂ ਵਿਚ ਆਹਾਰ ਨੂੰ ਦੋ ਹਿੱਸਿਆਂ ਵਿਚ ਵੰਡਿਆ ਗਿਆ ਹੈ - ਪੇਟ ਸਾਫ ਰੱਖਣ ਵਾਲੇ ਅਤੇ ਪੌਸ਼ਟਿਕ। ਫਲਾਂ ਦੀ ਵਿਸ਼ੇਸ਼ਤਾ ਪੇਟ ਸਾਫ ਰੱਖਣ ਦੀ ਹੈ ਜਦੋਂ ਕਿ ਸਬਜ਼ੀਆਂ, ਅਨਾਜ ਅਤੇ ਦੁੱਧ ਦਹੀਂ ਇਹ ਵਧੇਰੇ ਪੌਸ਼ਟਿਕ ਹਨ, ਸਾਨੂੰ ਦੋਨੋਂ ਤਰ੍ਹਾਂ ਦੇ ਭੋਜਨ ਆਪਣੇ ਆਹਾਰ ਵਿਚ ਰਖਣੇ ਚਾਹੀਦੇ ਹਨ। ਸਾਧਕ ਨੂੰ ਆਪਣੇ ਆਹਾਰ ਵਿਚ ਕੋਈ ਇਹੋ ਜਿਹਾ ਤਤ੍ਵ ਨਹੀਂ ਲੈਣਾ ਚਾਹੀਦਾ ਜਿਹੜਾ ਉਸ ਦੇ ਸਰੀਰ ਨੂੰ ਕਿਸੇ ਤਰ੍ਹਾਂ ਨਾਲ ਤੰਗ ਕਰੇ ਜਾਂ ਸਰੀਰ ਨੂੰ ਦੂਸ਼ਿਤ ਕਰੇ। ਨਾੜੀਆਂ ਨੂੰ ਖਰਾਬ ਨਾ ਕਰੋ; ਮਿੱਠਾ, ਲੂਣ ਤੇ ਥੰਦਿਆਈ ਘੱਟ ਖਾਣੀਆਂ ਚਾਹੀਦੀਆਂ ਹਨ। ਖਾਂਦੇ ਸਮੇਂ ਪੌਸ਼ਟਿਕਤਾ ਦੇਖੋ। ਉਹ ਖਾਣਾ ਸਿਖੋ ਜੋ ਤੁਸੀਂ ਆਪਣੇ ਆਪ ਲਈ ਠੀਕ ਸਮਝਦੇ ਹੋ। ਹੌਲੀ ਹੌਲੀ ਆਪਣੇ ਆਪ ਨੂੰ ਸਮਝੋ। ਇਕ ਵਾਰੀ ਜਦੋਂ ਤੁਸੀਂ ਖਾਣੇ ਬਾਰੇ ਸਮਝ ਲਵੋਗੇ, ਉਸ ਨੂੰ ਤਿਆਰ ਕਰਨ ਦੀ ਵਿਧੀ ਜਾਣ ਲਵੋਗੇ ਫੇਰ ਇਹ ਵੀ ਪਤਾ ਲਗ ਜਾਵੇਗਾ ਕਿ ਖਾਧਾ ਕਿਵੇਂ ਜਾਵੇ। ਸ਼ਾਂਤਮਈ ਵਾਤਾਵਰਣ ਖਾਣ ਲਈ ਬਹੁਤ ਹੀ ਲੋੜੀਂਦਾ ਹੈ। ਕਾਹਲ ਵਿਚ, ਅਸ਼ਾਂਤੀ ਵਿਚ ਖਾਧਾ ਖਾਣਾ, ਭੋਜਨ ਦੀ ਜ਼ਹਿਰ ਬਣਾ ਦਿੰਦਾ ਹੈ ਜਿਹੜਾ ਤੁਹਾਡੇ ਸਰੀਰ ਲਈ ਹਾਨੀਕਾਰਕ ਬਣ ਜਾਂਦਾ ਹੈ। ਸਾਰੀਆਂ ਪਰੰਪਰਾਵਾਂ ਵਿਚ ਖਾਣ ਤੋਂ ਪਹਿਲਾਂ ਅਰਦਾਸ ਕਰਨ ਦੀ ਮਰਿਆਦਾ ਹੈ। ਅਰਦਾਸ ਕਰਨ ਦੀ ਵਿਗਿਆਨਕ ਮਹੱਤਤਾ ਹੈ। ਸਾਡੇ ਸਰੀਰ ਦੇ ਅੰਦਰ ਬਣਦੇ ਜੂਸ ਤੇ ਮੂੰਹ ਦਾ ਸਲਾਈਵਾ ਇਹ ਦੋਨੋਂ ਹੀ ਭੋਜਨ ਪਚਾਉਣ ਲਈ ਆਵਸ਼ਕ ਹਨ। ਅਰਦਾਸ ਕਰਨ ਵਿਚ ਸਮਾਂ ਲਗਦਾ ਹੈ। ਉਸ ਸਮੇਂ ਵਿਚ ਤੁਹਾਡਾ ਸਲਾਈਵਾ ਸ਼ਾਂਤ ਹੁੰਦਾ ਹੈ ਤੇ ਤੁਹਾਡੇ ਪਾਚਕ ਜੂਸ ਸਰੀਰ ਅੰਦਰ ਪੈਦਾ ਹੁੰਦੇ ਹਨ, ਫੇਰ ਤੁਸੀਂ ਖਾਣਾ ਸ਼ੁਰੂ ਕਰਦੇ ਹੋ। ਜੇ ਜੂਸ ਪੂਰੀ ਮਾਤਰਾ ਵਿਚ ਨਾ ਹੋਣ, ਤੁਸੀਂ ਖਾਣਾ ਪਚਾ ਨਹੀਂ ਸਕਦੇ, ਉਸ ਨਾਲ ਫੇਰ ਔਖਾ ਹੋਵੇਗਾ।

**ਜੇ ਤੁਹਾਡੀ ਆਦਤ ਬਹੁਤਾ ਖਾਣ ਦੀ ਹੈ ਤਾਂ ਖੂਬ ਚਬਾਅ ਕੇ ਖਾਓ, ਚਬਾਓ, ਹੋਰ ਚੰਗੀ ਤਰ੍ਹਾਂ ਚਬਾਓ। ਇਸ ਤਰ੍ਹਾਂ ਕਰਨ ਨਾਲ ਤੁਸੀਂ ਬਹੁਤ ਖਾ ਹੀ ਨਹੀਂ ਸਕੋਗੇ। ਤੁਸੀਂ ਬਹੁਤਾ ਤਾਂ ਖਾਂਦੇ ਹੋ ਕਿਉਂਕਿ ਤੁਸੀਂ ਖਾਣ ਦਾ ਅਨੰਦ ਨਹੀਂ ਲੈਂਦੇ। ਤੁਸੀਂ ਸਿਰਫ ਪੇਟ ਭਰਦੇ ਹੋ ਤੇ ਪੇਟ ਵਧਦਾ ਜਾਂਦਾ ਹੈ। ਤੁਸੀਂ ਖਾਣ ਵਲ ਧਿਆਨ ਹੀ ਨਹੀਂ ਦਿੰਦੇ। ਤੁਸੀਂ ਵਧੇਰੇ ਖਾਂਦੇ ਹੋ ਕਿਉਂਕਿ ਤੁਹਾਡੀ ਖੁਰਾਕ ਪੂਰੀ ਨਹੀਂ, ਨਾ ਹੀ ਉਹ ਪੌਸ਼ਟਿਕ ਹੈ, ਉਸ ਵਿਚ ਵਿਟਾਮਿਨ ਨਹੀਂ, ਮਿਨਰਲ ਨਹੀਂ। ਕਿਸੇ ਨਾ ਕਿਸੇ ਚੀਜ਼ ਦੀ ਕਿਤੇ ਕਮੀ ਹੈ। ਜੇ ਤੁਹਾਡਾ ਆਹਾਰ ਸੰਤੁਲਿਤ ਹੋਵੇਗਾ ਫੇਰ ਤੁਸੀਂ ਵਧ ਨਹੀਂ ਖਾਓਗੇ। ਜਿੰਨਾ ਵੀ ਖਾਓ, ਖੁਸ਼ ਹੋ ਕੇ ਖਾਓ, ਖੂਬ ਚਬਾ ਕੇ ਚਿਥ ਕੇ ਖਾਓ। ਜਦੋਂ ਤੁਸੀਂ ਖਾਂਦੇ ਹੋ, ਤੁਸੀਂ ਨਿਘਲਦੇ ਹੋ, ਚਿਥਦੇ ਨਹੀਂ। ਜੇ ਤੁਸੀਂ ਹਰੇਕ ਗਰਾਈ ਨੂੰ ਪੈਂਤੀ ਵਾਰੀ ਚਿਥੋਗੇ, ਤੁਸੀਂ ਖਾਂਦੇ ਖਾਂਦੇ ਹੀ ਸਭ ਹਜ਼ਮ ਕਰ ਲਵੋਗੇ। ਇਸ ਤਰ੍ਹਾਂ ਖਾਣ ਨੂੰ ਹੀ ਖਾਣ ਕਿਹਾ ਜਾਂਦਾ ਹੈ। ਜੋ ਕੁਝ ਵੀ ਖਾਣ ਵਿਚ ਹੋਵੇ, ਇਹ ਕਹਿ ਕੇ ਖਾਓ, ਇਹ ਮੰਨ ਕੇ ਖਾਓ ਕਿ ਤੁਹਾਨੂੰ ਇਹ ਬਹੁਤ ਚੰਗਾ ਲਗ ਰਿਹਾ ਹੈ।**

**ਦੁਪਹਿਰ ਦੇ ਪ੍ਰਸ਼ਾਦੇ ਤੋਂ ਬਾਅਦ ਦਸ ਪੰਦਰਾਂ ਮਿੰਟ ਆਰਾਮ ਕਰਨਾ ਬਹੁਤ ਹੀ ਜ਼ਰੂਰੀ ਹੈ। ਇਹ ਤੁਹਾਡੀ ਪਾਚਨ ਸਕਤੀ ਲਈ ਬਹੁਤ ਅੱਛਾ ਹੈ। ਪੰਜ ਮਿੰਟ ਵੀ ਠੀਕ ਹਨ। ਖਾ ਕੇ ਖੱਬੇ ਪਾਸੇ ਵਲ ਪੰਜ ਮਿੰਟ ਲਈ ਲੇਟੋ ਤੇ ਆਰਾਮ ਕਰੋ। ਇਸ ਤਰ੍ਹਾਂ ਲੰਮੇ ਪੈਣ ਨਾਲ ਸੱਜੀ ਨਾਸਿਕਾ ਖੁਲ੍ਹ ਜਾਂਦੀ ਹੈ। ਇਹ ਪਾਚਨ ਸ਼ਕਤੀ ਨੂੰ ਤੇਜ਼ ਕਰਦੀ ਹੈ। ਖਾ ਕੇ ਇਕ ਦਮ ਸੌਣਾ ਕਾਫੀ ਹਾਨੀਕਾਰਕ ਹੈ, ਇਸ ਨਾਲ ਬੜੀਆਂ ਬਿਮਾਰੀਆਂ ਲਗਦੀਆਂ ਹਨ। ਸ਼ਾਮ ਦੀ ਰੋਟੀ ਬੜੀ ਹੀ ਹਲਕੀ ਹੋਣੀ ਚਾਹੀਦੀ ਹੈ ਤੇ ਸੌਣ ਤੋਂ ਚਾਰ ਘੰਟੇ ਪਹਿਲਾਂ ਖਾ ਲੈਣੀ ਚਾਹੀਦੀ ਹੈ।**

***(ਲੜੀ ਜੋੜਨ ਲਈ ਦੇਖੋ, ਮਾਰਚ ਅੰਕ, ਪੰਨਾ-53)***

ਇਕ ਦਿਨ ਦੁਪਹਿਰ ਨੂੰ ਸਵਾਮੀ ਜੀ ਨੇ ਥਰੀਸਾ ਨੂੰ ਤੇ ਮੈਨੂੰ ਰੋਟੀ ਲਈ ਬੁਲਾਇਆ। ਇਕ ਬੜੀ ਹੀ ਅਨੋਖੀ ਜਿਹੀ ਸਾਡੇ ਅੱਗੇ ਬੇਨਤੀ ਕੀਤੀ। ਸਵਾਮੀ ਜੀ ਬਹੁਤ ਸਮਾਂ ਹਿਮਾਲਿਆ ਦੇ ਇਕ ਹਿੱਸੇ ਨੇਪਾਲ ਵਿਚ ਬਿਤਾ ਰਹੇ ਸੀ ਤੇ ਉਥੇ ਦਾ ਸ਼ਾਹੀ ਖਾਨਦਾਨ ਉਨ੍ਹਾਂ ਨੂੰ ਘਰ ਬੁਲਾਉਂਦਾ ਸੀ, ਆਦਰ ਭਾਓ ਕਰਦਾ ਸੀ। ਪਹਿਲਾ ਰਾਜਾ ਸਵਾਮੀ ਜੀ ਦਾ ਸ਼ਿਸ਼ ਸੀ, ਹੁਣ ਜਦੋਂ ਉਸ ਦਾ ਪੁੱਤਰ ਗੱਦੀ ਤੇ ਬੈਠਾ ਸਵਾਮੀ ਜੀ ਦਾ ਸਤਿਕਾਰ ਉਸੇ ਤਰ੍ਹਾਂ ਰਿਹਾ। ਇਸ ਤਰ੍ਹਾਂ ਹੀ ਰਾਜ ਘਰਾਣੇ ਦੀਆਂ ਗੱਲਾਬਾਤਾਂ ਚਲਦੀਆਂ ਰਹੀਆਂ। ਉਥੇ ਦੇ ਭਵਿੱਖ ਦੀਆਂ ਗੱਲਾਂ ਵੀ ਹੁੰਦੀਆਂ ਰਹੀਆਂ। ਸਵਾਮੀ ਜੀ ਰਾਜੇ ਦੀ ਛੋਟੀ ਭੈਣ ਦੀਆਂ ਗੱਲਾਂ ਕਰਨ ਲਗ ਪਏ, ਉਹ ਕੁਮਾਰੀ ਸ਼ੋਭਾ ਸੀ, ਉਸ ਦਾ ਵਿਆਹ ਹੋਇਆਂ ਕੁਛ ਦੇਰ ਹੋ ਗਈ ਸੀ ਪਰ ਉਸ ਦੇ ਕੋਈ ਬੱਚਾ ਨਹੀਂ ਸੀ ਹੋਇਆ, ਉਸ ਦੇ ਪਤੀ ਨੂੰ ਬੱਚਿਆਂ ਦਾ ਬੜਾ ਸ਼ੌਂਕ ਸੀ। ਆਪਣੇ ਦੇਸ਼ ਵਿਚ ਤੇ ਭਾਰਤ ਵਿਚ ਉਹ ਬਹੁਤ ਇਲਾਜ ਕਰਾ ਚੁੱਕੇ ਸੀ, ਪੱਛਮ ਵਿਚ ਵੀ ਉਨ੍ਹਾਂ ਦਾ ਇਲਾਜ ਹੋ ਚੁੱਕਾ ਸੀ। ਸਵਾਮੀ ਜੀ ਨੇ ਹੌਲੀ ਜਿਹੀ ਕਹਿ ਹੀ ਦਿਤਾ ਸੀ ਕਿ ਉਸ ਦੇ ਬੱਚੇ ਹੋਣਗੇ। ਇਹ ਗੱਲ ਉਨ੍ਹਾਂ ਨੇ ਉਸ ਦੇ ਘਰ ਵਾਲਿਆਂ ਨੂੰ ਲਿਖ ਕੇ ਦਿਤੀ ਸੀ। ਸਵਾਮੀ ਜੀ ਨੇ ਇਕ ਕਾਗਜ਼ ਤੇ ਲਿਖਿਆ ਤੇ ਰਾਜੇ ਨੂੰ ਕਿਹਾ ਕਿ ਉਹ ਆਪਣੇ ਕੋਲ ਸਾਂਭ ਕੇ ਰੱਖ ਲਵੇ। ਸਮਾਂ ਆਉਣ ਤੇ ਕੱਢ ਕੇ ਪੜ੍ਹੇ। ਸਵਾਮੀ ਜੀ ਨੇ ਕਿਹਾ ਕਿ ਸ਼ੋਭਾ ਅਮਰੀਕਾ ਆ ਜਾਏ ਤੇ ਨਿਊਯਾਰਕ ਦੇ ਡਾਕਟਰ ਉਸ ਦਾ ਇਲਾਜ ਕਰਨਗੇ। ਇਸ ਗੱਲ ਲਈ ਸਵਾਮੀ ਜੀ ਕਾਫੀ ਸਮਾਂ ਲੱਗੇ ਉਨ੍ਹਾਂ ਨੂੰ ਮਨਾਉਣ ਲਈ ਪਰ ਬੜੇ ਹੀ ਓਪਰੇ ਜਿਹੇ ਮਨ ਨਾਲ ਰਾਜੇ ਨੇ ਆਗਿਆ ਦੇ ਦਿਤੀ। ਕੁਮਾਰੀ ਸ਼ੋਭਾ ਲਕਸ਼ਮੀ ਦੇਵੀ ਸ਼ਾਹੀ ਅਮਰੀਕਾ ਜਾਣ ਲਈ ਤਿਆਰ ਹੋ ਗਏ।

ਸਾਨੂੰ ਇਹ ਕਹਾਣੀ ਬੜੀ ਹੀ ਰੌਚਕ ਲੱਗੀ। ਅਸੀਂ ਸਵਾਮੀ ਜੀ ਨੂੰ ਪੁਛਿਆ, "ਸਵਾਮੀ ਜੀ ਸੱਚੀਮੁਚੀ ਬੱਚੇ ਹੋਣਗੇ? ਜ਼ਰੂਰ, ਸਵਾਮੀ ਜੀ ਕਹਿਣ ਲੱਗੇ, ਕੀ ਤੁਸੀਂ ਦੋਨੋਂ ਮੇਰੀ ਸਹਾਇਤਾ ਕਰੋਗੇ? ਕਿਉਂਕਿ ਰਾਜਕੁਮਾਰੀ ਇਕੱਲੇ ਰਹਿਣ ਤੋਂ ਡਰਦੀ ਹੈ।

ਜ਼ਰੂਰ, ਸਵਾਮੀ ਜੀ ਜੋ ਤੁਸੀਂ ਕਹੋਗੇ ਅਸੀਂ ਕਰਾਂਗੇ, ਸਾਨੂੰ ਵੀ ਨੇਪਾਲ ਦੀ ਰਾਜ ਕੁਮਾਰੀ ਨੂੰ ਮਿਲਣ ਦੀ ਬੜੀ ਉਤਸੁਕਤਾ ਹੋ ਰਹੀ ਸੀ।

ਕੁਝ ਮਹੀਨੇ ਬਾਅਦ ਨੈਪਾਲ ਦਾ ਪੂਰਾ ਜੱਥਾ ਅਮਰੀਕਾ ਆਇਆ ਤੇ ਉਹ ਨਿਊਯਾਰਕ ਤੋਂ ਹੌਨਸਡੇਲ ਸੰਸਥਾ ਵਿਚ ਪਹੁੰਚੇ। ਰਾਜਕੁਮਾਰੀ ਤੇ ਉਸ ਦਾ ਪਤੀ ਸਵਾਮੀ ਜੀ ਕੋਲ ਆਏ। ਸਵਾਮੀ ਜੀ ਨੇ ਮੇਰਾ ਤੇ ਥਰੀਸਾ ਦਾ ਪਰੀਚਾ ਉਨ੍ਹਾਂ ਨਾਲ ਕਰਾਇਆ, ਸਾਨੂੰ ਥੋੜ੍ਹੇ ਦਿਨ ਲੱਗੇ ਉਨ੍ਹਾਂ ਨੂੰ ਜਾਨਣ ਵਿਚ ਤੇ ਆਪਣਾ ਨਵਾਂ ਕੰਮ ਸੰਭਾਲਨ ਵਿਚ। ਉਹ ਜੋੜੀ ਬੜੀ ਹਸਮੁਖ ਸੀ ਤੇ ਅਮਰੀਕਾ ਜਾਨਣ ਲਈ ਬੜੇ ਉਤਸੁਕ ਸੀ। ਜੋ ਕੁਝ ਵੀ ਉਨ੍ਹਾਂ ਨੂੰ ਦੱਸੋ ਉਹ ਤੁਰੰਤ ਸਿੱਖਣ ਲਈ ਤਿਆਰ ਰਹਿੰਦੇ। ਸਵਾਮੀ ਜੀ ਨੇ ਸ਼ੋਭਾ ਦੇ ਇਲਾਜ ਲਈ ਨਿਊਯਾਰਕ ਦੇ ਸਭ ਤੋਂ ਵੱਡੇ ਡਾਕਟਰ ਦਾ ਪ੍ਰਬੰਧ ਕੀਤਾ। ਇਸ ਗੱਲ ਦਾ ਸ਼ੋਭਾ ਨੂੰ ਪੂਰਾ ਪੂਰਾ ਭਰੋਸਾ ਦਿਵਾਇਆ ਕਿ ਜੋ ਵੀ ਉਨ੍ਹਾਂ ਨੂੰ ਚਾਹੀਦਾ ਹੋਏਗਾ, ਜੋ ਵੀ ਉਨ੍ਹਾਂ ਨੂੰ

ਸਹਾਇਤਾ ਦੀ ਲੋੜ ਹੋਵੇਗੀ, ਅਸੀਂ ਪੂਰੀ ਕਰਾਂਗੇ। ਇਸ ਪਿਛੋਂ ਜੋੜੀ ਨਿਊਯਾਰਕ ਦੇ ਇਕ ਘਰ ਵਿਚ ਚਲੇ ਗਏ ਜਿਥੇ ਰਾਜੇ ਨੇ ਪ੍ਰਬੰਧ ਕੀਤਾ ਹੋਇਆ ਸੀ।

ਸੋ ਇਸ ਤਰ੍ਹਾਂ ਨਾਲ ਸਾਡੀ ਦੋ ਸਾਲ ਦੀ ਸੇਵਾ ਸ਼ੁਰੂ ਹੋਈ। ਅਸੀਂ ਹਰ ਦਸ ਦਿਨ ਬਾਅਦ ਇਕ ਸੌ ਤੀਹ ਮੀਲ ਗੱਡੀ ਚਲਾ ਕੇ ਜਾਂਦੇ ਤੇ ਰਾਜਕੁਮਾਰੀ ਸ਼ੋਭਾ ਨੂੰ ਡਾਕਟਰ ਕੋਲ ਲੈ ਕੇ ਜਾਂਦੇ। ਪਰ ਉਸ ਜੋੜੀ ਨਾਲ ਸਾਡਾ ਸਮਾਂ ਬਹੁਤ ਹੀ ਸੋਹਣਾ ਬੀਤਦਾ, ਅਸੀਂ ਇਕੱਠੇ ਚਾਹ ਪੀਂਦੇ, ਕਦੀ ਚੰਗੀਆਂ ਪਿਕਚਰਾਂ ਦੇਖਦੇ, ਤਾਸ਼ ਖੇਡਦੇ ਤੇ ਜਗਤ ਪ੍ਰਸਿੱਧ ਗ੍ਰੰਥਾਂ ਰੈਜਮੈਂਟ ਦੀਆਂ ਗੱਲਾਂ ਸੁਣਦੇ, ਰਾਜ ਕੁਮਾਰੀ ਨੇ ਮਹੀਨਿਆਂ ਬੱਧੀ ਇਲਾਜ ਕਰਾਇਆ ਤੇ ਨਿਰਾਸ਼ ਹੁੰਦੀ ਰਹੀ। ਇਲਾਜ ਕਾਫੀ ਦੁਖਦਾਈ ਸੀ ਉਸ ਦੇ ਉਪਰ ਨਿਰਾਸ਼ਤਾ। ਆਖਰਕਾਰ ਉਹ ਦਿਨ ਆ ਹੀ ਗਿਆ, ਜਿਸ ਦੀ ਸਾਨੂੰ ਸਭ ਨੂੰ ਉਡੀਕ ਸੀ। ਰਾਜਕੁਮਾਰੀ ਗਰਭਵਤੀ ਹੋ ਹੀ ਗਈ। ਉਸ ਦੇ ਪਤੀ ਤਾਂ ਆਪਣੇ ਕੰਮ ਨੇਪਾਲ ਜਾਂਦੇ ਰਹੇ ਪਰ ਉਹ ਥਰੀਸਾ ਨੂੰ ਕਹਿਣ ਲੱਗੀ ਕਿ ਉਹ ਉਸ ਕੋਲ ਇਥੇ ਹੀ ਆ ਜਾਵੇ ਤੇ ਜਦੋਂ ਤਕ ਬੱਚੇ ਦਾ ਜਨਮ ਨਹੀਂ ਹੁੰਦਾ ਉਥੇ ਹੀ ਰਹੇ। ਸਵਾਮੀ ਜੀ ਟੈਲੀਫੋਨ ਕਰਦੇ ਰਹਿੰਦੇ, ਲਿਖਦੇ ਵੀ ਰਹਿੰਦੇ, ਹਰ ਤਰ੍ਹਾਂ ਨਾਲ ਭਰੋਸਾ ਦਿਵਾਉਂਦੇ ਰਹਿੰਦੇ, ਸ਼ੋਭਾ ਦੀ ਸਿਹਤ ਦਾ ਧਿਆਨ ਰੱਖਣ ਲਈ ਕਹਿੰਦੇ। ਥਰੀਸਾ ਸਭ ਦੀ ਦੇਖਭਾਲ ਕਰਦੀ ਰਹਿੰਦੀ। ਸ਼ੋਭਾ ਤੇ ਥਰੀਸਾ ਇਕੱਠੀਆਂ ਸੈਰ ਕਰਨ ਜਾਂਦੀਆਂ, ਬਜ਼ਾਰ ਜਾਂਦੀਆਂ ਟੀਵੀ ਦੇਖਦੀਆਂ।

ਇਕ ਹਫਤੇ ਜਦੋਂ ਮੈਂ ਨਿਊਯਾਰਕ ਸੀ ਮੈਨੂੰ ਰਾਜਦੂਤ ਨੇ ਬੁਲਾਇਆ। ਨੇਪਾਲ ਦੇ ਜਥੇ ਨਾਲ ਬਿਠਾਇਆ। ਉਦੋਂ ਯੂਨਾਈਟਿਡ ਨੇਸ਼ਨ ਦੀ ਬੈਠਕ ਚਲ ਰਹੀ ਸੀ। ਇਕ ਬੜਾ ਹੀ ਅਨੋਖੀ ਤਰ੍ਹਾਂ ਦਾ ਅਨੁਭਵ ਸੀ, ਰਾਜਸੀ ਜੀਵਨ ਦੀ ਝਲਕ। ਫੇਰ ਇਕ ਵਾਰੀ ਅਸੀਂ ਸਾਰੇ ਅਮਬੈਸੇਡਰ ਦੇ ਘਰ ਗਏ, ਰਾਤ ਦਾ ਖਾਣਾ ਖਾਧਾ ਤੇ ਉਸ ਤੋਂ ਬਾਅਦ ਗਪਸ਼ਪ ਹੁੰਦੀ ਰਹੀ।

ਅਪ੍ਰੈਲ 18 ਨੂੰ ਥਰੀਸਾ ਦਾ ਜਨਮ ਦਿਨ ਸੀ। ਉਸ ਤੋਂ ਇਕ ਦਿਨ ਪਹਿਲਾਂ ਰਾਜਕੁਮਾਰੀ ਨੇ ਜੋੜਿਆਂ ਨੂੰ ਜਨਮ ਦਿਤਾ। ਬੱਚੀ ਦਾ ਨਾਮ ਮਨੂਜਾ ਰੱਖਿਆ। (ਦੇਵੀ ਦੀ ਪੁਤਰੀ) ਤੇ ਬੱਚੇ ਦਾ ਨਾਮ ਹਿਮਾਵਨ (ਹਿਮਾਲੀਆ ਦਾ ਪੁੱਤਰ) ਰੱਖਿਆ, ਬਹੁਤ ਹੀ ਸੋਹਣੇ ਬੱਚੇ ਸੀ। ਮੋਟੀਆਂ-ਮੋਟੀਆਂ ਅੱਖਾਂ ਤੇ ਕਾਲੇ ਘਨੇ ਬਾਲ। ਮੋਹਨ ਰਾਜਕੁਮਾਰੀ ਦੇ ਪਤੀ ਨੇ ਉਸੇ ਸਮੇਂ ਸਵਾਮੀ ਜੀ ਨੂੰ ਦੱਸਿਆ ਤੇ ਨੇਪਾਲ ਵਿਚ ਪਰਿਵਾਰ ਨੂੰ ਦੱਸਿਆ। ਸਵਾਮੀ ਜੀ ਨੇ ਰਾਜੇ ਨੂੰ ਸਨੇਹਾ ਦਿਤਾ ਕਿ ਉਹ ਕਾਗਜ਼ ਕੱਢ ਕੇ ਪੜ੍ਹੇ ਜਿਹੜਾ ਸਵਾਮੀ ਜੀ ਨੇ ਦੋ ਸਾਲ ਪਹਿਲਾਂ ਲਿਖਿਆ ਸੀ। ਰਾਜੇ ਨੇ ਖੋਲ੍ਹਿਆ ਤੇ ਉਸ ਤੇ ਲਿਖਿਆ ਸੀ - ਸ਼ੋਭਾ ਦੇ ਜੋੜਾ ਪੈਦਾ ਹੋਣੈ ਇਕ ਪੁੱਤਰੀ ਇਕ ਪੁੱਤਰ।

ਰਾਜ ਘਰਾਣੇ ਦੇ ਸਾਰੇ ਸੱਜਣ ਅਮਰੀਕਾ ਤੁਰ ਪਏ, ਬੱਚੇ ਦੇਖਣ ਦਾ ਚਾਅ ਸਭ ਨੂੰ ਸੀ। ਥਰੀਸਾ ਨੇ ਇਕ, ਇਕ ਕਰਕੇ ਦੋਨੋਂ ਦਿਖਾਏ ਤੇ ਰਾਣੀ ਦੀ ਗੋਦੀ ਵਿਚ ਦਿਤੇ। ਅਸੀਂ ਬੱਚਿਆਂ ਦੇ ਧਰਮ ਦੇ ਮਾਤਾ ਪਿਤਾ ਬਣੇ।

ਕੁਝ ਮਹੀਨੇ ਬਾਅਦ ਅਸੀਂ ਨੇਪਾਲ ਦੇ ਰਾਜਦੂਤ ਦੇ ਮਹਿਮਾਨ ਸੀ। ਯੂਨਾਟਿਡ ਨੈਸ਼ਨ ਦੀ ਬੈਠਕ ਹੋ ਰਹੀ ਸੀ। ਪਾਰਟੀ ਨੈਪਾਲ ਦੇ ਰਾਜੇ ਨੇ ਲਈ ਸੀ। ਅਸੀਂ ਹਾਲ ਵਿਚ ਵੜੇ ਅਮਬੈਸਡਰ ਖੜ੍ਹਾ ਹੋਇਆ ਸੀ। ਸਾਰਿਆਂ ਨੇ ਸੋਹਣੇ ਕਪੜੇ ਪਾਏ ਹੋਏ ਸੀ। ਉਸ ਨੇ ਸਾਰਿਆਂ ਨੂੰ 'ਜੀ ਆਇਆ' ਕਿਹਾ। ਮੈਨੂੰ ਖਾਸ ਕਰਕੇ 'ਜੀ ਆਇਆ' ਕਿਹਾ।

ਨਿਊਯਾਰਕ ਆਣਾ ਜਾਣਾ, ਸੰਸਥਾ ਦਾ ਕੰਮ ਕਰਨਾ, ਬੱਚਿਆਂ ਨੂੰ ਖਿਡਾਉਣਾ ਇਹ ਸਭ ਕੁਝ ਕਰਦਿਆਂ, ਥਰੀਸਾ ਥੱਕੀ-ਥੱਕੀ ਰਹਿਣ ਲਗ ਪਈ। ਸਵਾਮੀ ਜੀ ਨੇ ਥਰੀਸਾ ਨੂੰ ਕਿਹਾ ਉਹ ਆਪਣੀ ਡਾਕਟਰੀ ਚੈਕਅਪ ਕਰਾਵੇ। ਉਹ ਡਾਕਟਰ ਕੋਲ ਗਈ, ਕਾਫੀ ਸਾਰੇ ਟੈਸਟ ਉਸ ਨੇ ਕੀਤੇ ਤੇ ਕੁਝ ਹੋਰ ਕਰਾਉਣ ਨੂੰ ਕਿਹਾ। ਕਾਫੀ ਸਾਰੇ ਐਕਸਰੇ ਕਰਵਾਏ ਸਭ ਕੁਝ ਕਰਾਉਣ ਤੋਂ ਬਾਅਦ ਡਾਕਟਰਾਂ ਨੇ ਦੱਸਿਆ, ਥਰੀਸਾ ਦੀ ਛਾਤੀ ਵਿਚ ਕੈਂਸਰ ਹੈ।

ਮੈਨੂੰ ਜਦੋਂ ਪਤਾ ਲੱਗਾ ਮੈਂ ਸੁੰਨ ਹੋ ਗਿਆ। ਮੈਂ ਇਸ ਖਬਰ ਵਾਸਤੇ ਤਾਂ ਬਿਲਕੁਲ ਵੀ ਤਿਆਰ ਨਹੀਂ ਸੀ। ਮੈਨੂੰ ਸਮਝ ਨਹੀਂ ਸੀ ਆ ਰਹੀ ਕਿ ਮੈਂ ਆਪਣੀ ਪਤਨੀ ਦੀ ਕਿਵੇਂ ਤੇ ਕੀ ਸਹਾਇਤਾ ਕਰਾਂ। ਮੈਨੂੰ ਮਹਿਸੂਸ ਹੋਇਆ ਕਿ ਮੇਰੇ ਕੋਲ ਤਾਂ ਇਲਾਜ ਵਾਸਤੇ ਪੈਸੇ ਵੀ ਨਹੀਂ ਹਨ। ਗੁਰੂ ਜੀ ਨੇ ਸਾਨੂੰ ਦੋਨਾਂ ਨੂੰ ਦਫ਼ਤਰ ਬੁਲਾਇਆ। ਉਨ੍ਹਾਂ ਨੇ ਥਰੀਸਾ ਨੂੰ ਇਕ ਖਾਸ ਮੰਤਰ ਦਿਤਾ ਜਿਹੜਾ ਕਿ ਵਿਸ਼ੇਸ਼ ਤੌਰ ਤੇ ਠੀਕ ਕਰਨ ਲਈ ਸੀ। ਉਨ੍ਹਾਂ ਨੇ 'ਮਹਾਂ ਮਰਤਿੰਨਜੇ' ਦਾ ਮੰਤਰ ਦਿਤਾ ਤੇ ਨਾਲ ਹੀ ਸਾਨੂੰ ਕਿਹਾ ਕਿ ਅਸੀਂ ਉਨ੍ਹਾਂ ਦੇ ਇਕ ਦੋਸਤ ਕੋਲ ਜੋ ਕਿ ਇਕ ਬਹੁਤ ਅੱਛਾ ਹੋਮਿਓਪੈਥ ਹੈ, ਉਸ ਕੋਲ ਚਲੇ ਜਾਇਓ। ਉਹ ਹੁਣ ਮਿਡ ਵੈਸਟ ਵਿਚ ਰਹਿੰਦਾ ਸੀ। ਸਵਾਮੀ ਜੀ ਚਾਹੁੰਦੇ ਸੀ ਅਸੀਂ ਸੰਸਥਾ ਤੋਂ ਥੋੜ੍ਹੀ ਦੇਰ ਬਾਹਰ ਰਹੀਏ ਤੇ ਨਾਲ ਹੀ ਇਹ ਚਾਹੁੰਦੇ ਸੀ ਕਿ ਕੋਈ ਸੰਸਥਾ ਦੇ ਬਾਹਰੋਂ ਹੀ ਸਾਡੀ ਸਹਾਇਤਾ ਕਰੇ ਤੇ ਨਾਲ ਹੀ ਸਵਾਮੀ ਜੀ ਇਹ ਚਾਹੁੰਦੇ ਸੀ ਕਿ ਥਰੀਸਾ ਨੂੰ ਆਰਾਮ ਮਿਲਣਾ ਚਾਹੀਦਾ ਹੈ।

ਤੁਸੀਂ ਹੁਣੇ ਹੀ ਇਕ ਦਮ ਚਲੇ ਜਾਓ ਕਿਸੇ ਨੂੰ ਦਸਣਾ ਨਹੀਂ ਕਿ ਤੁਸੀਂ ਜਾ ਰਹੇ ਹੋ ਤੇ ਤੁਸੀਂ ਜਿੰਨਾ ਸਮਾਂ ਚਾਹੋ ਲਗਾ ਕੇ ਆਓ, ਸਵਾਮੀ ਜੀ ਨੇ ਖਾਸ ਤੌਰ ਤੇ ਕਿਹਾ।

ਕੁਝ ਘੰਟਿਆਂ ਬਾਅਦ ਅਸੀਂ ਚਲੇ ਗਏ। ਅਸੀਂ ਏਸ ਗੱਲ ਦਾ ਧਿਆਨ ਰੱਖਿਆ ਕਿ ਸਾਡੇ ਗੋਚਰੇ ਕੋਈ ਕੰਮ ਨਾ ਹੋਵੇ, ਅਸੀਂ ਸਿੱਧੇ ਮਿਡਵੈਸਟ ਤੁਰ ਪਏ। ਅਸੀਂ ਆਪਣੇ ਮਿਤਰ ਨੂੰ ਕਿਹਾ ਕਿ ਅਸੀਂ ਡਾਕਟਰ ਨੂੰ ਦਿਖਾਉਣ ਲਈ ਆ ਰਹੇ ਹਾਂ। ਡਾਕਟਰ ਨੇ ਸਾਨੂੰ ਬਹੁਤ ਹੀ ਪਿਆਰ ਤੇ ਨਿੱਘ ਨਾਲ ਜੀ ਆਇਆਂ ਕਿਹਾ। ਸਾਰੇ ਪਰਿਵਾਰ ਨੇ ਬਹੁਤ ਹੀ ਪਿਆਰ ਕੀਤਾ ਪਰ ਉਹ ਥੋੜ੍ਹੇ ਘਬਰਾਏ ਲਗ ਰਹੇ ਸੀ। ਉਹ ਮੈਨੂੰ ਇਕ ਪਾਸੇ ਲੈ ਜਾ ਕੇ ਕਹਿਣ ਲੱਗੇ, ਤੂੰ ਕਹਿ ਰਿਹਾ ਹੈਂ ਕਿ ਮੈਂ ਥਰੀਸਾ ਦੀ ਸਹਾਇਤਾ ਕਰਨੀ ਹੈ ਪਰ ਮੈਂ ਕੀ ਕਰਨਾ ਹੈ, ਮੈਨੂੰ ਨਹੀਂ ਪਤਾ?

ਮੈਂ ਵੀ ਬੜਾ ਹੈਰਾਨ ਹੋ ਗਿਆ, ਮੈਂ ਸੋਚਿਆ ਸੀ ਡਾਕਟਰ ਸਭ ਕੁਝ ਜਾਣਦਾ ਹੋਵੇਗਾ। ਜਦੋਂ ਹੀ ਮੈਂ ਡਾਕਟਰ ਨੂੰ ਦੱਸਣ ਲੱਗਾ ਟੈਲੀਫੋਨ ਵੱਜਿਆ। ਸਵਾਮੀ ਜੀ ਦਾ ਫੋਨ ਸੀ। ਸਵਾਮੀ ਜੀ ਡਾਕਟਰ ਨੂੰ ਦੱਸ ਰਹੇ ਸੀ ਕਿ ਥਰੀਸਾ ਨੂੰ ਕੀ ਦਵਾਈ ਦੇਣੀ ਹੈ, ਕਿਵੇਂ ਦੇਣੀ ਹੈ ਤੇ ਕੀ ਪੋਟੈਨਸੀ ਦੇਣੀ ਹੈ (ਹੋਮਿਓਪੈਥਕ ਦਵਾਈ ਦੀ ਪੋਟੈਨਸੀ ਹੁੰਦੀ ਹੈ ਜਿਵਏਂ 30, 200, 1000) ਸਵਾਮੀ ਜੀ ਨੇ ਇਹ ਸਭ ਕੁਝ ਡਾਕਟਰ ਨੂੰ ਦੱਸਿਆ। ਅਸੀਂ ਦਵਾਈਆਂ ਲਈਆਂ, ਰੱਖੀਆਂ ਤੇ ਦੋਸਤਾਂ ਨੂੰ ਮਿਲਣ ਤੁਰ ਪਏ। ਕੋਈ ਦਸ ਦਿਨ ਅਸੀਂ ਤੁਰਦੇ ਫਿਰਦੇ ਰਹੇ।

ਜਦੋਂ ਅਸੀਂ ਵਾਪਸ ਆਏ ਸਾਨੂੰ ਪਤਾ ਲੱਗਾ ਸਵਾਮੀ ਜੀ ਜਾ ਚੁੱਕੇ ਸੀ। ਸਾਡੇ ਬੂਹੇ ਦੇ ਥੱਲੇ ਇਕ ਲਿਫਾਫਾ ਪਿਆ ਸੀ। ਇਸ ਚਿੱਠੀ ਵਿਚ ਲਿਖਿਆ ਸੀ ਅਸੀਂ ਸੰਸਥਾ ਨੂੰ 24 ਘੰਟੇ ਦੇ ਅੰਦਰ ਅੰਦਰ ਛੱਡ ਦੇਣਾ ਹੈ। ਕਮਰਾ ਖਾਲੀ ਕਰ ਦੇਣਾ ਹੈ। ਸਾਨੂੰ ਦੱਸਿਆ ਗਿਆ ਕਿ ਅਸੀਂ ਕਮੇਟੀ ਦੀ ਆਗਿਆ ਲੈ ਕੇ ਨਹੀਂ ਗਏ ਸੀ। ਇਸ ਕਰਕੇ ਸਾਨੂੰ ਜਾਣਾ ਹੀ ਪਵੇਗਾ। ਇਹ ਨੋਟਿਸ ਨਵੇਂ ਡਾਇਰੈਕਟਰ ਨੇ ਲਿਖ ਕੇ ਦਿਤਾ ਸੀ।

ਥਰੀਸਾ ਇਕ ਦਮ ਡਰ ਗਈ। ਮੈਂ ਤਾਂ ਗੁੱਸੇ ਨਾਲ ਲਾਲ ਹੋ ਗਿਆ। ਮੈਂ ਸਵਾਮੀ ਜੀ ਦੀ ਸਾਰੀ ਸਿਖਿਆ ਭੁੱਲ ਗਿਆ। ਮੈਨੂੰ ਸਾਰੀ ਰਾਤ ਨੀਂਦ ਨਹੀਂ ਆਈ। ਬੜੀ ਔਖੀ ਮੈਂ ਰਾਤ ਕੱਟੀ। ਸਵੇਰੇ ਹੁੰਦੇ ਹੀ ਮੈਂ ਉਹ ਚਿੱਠੀ ਲੈ ਕੇ ਡਾਇਰੈਕਟਰ ਕੋਲ ਗਿਆ ਜਿਹੜੀ ਸਵਾਮੀ ਜੀ ਨੇ ਸਾਨੂੰ 1977 ਵਿਚ ਦਿਤੀ ਸੀ। ਉਨ੍ਹਾਂ ਨੇ ਲਿਖਿਆ ਸੀ ਥਰੀਸਾ ਤੇ ਮੈਂ ਪੇਨਸਲਵੇਨੀਆ ਜਾ ਕੇ ਸੰਸਥਾ ਸਥਾਪਤ ਕਰੀਏ। ਸਾਡੇ ਤੇ ਕਦੀ ਵੀ ਕੋਈ ਵੀ ਰਹਿਣ ਤੇ ਰੂਲ ਲਾਗੂ ਨਹੀਂ ਕੀਤੇ ਜਾਣਗੇ ਤੇ ਅਸੀਂ ਹਰ ਗੱਲ ਵਿਚ ਕੇਵਲ ਸਵਾਮੀ ਜੀ ਨੂੰ ਹੀ ਜਵਾਬ ਦੇਵਾਂਗੇ ਤੇ ਕੇਵਲ ਸਵਾਮੀ ਜੀ ਹੀ ਸਾਨੂੰ ਪੁੱਛ ਸਕਦੇ ਹਨ। ਡਾਇਰੈਕਟਰ ਨੇ ਇਕ ਦਮ ਆਪਣਾ ਹੁਕਮ ਵਾਪਸ ਲੈ ਲਿਆ ਤੇ ਮਾਫੀ ਮੰਗੀ ਤੇ ਦੱਸਿਆ ਕਿ ਕਮੇਟੀ ਨੇ ਹੀ ਉਸ ਨੂੰ ਚਿੱਠੀ ਤੇ ਦਸਤਖਤ ਕਰਨ ਲਈ ਮਜ਼ਬੂਰ ਕੀਤਾ ਸੀ। ਥਰੀਸਾ ਦੇ ਸਾਹ 'ਚ ਸਾਹ ਆਇਆ ਤੇ ਉਹ ਕੰਮ ਤੇ ਚਲੀ ਗਈ। ਮੈਨੂੰ ਦਿਖ ਗਿਆ ਕੇ ਅੱਗੇ ਤੋਂ ਅੱਗੇ ਕੀ ਹੋਏਗਾ?

ਹੌਨਜ਼ਡੇਲ ਜੋ ਕਿ ਇਕ ਛੋਟਾ ਜਿਹਾ ਨਗਰ ਹੈ ਮੈਂ ਉਥੇ ਛੋਟੀ ਜਿਹੀ ਦੁਕਾਨ ਤੇ ਲਿਖਿਆ ਦੇਖਿਆ, 'Ugly Tie contest' ਇਹ ਇਕ ਬੜੀ ਰੌਚਕ ਚੀਜ਼ ਲੱਗੀ। ਮੈਂ ਘਰ ਗਿਆ। ਸਾਰੀਆਂ ਨਕਟਾਈਆਂ ਕੱਢੀਆਂ ਤੇ ਦੇਖਣੀਆਂ ਸ਼ੁਰੂ ਕਰ ਦਿਤੀਆਂ। ਥਰੀਸਾ ਕਹਿਣ ਲੱਗੀ ਕਿ ਮੈਂ ਗੁਲਾਬੀ ਰੰਗ ਦੀ ਟਾਈ ਤੇ ਉਸ ਦੇ ਨਾਲ ਪੀਲਾ ਤੇ ਕਾਸ਼ਨੀ ਬਾਰਡਰ ਨਾਲ ਕੁਝ ਪਾ ਕੇ ਜਾਵਾਂ। ਜਦੋਂ ਮੈਂ ਆਪਣੀ ਟਾਈ ਕੱਢ ਲਈ, ਦੇਖ ਲਈ। ਇਹ ਟਾਈ ਸਵਾਮੀ ਜੀ ਨੇ ਮੈਨੂੰ ਦਿਤੀ ਸੀ, ਇਕ ਵਾਰੀ ਜਦੋਂ ਉਹ ਭਾਰਤ ਤੋਂ ਵਾਪਸ ਗਏ ਤਾਂ ਉਹ ਇਹ ਟਾਈ ਮੇਰੇ ਲਈ ਲੈ ਕੇ ਆਏ ਸੀ। ਜਦੋਂ ਮੈਂ ਉਹ ਮੁਕਾਬਲਾ ਜਿੱਤ ਲਿਆ। ਮੈਨੂੰ ਬਹੁਤ ਚੰਗਾ ਲੱਗਾ ਜਿਹੜਾ ਇਨਾਮ ਮੈਨੂੰ ਮਿਲਿਆ ਉਹ ਇਕ ਗਰਮ ਸੂਟ ਸੀ। ਮੈਂ ਸਵਾਮੀ ਜੀ ਨੂੰ ਖਬਰ ਸੁਨਾਉਣ ਗਿਆ। ਜਦੋਂ ਮੈਂ ਦੱਸਿਆ ਪਹਿਲਾਂ ਤਾਂ ਸਵਾਮੀ ਜੀ ਥੋੜ੍ਹੇ ਹੈਰਾਨ ਹੋਏ। ਫੇਰ ਕਹਿਣ ਲੱਗੇ ਮੈਂ ਇਹ ਟਾਈ ਦਿਤੀ ਹੀ ਤਾਂ ਸੀ ਕਿ ਤੂੰ ਇਸ ਨੂੰ ਪਾ ਕੇ ਇਨਾਮ ਜਿੱਤ ਸਕੇਂ। ਅਸੀਂ ਸਾਰੇ ਬੜੇ ਹੱਸੇ ਐਨਾ ਹੱਸੇ ਕਿ ਸਾਡੇ ਢਿੱਡ ਦਰਦ ਹੋਣ ਲਗ ਪਏ।

ਇਕ ਸ਼ਾਮ ਨੂੰ ਜੁਲਾਈ ਦੇ ਮਹੀਨੇ ਦੇਰ ਨਾਲ ਥਰੀਸਾ ਤੇ ਮੈਂ ਸਵਾਮੀ ਜੀ ਦੇ ਫਲੈਟ ਵਲ ਜਾ ਰਹੇ ਸੀ। ਅਸੀਂ ਦੇਖਿਆ ਸਵਾਮੀ ਜੀ ਦਾ ਕੁੱਤਾ ਰਾਜਾ ਸਾਡੀ ਸੀ.ਆਈ.ਡੀ ਕਰ ਰਿਹਾ ਸੀ। ਅਸੀਂ ਸਾਰੇ ਚੁਰੱਸਤੇ ਤੇ ਆ ਕੇ ਮਿਲ ਗਏ ਤੇ ਫੇਰ ਇਕੱਠੇ ਚੀੜ ਦੇ ਦਰਖਤਾਂ ਵਲ ਤੁਰ ਪਏ। ਅੱਜ ਇਸ ਤਰ੍ਹਾਂ ਲਗ ਰਿਹਾ ਸੀ ਕਿ ਸਵਾਮੀ ਜੀ ਪਹਿਲਾਂ ਦੀ ਤਰ੍ਹਾਂ ਤੁਰ ਰਹੇ ਸੀ। ਉਨ੍ਹਾਂ ਦੀ ਟੋਰ ਵਿਚ ਇਕ ਚੁਸਤੀ ਫੁਰਤੀ ਸੀ। ਉਨ੍ਹਾਂ ਦੇ ਪੈਰ ਧਰਤੀ ਤੇ ਗੱਡੇ ਜਾ ਰਹੇ ਸੀ। ਸਿਰ ਸਿੱਧਾ ਤੇ ਉਚਾ ਚੁੱਕਿਆ ਹੋਇਆ ਸੀ। ਅਸੀਂ ਸਾਰੇ ਨੇਪਾਲ ਦੇ ਜੋੜਿਆਂ ਦੀ ਗੱਲ ਕਰ ਰਹੇ ਸੀ। ਗਰਮੀਆਂ ਵਿਚ ਹੋਈ ਕਾਨਫਰੰਸ ਦੀ ਗੱਲ ਕਰ ਰਹੇ ਸੀ।

ਬਾਕੀ ਦੇ ਜਿਹੜੇ ਪ੍ਰੋਗਰਾਮ ਸੰਸਥਾ ਵਿਚ ਹੋਏ ਉਨ੍ਹਾਂ ਦਾ ਬਿਓਰਾ ਲੈ ਰਹੇ ਸੀ ਤੇ ਸੰਸਥਾ ਵਿਚ ਰਹਿੰਦੇ ਸੱਜਣਾਂ ਦੇ ਪਰਿਵਾਰਾਂ ਦਾ ਬਿਓਰਾ ਲੈ ਰਹੇ ਸੀ। ਜਿਹੜੇ ਨਵੇਂ ਆਏ ਹਨ ਉਹ ਕਿਸ ਤਰ੍ਹਾਂ ਦਾ ਕੰਮ ਕਰ ਰਹੇ ਹਨ। ਸਵਾਮੀ ਜੀ ਨੇ ਦੱਸਿਆ ਕਿ ਉਹ ਸ਼ਿਸ਼ਾਂ ਨੂੰ ਆਪਣੇ ਦਫਤਰ ਬੁਲਾਉਂਦੇ ਰਹੇ ਹਨ ਤੇ ਉਨ੍ਹਾਂ ਨੂੰ ਉਨ੍ਹਾਂ ਦੇ ਭਵਿੱਖ ਬਾਰੇ ਪੁਛਦੇ ਰਹੇ ਹਨ। ਫੇਰ ਸਵਾਮੀ ਜੀ ਨੇ ਉਨ੍ਹਾਂ ਦੇ ਸੁਪਨੇ ਸਾਕਾਰ ਕੀਤੇ, ਮੈਨੂੰ ਉਦੋਂ ਤਾਂ ਸਮਝ ਨਹੀਂ ਸੀ ਆਈ ਪਰ ਹੁਣ ਮੈਂ ਸਮਝਦਾ ਹਾਂ ਕਿ ਇਹ ਸਵਾਮੀ ਜੀ ਦਾ ਪਲੈਨ ਸੀ ਕਿ ਉਥੋਂ ਆਉਣ ਤੋਂ ਪਹਿਲਾਂ ਉਹ ਸਾਰਿਆਂ ਨੂੰ ਟਿਕਾਣੇ ਲਗਾ ਦੇਣ, ਸਭ ਨੂੰ ਕੰਮ ਕਾਜ ਤੇ ਲੱਗਾ ਦੇਣ।

ਸਵਾਮੀ ਜੀ ਕਹਿਣ ਲੱਗੇ, ਇਥੇ ਦੀਆਂ ਸਮੱਸਿਆਵਾਂ ਮੈਨੂੰ ਛੇਤੀ ਕੰਮ ਨਹੀਂ ਕਰਨ ਦਿੰਦੀਆਂ।

ਮੈਂ ਬਾਹਰ ਆਪਣੀ ਮਨ ਚਾਹੀ, ਮਨ ਪਸੰਦ ਥਾਂ ਤੇ ਸੈਰ ਕਰ ਰਿਹਾ ਸੀ। ਤਾਰੇ ਅਸਮਾਨ ਤੇ ਝਿਮਿਮਲ ਕਰ ਰਹੇ ਸੀ। ਸਵਾਮੀ ਜੀ ਨੇ ਸਾਨੂੰ ਦੋਨਾਂ ਨੂੰ ਹੀ ਹੈਰਾਨ ਕਰ ਦਿਤਾ। ਕਹਿਣ ਲੱਗੇ, “ਤੁਹਾਨੂੰ ਦੋਨਾਂ ਨੂੰ ਕੀ ਚਾਹੀਦਾ ਹੈ?”

ਥਰੀਸਾ ਨੇ ਕਿਹਾ ਸਾਡੇ ਕੋਲ ਸਭ ਕੁਝ ਹੈ, ਜੋ ਵੀ ਸਾਨੂੰ ਲੋੜ ਹੈ ਉਹ ਸਭ ਕੁਝ ਸਾਡੇ ਕੋਲ ਹੈ ਪਰ ਸਵਾਮੀ ਜੀ ਨੇ ਉਹ ਹੀ ਪ੍ਰਸ਼ਨ ਫੇਰ ਪੁਛਿਆ, ਤੁਹਾਨੂੰ ਕੀ ਚਾਹੀਦਾ ਹੈ?

ਆਪ ਜੀ ਦਾ ਕੀ ਭਾਵ ਹੈ ਮੈਨੂੰ ਸਮਝ ਨਹੀਂ ਆ ਰਹੀ। ਥਰੀਸਾ ਨੇ ਪੁਛਿਆ।

ਸਵਾਮੀ ਜੀ ਨੇ ਆਪਣਾ ਸਾਰਾ ਕਾਰਜ ਥਰੀਸਾ ਨੂੰ ਸਮਝਾਇਆ। ਸਵਾਮੀ ਜੀ ਨੇ ਸਾਰਿਆਂ ਦੇ ਬਾਰੇ ਦੱਸਿਆ ਕਿਸ ਨੂੰ ਕੀ ਚਾਹੀਦਾ ਸੀ। ਕਿਸੇ ਨੂੰ ਪਤਨੀ ਚਾਹੀਦੀ ਸੀ ਉਹ ਉਸ ਨੂੰ ਮਿਲ ਗਈ ਹੈ। ਉਸ ਨੂੰ ਜਾਇਦਾਦ ਚਾਹੀਦੀ ਸੀ ਉਸ ਨੂੰ ਉਹ ਦੇ ਦਿਤੀ ਗਈ ਹੈ। ਉਸਨੂੰ ਅਹੁਦਾ ਚਾਹੀਦਾ ਸੀ ਉਸ ਨੂੰ ਉਹ ਦੇ ਦਿਤਾ ਗਿਆ ਹੈ। ਸਵਾਮੀ ਜੀ ਦਸਦੇ ਹੀ ਚਲੇ ਗਏ ਤੇ ਅਸੀਂ ਮੂੰਹ ਖੋਲ੍ਹ ਕੇ ਹੈਰਾਨ ਹੁੰਦੇ ਚਲੇ ਗਏ। ਅਸੀਂ ਇਨ੍ਹਾਂ ਸਾਰਿਆਂ ਨੂੰ ਜਾਣਦੇ ਸੀ, ਅਸੀਂ ਹੈਰਾਨ ਸੀ ਕਿ ਸਵਾਮੀ ਜੀ ਨੇ ਸਭ ਦੀਆਂ ਇਛਾਵਾਂ ਪੂਰੀਆਂ ਕਰ ਦਿਤੀਆਂ ਸੀ।

ਸਵਾਮੀ ਜੀ ਦਾ ਪ੍ਰਸ਼ਨ ਬੜਾ ਹੀ ਸਰਲ ਤੇ ਸਪਸ਼ਟ ਸੀ, ਉਹ ਇਸ ਤੋਂ ਵੱਧ ਸਪਸ਼ਟ ਕਰ ਨਹੀਂ ਸਕਦੇ ਸੀ। ਫੇਰ ਵੀ ਉਨ੍ਹਾਂ ਨੇ ਦਹੁਰਾਇਆ, “ਤੁਹਾਨੂੰ ਦੋਨਾਂ ਨੂੰ ਕੀ ਚਾਹੀਦਾ ਹੈ?”

ਮੈਂ ਥਰੀਸਾ ਵਲ ਦੇਖਿਆ ਉਸ ਦੀਆਂ ਅੱਖਾਂ ਵਿਚ ਅਥਰੂ ਸੀ। ਉਸ ਨੇ ਹੌਲੀ ਜਿਹੀ ਆਪਣਾ ਸਿਰ ਚੁੱਕਿਆ ਮੋਢੇ ਚੁਕੇ, ਸਿਰ ਇਕ ਪਾਸੇ ਤੋਂ ਦੂਸਰੇ ਪਾਸੇ ਹਿਲਾਇਆ। ਮੈਂ ਸਵਾਮੀ ਜੀ ਵਲ ਮੂੰਹ ਕਰਕੇ ਕਿਹਾ, ਸਵਾਮੀ ਜੀ ਸਾਨੂੰ ਸਦਾ ਹੀ ਆਪਣੇ ਨਾਲ ਰਖਣਾ। ਥਰੀਸਾ ਨੇ ਹੌਂਸਲਾ ਕਰਕੇ ਉਹ ਹੀ ਕਿਹਾ ਜੋ ਮੈਂ ਕਿਹਾ।

ਸਵਾਮੀ ਜੀ ਨੇ ਥੋੜ੍ਹੀ ਦੇਰ ਸਾਡੇ ਵਲ ਦੇਖਿਆ, ਹਾਂ ਵਿਚ ਸਿਰ ਹਿਲਾਇਆ, ਇਕ ਵਾਰੀ ਨਹੀਂ ਬਹੁਤ ਵਾਰੀ, ਮੈਂ ਸਵਾਮੀ ਜੀ ਨੂੰ ਪੁੱਛਿਆ ਅੰਤ ਵੇਲੇ ਮੇਰੇ ਨਾਲ ਕੌਣ ਹੋਵੇਗਾ। ਸਵਾਮੀ ਜੀ ਕਹਿਣ ਲੱਗੇ ਤੇ ਉਨ੍ਹਾਂ ਨੇ ਆਪਣਾ ਨਾਮ ਲਿਆ। ਅਸੀਂ ਮੁੜ ਕੇ ਆਪਣੇ ਕਮਰੇ ਵਲ ਚਲੇ ਗਏ। ਸਾਡੇ ਮਨਾਂ ਵਿਚ ਪਿਆਰ ਸੀ, ਨਿੱਘ ਸੀ। ਮੈਨੂੰ ਇਸ ਗੱਲ ਦੀ ਖੁਸ਼ੀ ਸੀ ਕਿ ਮੈਂ ਉਹ ਹੀ ਮੰਗਿਆ ਜੋ ਮੇਰੇ ਦਿਲ ਵਿਚ ਸੀ।

## ਨਿਊਯਾਰਕ ਦਾ ਯੋਗੀ

ਕੁਝ ਦਿਨਾਂ ਬਾਅਦ ਅਸੀਂ ਨਿਊਯਾਰਕ ਆਏ ਕਿਉਂਕਿ ਨੇਪਾਨ ਦਾ ਪਰਿਵਾਰ ਦੋ ਸੋਹਣੇ ਬੱਚੇ ਲੈ ਕੇ ਵਾਪਸ ਨੈਪਾਲ ਜਾ ਰਹੇ ਸੀ। ਅਸੀਂ ਬਹੁਤ ਸਾਰੀਆਂ ਚੀਜ਼ਾਂ ਖਰੀਦੀਆਂ, ਬਹੁਤ ਸਾਰੇ ਤੋਹਫੇ ਖਰੀਦੇ ਗਏ। ਉਨ੍ਹਾਂ ਨੂੰ ਚੰਗੀ ਤਰ੍ਹਾਂ ਸਮਾਨ ਵਿਚ ਰੱਖਿਆ ਗਿਆ ਤੇ ਜਹਾਜ਼ ਤੇ ਭੇਜ ਦਿਤਾ ਗਿਆ। ਅਸੀਂ ਸੋਹਣੇ ਪਿਆਰੇ ਬੱਚਿਆਂ ਨੂੰ ਪਿਆਰ ਕੀਤਾ। ਅਲਵਿਦਾ ਕਿਹਾ, ਸੰਸਥਾ ਨੂੰ ਮੋਹਨ ਨੂੰ ਸਭ ਨੂੰ ਪਿਆਰ ਭਰੀ ਅਲਵਿਦਾ ਕਿਹਾ ਤੇ ਉਹ ਕਠਮੰਡੂ ਦੇ ਜਹਾਜ਼ ਚੜ੍ਹ ਗਏ।

ਅਗਲੇ ਦਿਨ ਅਸੀਂ ਹੌਨਸਡੇਲ ਆ ਗਏ ਤੇ ਸਵਾਮੀ ਜੀ ਦੀ ਤਿਆਰੀ ਕਰਨ ਲੱਗੇ ਕਿਉਂਕਿ ਉਨ੍ਹਾਂ ਨੇ ਭਾਰਤ ਆਣਾ ਸੀ। ਸਵਾਮੀ ਜੀ ਨੇ ਸੰਸਥਾ ਵਿਚ ਕੰਮ ਕਰਦੇ। ਸੱਜਣਾਂ ਨਾਲ ਗੱਲਬਾਤ ਕੀਤੀ। ਸਾਰੇ ਸਟਾਫ ਨਾਲ ਸਵਾਮੀ ਜੀ ਨੇ ਗੱਲਬਾਤ ਕੀਤੀ। ਬਾਕੀ ਦੀਆਂ ਜਿਹੜੀਆਂ ਸੰਸਥਾਵਾਂ ਹੋਰ ਜਗ੍ਹਾ ਸੀ, ਉਥੋਂ ਵੀ ਸੱਜਣ ਆਏ ਸੀ। ਸਵਾਮੀ ਜੀ ਨੇ ਕਿਹਾ ਕਿ ਉਹ ਅਮਰੀਕਾ ਛੱਡ ਕੇ ਜਾ ਰਹੇ ਹਨ। ਉਨ੍ਹਾਂ ਦਾ ਕੰਮ ਅਮਰੀਕਾ ਵਿਚ ਖਤਮ ਹੋ ਗਿਆ ਹੈ। ਉਨ੍ਹਾਂ ਨੇ ਸਾਰੇ ਬਾਕੀ ਦੇ ਸੈਂਟਰਾਂ ਵਿਚ ਵੀ ਕੰਮ ਸ਼ੁਰੂ ਕਰਾ ਦਿਤਾ ਸੀ। ਹਰ ਇਕ ਸੈਂਟਰ ਵਿਚ ਲੋੜੀਂਦਾ ਸਟਾਫ ਵੀ ਰੱਖ ਦਿਤਾ ਗਿਆ ਸੀ ਤੇ ਹਰ ਥਾਂ ਦਾ ਮੋਢੀ ਵੀ ਸੀ। ਸਵਾਮੀ ਜੀ ਦੀਆਂ ਪੁਸਤਕਾਂ ਹਰੇਕ ਥਾਂ ਤੇ ਸੀ ਉਨ੍ਹਾਂ ਦੀਆਂ ਟੇਪਾਂ ਹਰੇਕ ਥਾਂ ਸੀ। ਸਵਾਮੀ ਜੀ ਨੇ ਕਿਹਾ, ਮੈਂ ਹੁਣ ਹੋਰ ਦੂਸਰਾ ਕੰਮ ਕਰਨਾ ਹੈ ਜਿਹੜਾ ਮੇਰੇ ਗੁਰੂਦੇਵ

ਨੇ ਮੈਨੂੰ ਦੱਸਿਆ ਹੈ। ਹਰ ਕੋਈ ਚਿੰਤਾ ਵਿਚ ਦਿਸ ਰਿਹਾ ਸੀ, ਹਰ ਕੋਈ ਸੋਚ ਰਿਹਾ ਸੀ ਕਿ ਸਵਾਮੀ ਜੀ ਕਦੀ ਵਾਪਸ ਆਉਣਗੇ? ਆਖਰੀ ਮਿੰਟ ਤਕ ਸੱਜਣ ਮਿਲਣ ਲਈ ਖੜ੍ਹੇ ਸੀ, ਟੈਲੀਫੋਨ ਵਜ ਰਹੇ ਸੀ ਤੇ ਅਸੀਂ ਕੁਝ ਜਣੇ ਅੰਦਰ ਬਾਹਰ ਸਵਾਮੀ ਜੀ ਦੀਆਂ ਚੀਜ਼ਾਂ ਇਕੱਠੀਆਂ ਕਰ ਰਹੇ ਸੀ। ਥਰੀਸਾ, ਸੰਸਕ੍ਰਿਤੀ ਤੇ ਕਮਲ ਨੇ ਤਿੰਨ ਸੂਟਕੇਸ ਬੰਨੇ। ਉਨ੍ਹਾਂ ਵਿਚ ਕਪੜੇ ਸੀ, ਦਵਾਈਆਂ ਸੀ ਹੋਰ ਚੀਜ਼ਾਂ ਜਿਹੜੀਆਂ ਭਾਰਤ ਵਿਚ ਨਹੀਂ ਮਿਲਦੀਆਂ ਸੀ। ਦਫਤਰ ਦਾ ਸਾਮਾਨ ਸੀ, ਸੂਟਕੇਸਾਂ ਦੇ ਉਤੇ ਬੈਠ ਬੈਠ ਕੇ ਉਨ੍ਹਾਂ ਨੂੰ ਬੰਦ ਕੀਤਾ ਗਿਆ ਸੀ।

ਥਰੀਸਾ ਨੂੰ ਤੇ ਮੈਨੂੰ ਸਵਾਮੀ ਜੀ ਨੇ ਕਿਹਾ ਕਿ ਅਸੀਂ ਉਨ੍ਹਾਂ ਨੂੰ ਨਿਊਯਾਰਕ ਛੱਡ ਕੇ ਆਈਏ। ਅਸੀਂ ਸ਼ੁਕਰਵਾਰ ਚੱਲੀਏ ਤੇ ਜਹਾਜ਼ ਚੜ੍ਹਨ ਤੋਂ ਪਹਿਲਾਂ ਸਮਾਂ ਇਕੱਠੇ ਬਿਤਾ ਸਕੀਏ। ਜਿਹੜੇ ਨਿਊਯਾਰਕ ਦੇ ਸੱਜਣ ਸੀ ਉਹ ਇਕ ਦਿਨ ਪਹਿਲਾਂ ਜਾ ਰਹੇ ਸੀ ਤਾਂ ਜੋ ਉਹ ਸ਼ੁਕਰ ਸ਼ਨਿੱਚਰਵਾਰ ਦੀ ਭੀੜ ਵਿਚ ਨਾ ਫਸਣ, ਤਾਂ ਜੋ ਉਨ੍ਹਾਂ ਨੂੰ ਸੜਕਾਂ ਖਾਲੀ ਮਿਲ ਜਾਣ। ਪਹਿਲਾਂ ਅਸੀਂ East West Book Shop ਤੇ ਰੁਕੇ ਉਥੇ ਅਸੀਂ ਆਪਣੇ ਸੌਣ ਦਾ ਬੰਦੋਬਸਤ ਕੀਤਾ। ਫੇਰ ਅਸੀਂ ਰਾਗ ਰੈਸਟੋਰੈਂਟ ਗਏ ਤੇ ਦੁਪਹਿਰ ਦੀ ਰੋਟੀ ਖਾਧੀ ਬਹੁਤ ਹੀ ਚੰਗਾ ਲੱਗਾ। ਸਾਰਾ ਕੁਝ ਬਹੁਤ ਹੀ ਸਹਿਜ ਵਿਚ ਹੋ ਰਿਹਾ ਸੀ। ਫੇਰ ਸਵਾਮੀ ਜੀ ਨਾਲ ਇਕ ਦੁਕਾਨ ਤੇ ਗਏ। ਸਵਾਮੀ ਜੀ ਉਨ੍ਹਾਂ ਨੂੰ ਡਿਸਕਾਊਂਟ ਲਈ ਕਹਿ ਰਹੇ ਸੀ। ਕਈ ਵਰ੍ਹਿਆਂ ਤੋਂ ਥਰੀਸਾ ਸਵਾਮੀ ਜੀ ਲਈ ਵਧੀਆ ਕਮੋਨੋ (ਲਾਲ ਚੋਗਾ) ਜੋ ਸਵਾਮੀ ਜੀ ਪਹਿਨਦੇ ਸੀ, ਸੀਉਂਦੀ ਰਹੀ। ਜਦੋਂ ਵੀ ਸਵਾਮੀ ਜੀ ਭਾਰਤ ਤੋਂ ਮੁੜ ਕੇ ਜਾਂਦੇ ਸੀ। ਅੱਧੇ ਤੋਂ ਵੱਧ ਕਪੜੇ ਹੁੰਦੇ ਹੀ ਨਹੀਂ ਸੀ। ਥਰੀਸਾ ਨੂੰ ਇਹ ਗੱਲ ਬਹੁਤ ਦੇਰ ਬਾਅਦ ਪਤਾ ਲੱਗੀ ਕਿ ਸਵਾਮੀ ਜੀ ਆਪਣੇ ਕਪੜੇ ਸਾਧੂਆਂ ਵਿਚ ਵੰਡ ਜਾਂਦੇ ਹਨ।

ਅਸੀਂ ਜਾ ਰਹੇ ਸੀ, ਸਵਾਮੀ ਜੀ ਕਹਿਣ ਲੱਗੇ ਇਕ ਸਵੈਟਰ ਖਰੀਦ ਲਿਆ ਜਾਏ। ਇਕ ਚੰਗਾ ਸਵੈਟਰ।

ਅਸੀਂ ਇਕ ਚੰਗੀ ਮਹਿੰਗੀ ਦੁਕਾਨ ਤੇ ਗਏ ਅਸੀਂ ਦੇਖਿਆ ਸਵੈਟਰਾਂ ਦਾ ਢੇਰ ਪਿਆ ਹੈ। ਐਨੇ ਵਿਚ ਸਵਾਮੀ ਜੀ ਨੇ ਬਾਹਰ ਦੇਖਿਆ ਤੇ ਕਹਿਣ ਲੱਗੇ ਉਹ ਮੇਰਾ ਕੁੱਤਾ ਜਾ ਰਿਹਾ ਹੈ ਤੇ ਸਵਾਮੀ ਜੀ ਛੇਤੀ ਛੇਤੀ ਬਾਹਰ ਆ ਗਏ, ਅਸੀਂ ਵੀ ਦੁਕਾਨਦਾਰਾਂ ਕੋਲੋਂ ਮਾਫੀ ਮੰਗੀ ਤੇ ਬਾਹਰ ਆ ਗਏ।

ਫੇਰ ਅਸੀਂ ਸਵਾਮੀ ਜੀ ਨਾਲ mayflower ਹੋਟਲ ਚਲੇ ਗਏ। ਚਾਹ ਪੀਤੀ, ਸਵਾਮੀ ਜੀ ਆਰਾਮ ਕਰਨ ਲਗ ਪਏ। ਸਵਾਮੀ ਜੀ ਕਹਿਣ ਲੱਗੇ, ਮੇਰੀ ਡਾਕ ਲਿਆ ਦਿਓ। ਡਾਕ ਪੁਸਤਕਾਂ ਦੀ ਦੁਕਾਨ ਤੇ ਆ ਚੁੱਕੀ ਸੀ। ਅਸੀਂ ਦੋਨੋਂ ਮੁੜ ਕੇ ਦੁਕਾਨ ਤੇ ਗਏ। ਥਰੀਸਾ ਨੇ ਸਵਾਮੀ ਜੀ ਨੂੰ ਕਿਹਾ ਤੁਸੀਂ ਸੂਟਕੇਸ ਕਿਸੇ ਹਾਲਤ ਵਿਚ ਨਾ ਖੋਲ੍ਹਣਾ ਨਹੀਂ ਤਾਂ ਬਹੁਤ ਮੁਸੀਬਤ ਖੜ੍ਹੀ ਹੋ ਜਾਵੇਗੀ।

ਅਸੀਂ ਸੰਸਕ੍ਰਿਤੀ ਕੋਲੋਂ ਡਾਕ ਲਈ। ਉਹ ਹੋਨਸਡੇਲ ਤੋਂ ਡਾਕ ਲੈ ਕੇ ਦੁਕਾਨ ਤੇ ਆਈ ਹੋਈ ਸੀ, ਸਾਰੇ ਟੈਲੀਫੋਨਾਂ ਦੇ ਸੁਨੇਹੇ ਲਏ ਤੇ ਕੋਈ ਇਕ ਘੰਟੇ ਬਾਅਦ ਹੋਟਲ ਪਹੁੰਚ ਗਏ। ਅਸੀਂ ਦਰਵਾਜ਼ਾ ਖੜਕਾਇਆ, ਕੋਈ ਜਵਾਬ ਨਹੀਂ। ਥੋੜ੍ਹੀ ਦੇਰ ਰੁਕ ਕੇ ਫੇਰ ਦਰਵਾਜ਼ਾ ਖੜਕਾਇਆ, ਕੋਈ ਜਵਾਬ ਨਹੀਂ। ਅਸੀਂ ਘੰਟੀ ਵਜਾਈ, ਕੋਈ ਜਵਾਬ ਨਹੀਂ ਮਿਲਿਆ। ਸਾਨੂੰ ਚਿੰਤਾ ਲਗ ਗਈ, ਸਭ ਕੁਝ ਅੰਦਰ ਠੀਕ ਹੋਵੇ। ਸਵਾਮੀ ਜੀ ਅੰਦਰ ਠੀਕ ਹੋਣ। ਅਸੀਂ ਸੋਚਣ ਲਗ ਪਏ ਕਿ ਹੋਟਲ ਵਾਲਿਆਂ ਨੂੰ ਕਹੀਏ ਕਿ ਬੂਹਾ ਖੋਲ੍ਹਣ। ਅਸੀਂ ਇਹ ਸੋਚ ਹੀ ਰਹੇ ਸੀ ਸਾਨੂੰ ਲੱਗਾ ਬੂਹਾ ਅੰਦਰੋਂ ਖੁਲ੍ਹਾ ਹੈ ਤੇ ਆਵਾਜ਼ ਆਈ, ਸਵਾਮੀ ਜੀ ਕਹਿ ਰਹੇ ਸੀ, "ਥਰੀਸਾ" ਬੜੇ ਹੀ ਪਿਆਰ ਨਾਲ ਕਹਿ ਰਹੇ ਸੀ, ਥਰੀਸਾ ਤੂੰ ਮੇਰੇ ਨਾਲ ਗੁੱਸੇ ਨਾ ਹੋਈਂ, ਅੱਛਾ! ਜਿਵੇਂ ਇਕ ਬੱਚਾ ਕਹਿ ਰਿਹਾ ਹੋਵੇ।"

ਦਰਵਾਜ਼ਾ ਖੁਲ੍ਹਿਆ ਅਸੀਂ ਅੰਦਰ ਕੀ ਦੇਖਦੇ ਹਾਂ ਜਿਵੇਂ ਭੁਚਾਲ ਆ ਗਿਆ ਹੋਵੇ। ਸਾਰੇ ਕਮਰੇ ਵਿਚ ਹਰ ਥਾਂ ਤੇ ਕਪੜੇ ਹੀ ਕਪੜੇ ਭੁੰਝੇ ਟੀਵੀ ਤੇ ਸੋਫੇ ਤੇ ਹਰ ਇਕ ਚੀਜ਼ ਤੇ ਕਪੜੇ ਹੀ ਕਪੜੇ। ਥਰੀਸਾ ਤਾਂ ਹੱਕੀ ਬੱਕੀ ਰਹਿ ਗਈ ਉਹਦਾ ਸਾਰਾ ਕੰਮ ਤਾਂ ਖਿਲਰ ਚੁੱਕਾ ਸੀ। ਦਰਵਾਜ਼ੇ ਦੇ ਪਿਛੇ ਖੜ੍ਹੇ ਹੋ ਕੇ ਸਵਾਮੀ ਜੀ ਕਹਿ ਰਹੇ ਸੀ, ਮੈਂ ਕੀ ਕਰਦਾ ਮੈਨੂੰ ਬਦਲਣ ਲਈ ਕਪੜੇ ਚਾਹੀਦੇ ਸੀ ਤੇ ਸੂਟਕੇਸ ਟਰੱਕ ਕਰਕੇ ਖੁਲ੍ਹ ਗਿਆ।

ਸਾਡੇ ਸਾਰਿਆਂ ਦਾ ਹਾਸਾ ਨਿਕਲ ਗਿਆ, ਅਸੀਂ ਸਾਰੇ ਸੂਟਕੇਸ ਖੁਲ੍ਹਣ ਦੀਆਂ ਕਹਾਣੀਆਂ ਬਨਾਣ ਲਗ ਪਏ ਕਿਵੇਂ ਜਹਾਜ਼ ਵਿਚ ਸੂਟਕੇਸ ਖੁਲ੍ਹਦੇ ਹਨ, ਹਵਾਈ ਅੱਡੇ ਤੇ ਖੁਲ੍ਹਦੇ ਹਨ, ਟੈਕਸੀ ਵਿਚ ਖੁਲ੍ਹਦੇ ਹਨ। ਸਵਾਮੀ ਜੀ ਸਾਡੇ ਉਤੇ ਚੀਜ਼ਾਂ ਸੁੱਟਣ ਲਗ ਪਏ। ਆਹ ਫਿਲ ਨੂੰ ਦੇ ਦੇਣਾ, ਆਹ ਜੌਨ ਨੂੰ ਦੇ ਦੇਣਾ, ਜਸਟਿਨ ਇਹ ਤੇਰੇ ਲਈ ਹੈ। ਸਵਾਮੀ ਜੀ ਨੇ ਆਪਣੀ ਘੜੀ ਉਤਾਰ ਕੇ ਮੈਨੂੰ ਦੇ ਦਿਤੀ। ਆਪਣਾ ਸੈਰ ਕਰਨ ਵਾਲਾ ਸੂਟ ਮੈਨੂੰ ਦੇ ਦਿਤਾ। ਦੋ ਬਹੁਤ ਹੀ ਸੋਹਣੀਆਂ ਸ਼ਾਲਾਂ ਦਿਤੀਆਂ ਜਿਨ੍ਹਾਂ ਨੂੰ ਲੈ ਕੇ ਸਵਾਮੀ ਜੀ ਮੈਡੀਟੇਸ਼ਨ ਕਰਦੇ ਸੀ। ਅਸੀਂ ਸਾਰੀ ਰਾਤ

ਹਸਦਿਆਂ ਹਸਦਿਆਂ ਬਿਤਾਈ। ਟੀਵੀ ਲੱਗਾ ਬਹੁਤ ਹੱਸੋ। ਮੈਡੀਟੇਸ਼ਨ ਦਾ ਸਮਾਂ ਹੋ ਗਿਆ ਸਾਰਿਆਂ ਨੇ ਵਿਦਾ ਲਈ।

ਦੂਸਰੇ ਦਿਨ ਸਵੇਰੇ ਬਹੁਤ ਕੰਮ ਕਰਨਾ ਸੀ। ਸਵਾਮੀ ਜੀ ਨੇ ਬਹੁਤ ਸਾਰੀਆਂ ਚਿੱਠੀਆਂ ਥਰੀਸਾ ਨੂੰ ਲਿਖਾਈਆਂ, ਬਹੁਤ ਸਾਰੇ ਜਗਿਆਸੂਆਂ ਨੂੰ ਟੈਲੀਫੋਨ ਕੀਤੇ। ਪ੍ਰਬੰਧਕ ਨਾਲ ਗੱਲਬਾਤ ਕੀਤੀ। ਟੈਲੀਫੋਨ ਤੇ ਆਪਣੇ ਜਹਾਜ਼ ਦੀਆਂ ਸੀਟਾਂ ਚੈਕ ਕੀਤੀਆਂ। ਇਹ ਸਭ ਕੁਝ ਕਰਦਿਆਂ ਦੁਪਹਿਰ ਹੋ ਗਈ ਤੇ ਸਾਨੂੰ ਸਭ ਨੂੰ ਭੁੱਖ ਲਗ ਗਈ। ਅਸੀਂ ਪੈਦਲ ਹੋਟਲ ਵਾਪਸ ਆਏ। ਸਵਾਮੀ ਜੀ ਕਹਿਣ ਲੱਗੇ, ਮੈਂ ਇਕ ਤਾਂ ਚੰਗਾ ਕੰਮ ਕਰ ਹੀ ਲਿਆ। ਇਕ ਮੌਕਾ ਮੈਨੂੰ ਵੀ ਮਿਲ ਹੀ ਗਿਆ, ਤੇਰੀ ਸੇਵਾ ਕਰਨ ਦਾ।

ਅਸੀਂ ਮੁੜ ਹੀ ਰਹੇ ਸੀ, ਥਰੀਸਾ ਕਹਿਣ ਲੱਗੀ, ਸਵਾਮੀ ਜੀ ਤੁਸੀਂ ਤਾਂ ਬਹੁਤ ਵਾਰ ਮੇਰੇ ਕੰਮ ਕੀਤੇ ਹਨ। ਮੈਨੂੰ ਦੇਖਿਆ ਹੈ ਪਰ ਥਰੀਸਾ ਬੜੀ ਪਰੇਸ਼ਾਨ ਜਿਹੀ ਹੋ ਗਈ। ਸਵਾਮੀ ਜੀ! ਤੁਸੀਂ ਤਾਂ ਸੌ ਵਾਰੀ ਮੇਰੇ ਲਈ ਕੁਛ ਨਾ ਕੁਛ ਕੀਤਾ ਹੈ, ਕੋਈ ਇਕ ਵਾਰੀ ਤਾਂ ਨਹੀਂ।

ਹਾਂ, ਮੈਨੂੰ ਪਤਾ ਹੈ ਪਰ ਇਸ ਵਾਰੀ ਤਾਂ ਮੈਂ ਸੱਚੀਂ ਹੀ ਤੇਰੀ ਸੇਵਾ ਕਰ ਹੀ ਦਿਤੀ ਹੈ। ਸਵਾਮੀ ਜੀ ਕਹਿੰਦੇ ਹੀ ਰਹੇ।

ਥਰੀਸਾ ਕਹਿਣ ਲੱਗੀ ਸਵਾਮੀ ਜੀ ਸਪਸ਼ਟ ਕਰਕੇ ਦੱਸੋ ਮੈਨੂੰ ਸਮਝ ਨਹੀਂ ਆ ਰਹੀ, ਸਵਾਮੀ ਜੀ ਕਹਿਣ ਲੱਗੇ ਮੈਂ ਫੇਰ ਦੱਸਾਂਗਾ।

ਅਸੀਂ ਹੋਟਲ ਪਹੁੰਚ ਗਏ। ਸਵਾਮੀ ਜੀ ਨੇ ਚਾਹ ਮੰਗਾਈ, ਪੀਤੀ। ਸਵਾਮੀ ਜੀ ਸੋਫੇ ਤੇ ਬੈਠ ਗਏ, ਥਰੀਸਾ ਨੇ ਫੇਰ ਪੁਛਿਆ, ਸਵਾਮੀ ਜੀ ਕ੍ਰਿਪਾ ਕਰਕੇ ਦੱਸੋ, ਤੁਸੀਂ ਕੀ ਕਹਿ ਰਹੇ ਸੀ।

ਸਵਾਮੀ ਜੀ ਨੇ ਪੋਲੇ ਜਿਹੇ ਥਰੀਸਾ ਦੀਆਂ ਅੱਖਾਂ ਦੇ ਅੰਦਰ ਦੇਖਿਆ ਤੇ ਕਹਿਣ ਲੱਗੇ, ਮੈਂ ਤੇਰਾ ਕੈਂਸਰ ਆਪਣੇ ਤੇ ਲੈ ਲਿਆ ਹੈ।

ਥਰੀਸਾ ਇਕ ਦਮ ਸੁੰਨ ਹੋ ਗਈ, ਉਸ ਦਾ ਮੂੰਹ ਖੁਲ੍ਹਾ ਰਹਿ ਗਿਆ। ਥਰੀਸਾ ਉਚੀ-ਉਚੀ ਰੋਣ ਲਗ ਪਈ। ਸਵਾਮੀ ਜੀ ਤੇ ਗੁੱਸੇ ਹੋਣ ਲਗ ਪਈ। ਮੈਨੂੰ ਵਾਪਸ ਕਰੋ, ਕੈਂਸਰ ਮੈਨੂੰ ਮੋੜੋ। ਕਹਿਣ ਲੱਗ ਪਈ, ਤੁਸੀਂ ਕਿਉਂ ਲਿਆ, ਤੁਸੀਂ ਕਿਉ ਲਿਆ ਤੇ ਉਹ ਆਪਣੇ ਹੱਥ ਸਵਾਮੀ ਜੀ ਦੇ ਹੱਥਾਂ ਤੇ ਮਾਰਨ ਲਗ ਪਈ ਤੇ ਨਾਲ ਰੋਈ ਜਾ ਰਹੀ ਸੀ।

ਸਵਾਮੀ ਜੀ ਨੇ ਉਸ ਨੂੰ ਜੱਫੀ ਪਾਈ ਤੇ ਪਿਆਰ ਨਾਲ ਹੌਲੀ ਜਿਹੀ ਕਹਿਣ ਲੱਗੇ, ਤੂੰ ਰੋ ਨਾ ਸਭ ਠੀਕ ਹੋ ਜਾਏਗਾ। ਤੂੰ ਚਿੰਤਾ ਬਿਲਕੁਲ ਨਹੀਂ ਕਰ। ਉਨ੍ਹਾਂ ਨੇ ਇਕ ਹੱਥ ਥਰੀਸਾ ਦਾ ਆਪਣੇ ਹੱਥ ਵਿਚ ਲਿਆ। ਦੂਸਰੇ ਹੱਥ ਵਿਚ ਮੇਰਾ ਹੱਥ ਲਿਆ ਤੇ ਸਾਡੇ ਦੋਨਾਂ ਦੇ ਹੱਥ ਆਪਣੀ ਛਾਤੀ ਤੇ ਰੱਖ ਲਏ। ਮੈਂ ਆਪਣੇ ਹੱਥ ਨਾਲ ਬਹੁਤ ਸਾਰੀਆਂ ਗਿਲਟੀਆਂ ਉਨ੍ਹਾਂ ਦੀ ਛਾਤੀ ਤੇ ਹੱਥ ਲਗਾ ਕੇ ਦੇਖੀਆਂ।

ਥਰੀਸਾ ਬਹੁਤ ਹੀ ਪਰੇਸ਼ਾਨ ਹੋ ਗਈ। ਉਹ ਘੜੀ-ਘੜੀ ਇਹ ਹੀ ਕਹਿ ਰਹੀ ਸੀ ਤੁਸੀਂ ਕਿਉਂ ਲਿਆ ਹੈ? ਮੈਨੂੰ ਮੋੜ ਦਿਓ, ਮੇਰਾ ਕੈਂਸਰ ਮੈਨੂੰ ਹੀ ਵਾਪਸ ਕਰ ਦਿਓ।

"ਤੂੰ ਮੈਨੂੰ ਬਹੁਤ ਪਿਆਰੀ ਹੈਂ, ਮੈਂ ਤੈਨੂੰ ਪਿਆਰ ਕਰਦਾ ਹਾਂ।" ਸਵਾਮੀ ਜੀ ਕਹਿਣ ਲੱਗੇ, "ਤੂੰ ਰੋ ਨਾ ਜਦੋਂ ਮੈਂ ਭਾਰਤ ਪਹੁੰਚਾਂਗਾ, ਮੈਂ ਇਹ ਕੈਂਸਰ ਇਕ ਦਰਖਤ ਨੂੰ ਦੇ ਦਿਆਂਗਾ, ਮੈਂ ਇਹ ਸਾਰਾ ਸੋਚ ਲਿਆ ਹੈ, ਮੈਂ ਆਪਣੇ ਕੋਲ ਨਹੀਂ ਰੱਖਾਂਗਾ। ਅਸੀਂ ਹਿਮਾਲਿਆ ਵਿਚ ਰਹਾਂਗੇ। ਸਵਾਮੀ ਜੀ ਨੇ ਸਾਨੂੰ ਯਾਦ ਕਰਾਇਆ।

ਜਦੋਂ ਉਨ੍ਹਾਂ ਨੇ ਆਪਣਾ ਵਾਅਦ ਦੁਬਾਰਾ ਯਾਦ ਕਰਾਇਆ। ਸਵਾਮੀ ਜੀ ਕਹਿਣ ਲੱਗੇ ਮੈਨੂੰ ਚਾਹ ਹੋਰ ਦਿਓ। ਫੇਰ ਸਵਾਮੀ ਜੀ ਨੇ ਦੱਸਿਆ ਕਿ ਕਿਵੇਂ ਉਨ੍ਹਾਂ ਦੇ ਗੁਰੂਦੇਵ ਨੇ ਕਿਸੇ ਨੂੰ ਕਿਹਾ ਕਿ ਉਹ ਇਕ ਘਰ ਖਾਸ ਦੱਸਿਆ ਜਿਹੜਾ ਉਹ ਘਰ ਖਰੀਦ ਲੈਣ। ਉਨ੍ਹਾਂ ਨੇ ਗੁਰੂਦੇਵ ਦਾ ਕਹਿਣਾ ਮੰਨ ਕੇ ਘਰ ਖਰੀਦ ਲਿਆ। ਉਸ ਵਿਚ ਚਲੇ ਗਏ। ਰਾਤ ਨੂੰ ਉਨ੍ਹਾਂ ਨੂੰ ਕੰਧਾਂ ਵਿਚੋਂ ਆਵਾਜ਼ਾਂ ਆਉਣ, ਉਨ੍ਹਾਂ ਨੇ ਸੋਚਿਆ ਹਵਾ ਚੱਲ ਰਹੀ ਹੈ। ਪਰ ਆਵਾਜ਼ਾਂ ਰੋਜ਼-ਰੋਜ਼ ਆਉਂਦੀਆਂ ਰਹੀਆਂ। ਆਵਾਜ਼ਾਂ ਹੋਰ ਜ਼ੋਰ ਦੀ ਹੋਰ ਜ਼ੋਰ ਦੀ ਹੋ ਗਈਆਂ। ਇਕ ਦਿਨ ਉਨ੍ਹਾਂ ਨੇ ਕੰਧ ਤੋੜ ਦਿਤੀ। ਉਥੇ ਹੀਰੇ ਦੱਬੇ ਪਏ ਸੀ। ਉਥੇ ਕੋਈ ਬਹੁਤ ਹੀ ਧਨਾਢ ਰਹਿੰਦਾ ਸੀ। ਉਨ੍ਹਾਂ ਹੀਰਿਆਂ ਨਾਲ ਉਸ ਸੱਜਣ ਨੇ ਆਪਣਾ ਕੰਮ ਸ਼ੁਰੂ ਕੀਤਾ ਤੇ ਬੜੇ ਆਰਾਮ ਦਾ ਜੀਵਨ ਬਿਤਾਉਣ ਲੱਗਾ।

ਮੈਂ ਜਦੋਂ ਇਸ ਗੱਲ ਬਾਰੇ ਸੋਚਣ ਲੱਗਾ ਸਵਾਮੀ ਜੀ ਕਹਿਣ ਲੱਗੇ, ਪੈਸਾ ਤਾਂ ਦੂਸਰਿਆਂ ਦੀ ਸਹਾਇਤਾ ਲਈ ਹੀ ਹੁੰਦਾ ਹੈ।

ਮੇਰਾ ਮਨ ਇਕ ਦੂਸਰੀ ਕਹਾਣੀ ਵਲ ਚਲਾ ਗਿਆ ਸੀ। ਮੈਂ ਸੋਚਣ ਲਗ ਪਿਆ ਸੀ। ਫਰੈਂਕ ਤੇ ਜੇਮਜ਼ ਨੇ ਜਿਹੜਾ ਸੋਨਾ ਦੱਬਿਆ ਸੀ। ਉਸ ਦਾ ਕੀ ਹੋਇਆ? ਕਹਾਣੀ ਤਾਂ ਇਹ ਕਹਿੰਦੀ ਹੈ ਕਿ ਫਰੈਂਕ ਜੇਲ੍ਹ ਤੋਂ ਛੁਟ ਕੇ ਸੋਨਾ ਲੱਭਣ ਗਿਆ ਪਰ ਉਸ ਨੂੰ ਲੱਭਾ ਨਹੀਂ।

ਮੈਂ ਸਵਾਮੀ ਜੀ ਨੂੰ ਛੋਟਾ ਜਿਹਾ ਕਰਕੇ ਦੱਸਿਆ ਤੇ ਨਾਲ ਹੀ ਪੁਛਿਆ ਕੀ ਸਵਾਮੀ ਜੀ ਉਸ ਸੋਨੇ ਦਾ ਪਤਾ ਲਗਾ ਸਕਦੇ ਹਨ। ਸਵਾਮੀ ਜੀ ਕਹਿਣ ਲੱਗੇ, ਜ਼ਰੂਰ ਲਗਾ ਸਕਦੇ ਹਾਂ।

ਤੂੰ ਜੇਮਜ਼ ਦਾ ਸੋਨਾ ਲੱਭਣਾ ਚਾਹੁੰਦਾ ਹੈਂ? ਫੇਰ ਸਵਾਮੀ ਜੀ ਕਹਿਣ ਲੱਗੇ, ਮੈਂ ਤੇਰੇ ਲਈ ਜ਼ਰੂਰ ਕਰ ਸਕਦਾ ਹਾਂ, ਪਰ ਫੇਰ ਮੇਰੀ ਤੇਰੇ ਪ੍ਰਤੀ ਜ਼ਿੰਮੇਵਾਰੀ ਖਤਮ ਹੋ ਜਾਵੇਗੀ।

ਚੁੱਪ ਵਰਤ ਗਈ ਸਾਡੇ ਵਿਚੋਂ ਨਾ ਕੋਈ ਬੋਲਿਆ, ਨਾ ਕੋਈ ਹਿਲਿਆ। ਮੈਨੂੰ ਪਤਾ ਸੀ ਸਵਾਮੀ ਜੀ ਮੇਰਾ ਉਲੂ ਨਹੀਂ ਬਣਾ ਰਹੇ। ਜੇ ਉਹ ਮੇਰੀ ਮੁੰਦਰੀ ਗੰਦੀ ਨਾਲੀ ਵਿਚੋਂ ਲਿਆ ਸਕਦੇ ਹਨ ਤਾਂ ਜੇਮਜ਼ ਦਾ ਸੋਨਾ ਵੀ ਜ਼ਰੂਰ ਲੱਭ ਸਕਦੇ ਹਨ। ਮੈਂ ਇਹ ਸੋਚ ਕੇ ਮੁਸਕਰਾਇਆ ਤੇ ਕਿਹਾ, ਸਵਾਮੀ ਜੀ ਬਹੁਤ-ਬਹੁਤ ਧੰਨਵਾਦ, ਮੈਂ ਤਾਂ ਆਪ ਜੀ ਦੇ ਚਰਨਾਂ ਵਿਚ ਹੀ ਰਹਾਂਗਾ। ਮੈਨੂੰ ਕੁਛ ਨਹੀਂ ਚਾਹੀਦਾ। ਮੈਂ ਜਾਣਦਾ ਹਾਂ, ਚਰਨਾਂ ਦੀ ਮੌਜ ਬੜੀ ਹੈ।

ਸਵਾਮੀ ਜੀ ਫੇਰ ਸਾਨੂੰ ਹੋਰ ਗੱਲਾਂ ਦੱਸਣ ਲਗ ਪਏ। ਸਵਾਮੀ ਜੀ ਦੱਸ ਰਹੇ ਸੀ ਕਿ ਗੁਰੂਦੇਵ ਬਹੁਤ ਹੀ ਧੀਰਜ ਵਾਲੇ ਸੀ। ਸਵਾਮੀ ਜੀ ਗੁਰੂਦੇਵ ਦੇ ਗੁਣਾਂ ਦਾ ਬਿਓਰਾ ਦੇ ਰਹੇ ਸੀ। ਸਵਾਮੀ ਜੀ ਕੋਲੋਂ ਗੁਰੂਦੇਵ ਨੇ ਬਹੁਤ ਮਿਹਨਤ ਕਰਾਈ, ਬਹੁਤ ਘਾਲਣਾ ਘਾਲੀ ਸਵਾਮੀ ਜੀ ਨੇ। ਜੇ ਗੁਰੂਦੇਵ ਨੇ ਕਿਹਾ ਇਹ ਮੰਤਰ ਪੰਜਾਹ ਵਾਰੀ ਕਰਨਾ ਹੈ। ਸਵਾਮੀ ਜੀ ਨੇ ਸੌ ਵਾਰੀ ਕੀਤਾ। ਜੇ ਗੁਰੂਦੇਵ ਨੇ ਕਿਹਾ ਛੇ ਘੰਟੇ ਮੈਡੀਟੇਸ਼ਨ ਕਰਨੀ ਹੈ। ਸਵਾਮੀ ਜੀ ਨੇ ਬਾਰ੍ਹਾਂ ਘੰਟੇ ਕੀਤਾ। ਸਵਾਮੀ ਜੀ ਨੇ ਬਹੁਤ ਹੀ ਘਾਲਣਾ ਘਾਲੀ। ਕਈ ਵਾਰੀ ਸੱਟਾਂ ਵੀ ਲੱਗੀਆਂ। ਗੁਰੂਦੇਵ ਨੇ ਦੱਸਿਆ ਕਿ ਸਵਾਮੀ ਜੀ ਨੇ ਐਨਾ ਤਪ ਕਰ ਲਿਆ, ਜੇ ਕੁਝ ਨਾ ਕੀਤਾ ਤਾਂ ਸਾਰੀ ਸਰੀਰ ਦੀ ਚਮੜੀ ਫੁੱਟ ਜਾਏਗੀ ਤੇ ਨਾਲ ਇਹ ਵੀ ਦੱਸਿਆ ਕਿ ਜੇ ਅਠਾਰ੍ਹਾਂ ਘੰਟੇ ਮੈਡੀਟੇਸ਼ਨ ਕੀਤੀ ਤਾਂ ਸਵਾਮੀ ਜੀ ਸਰੀਰ ਵੀ ਛੱਡ ਸਕਦੇ ਹਨ। ਚੇਤਨ ਮਨ ਨੂੰ ਮੈਡੀਟੇਸ਼ਨ ਦਾ ਸੁਭਾਅ ਐਨਾ ਪੈ ਜਾਵੇਗਾ ਕਿ ਉਹ ਮੁੜ ਕੇ ਸਰੀਰ ਵਿਚ ਆਉਣਾ ਹੀ ਨਹੀਂ ਚਾਹੇਗੀ।

ਸੋ ਸਾਰਾ ਸ਼ਨੀਵਾਰ ਇਸ ਤਰ੍ਹਾਂ ਦੇ ਬਚਨ ਬਿਲਾਸ ਹੁੰਦੇ ਰਹੇ। ਅਸੀਂ ਹਸਦੇ ਰਹੇ, ਆਰਾਮ ਕਰਦੇ ਰਹੇ, ਖੇਡਦੇ ਰਹੇ, ਖਾਂਦੇ ਪੀਂਦੇ ਰਹੇ ਤੇ ਸਵਾਮੀ ਜੀ ਦੇ ਬਚਨ ਬਿਲਾਸ ਸੁਣਦੇ ਰਹੇ। ਮੇਰੇ ਕੋਲੋਂ ਜਿਨ੍ਹਾਂ ਵੀ ਹੋ ਸਕਿਆ ਮੈਂ ਸਵਾਮੀ ਜੀ ਨੂੰ ਹਸਾਂਦਾ ਹੀ ਰਿਹਾ। ਮੈਨੂੰ ਸਵਾਮੀ ਜੀ ਨੂੰ ਖੁਸ਼ ਕਰਕੇ ਐਨਾ ਚੰਗਾ ਲਗ ਰਿਹਾ ਸੀ। ਮੈਨੂੰ ਲਗ ਰਿਹਾ ਸੀ, ਸਵਾਮੀ ਜੀ ਨੇ ਸਾਨੂੰ ਸਭ ਕੁਝ ਦਿਤਾ। ਮੈਂ ਉਨ੍ਹਾਂ ਨੂੰ ਕੁਛ ਪਲ ਜਦੋਂ ਕਿ ਅਸੀਂ ਇਕੱਠੇ ਹਾਂ ਹਸਾ ਰਿਹਾ ਹਾਂ।

ਜਿਵੇਂ ਕਿ ਸਦਾ ਹੀ ਹੁੰਦਾ ਹੈ ਜਾਣ ਦਾ ਸਮਾਂ ਵਿਦਾਈ ਦਾ ਸਮਾਂ ਬਹੁਤ ਛੇਤੀ ਹੀ ਆ ਜਾਂਦਾ ਹੈ ਤੇ ਉਹ ਘੜੀ ਆ ਹੀ ਗਈ। ਅਸੀਂ ਹੋਟਲ ਦਾ ਕਮਰਾ ਬੰਦ ਕੀਤਾ। ਸਵਾਮੀ ਜੀ ਨੇ ਮੈਨੂੰ ਚਾਬੀ ਫੜਾਈ। ਸੂਟਕੇਸ ਫੜਾਇਆ ਤੇ ਸਵਾਮੀ ਜੀ ਨੇ ਕਿਹਾ ਕਿ ਹੋਟਲ ਦੇ ਪੈਸੇ ਕੱਲ੍ਹ ਤਕ ਦਿਤੇ ਹੋਏ ਹਨ। ਤੁਸੀਂ ਰਾਤ ਇਥੇ ਹੀ ਕੱਟੋ। ਇਹ ਮੇਰਾ ਤੁਹਾਨੂੰ ਇਕ ਤੋਹਫਾ ਹੈ। ਅਸੀਂ ਕੈਨੇਡਾ ਹਵਾਈ ਅੱਡੇ ਵਲ ਚਲ ਪਏ, ਗੱਡੀ ਵਿਚ ਬੈਠ ਕੇ ਉਥੇ ਜਾ ਕੇ ਗੇਟ ਤੇ ਉਤਰੇ ਜਦੋਂ ਹੀ ਸਵਾਮੀ ਜੀ ਉਤਰੇ ਤੇ ਕਹਿਣ ਲੱਗੇ, ਜਸਟਿਨ! ਤੈਨੂੰ ਪਤਾ ਹੈ ਬਹੁਤ ਵਾਰੀ ਮੈਂ ਕੋਈ ਨਾ ਕੋਈ ਸ਼ਰਾਰਤ ਕਰ ਦਿੰਦਾ ਹਾਂ ਤਾਂ ਜੋ ਲੋਕੀ ਮੇਰੇ ਖਿਲਾਫ ਹੋ ਜਾਣ ਤੇ ਮੈਂ ਆਰਾਮ ਨਾਲ ਉਥੋਂ ਜਾ ਸਕਾਂ।"

ਮੈਨੂੰ ਇਸ ਲਈ ਚੌਕਸ ਰਹਿਣਾ ਪਵੇਗਾ, ਜਸਟਿਨ ਕਹਿਣ ਲੱਗਾ।

ਚਾਰਲਸ, ਫਿਲ ਤੇ ਹੋਰ ਬਹੁਤ ਸਾਰੇ ਸ਼ਿਸ਼ ਗੇਟ ਤੇ ਖੜ੍ਹੇ ਸੀ। ਉਹ ਸਭ ਸਵਾਮੀ ਜੀ ਨੂੰ ਅਲਵਿਦਾ ਕਹਿਣ ਆਏ ਸੀ। ਸਵਾਮੀ ਜੀ ਨੇ ਸਭ ਨੂੰ ਹਦਾਇਤਾਂ ਦਿਤੀਆਂ। ਕੁਝ ਨੂੰ ਜੱਫੀ ਪਾਈ ਕੁਝ ਨਾਲ ਹੱਥ ਮਿਲਿਆ। ਅਭਿਆਸ ਕਰਨ ਲਈ ਕਿਹਾ। ਸਾਰਿਆਂ ਦਾ ਧੰਨਵਾਦ ਕੀਤਾ ਕਿ ਤੁਸੀਂ ਮੇਰੀ ਸੇਵਾ ਕੀਤੀ।

ਜਦੋਂ ਹੀ ਸਵਾਮੀ ਜੀ ਅੰਦਰ ਜਾਣ ਲੱਗੇ ਉਨ੍ਹਾਂ ਨੇ ਮੈਨੂੰ ਤੇ ਥਰੀਸਾ ਨੂੰ ਬੁਲਾਇਆ ਤੇ ਕਹਿਣ ਲੱਗੇ, "ਮੈਂ ਕਿਤੇ ਵੀ ਹੋਵਾਂ, ਕਿਤੇ ਵੀ ਜਾਵਾਂ, ਜਸਟਿਨ ਸਦਾ ਮੈਨੂੰ ਲੱਭ ਲਵੇਗਾ। ਸਵਾਮੀ ਜੀ ਨੇ ਆਪਣੇ ਹੱਥ ਨਾਲ ਥਰੀਸਾ ਦੇ ਹੰਝੂ ਪੂੰਝੇ ਤੇ ਕਿਹਾ, ਚਿੰਤਾ ਨਹੀਂ ਕਰਨੀ, ਅਸੀਂ ਛੇਤੀ ਹੀ ਸਾਰੇ ਇਕੱਠੇ ਹੋਵਾਂਗੇ। ਛੇਤੀ ਹੀ ਨੇਪਾਲ ਵਿਚ ਮਿਲਾਂਗੇ ਤੇ ਅਸੀਂ ਸਾਰੇ ਇਕੱਠੇ ਹੀ ਇਕ ਦਿਨ ਭਾਰਤ ਵਿਚ ਮਰਾਂਗੇ।

(ਪੰਨਾ 43 ਦੀ ਬਾਕੀ)

*ਜਾ ਕਾ ਕਹਿਆ ਦਰਗਹ ਚਲੈ॥*
*ਸੋ ਕਿਸ ਕਉ ਨਦਰਿ ਲੈ ਆਵੈ ਤਲੈ॥ ਅੰਗ - 186*

ਘਰ ਓਲਾਦ ਨਹੀਂ ਸੀ। ਗੋਡੇ ਦੇ ਉਤੇ ਰੱਖ ਕੇ ਪਿਆਜ਼ ਦੇ ਉਤੇ ਗੁੱਟੀ ਮਾਰੀ ਬਾਬਾ ਬੁੱਢਾ ਜੀ ਨੇ, ਕਹਿੰਦੇ ਐਹੋ ਜਿਹਾ ਸੂਰਮਾ ਆਏਗਾ। ਉਨ੍ਹਾਂ ਦਾ ਬਚਨ ਜਿਹੜਾ ਹੈ ਉਹ ਸਤਿ ਹੁੰਦਾ ਹੈ।

*ਜੋ ਕਿਛੁ ਕਰੈ ਸੋਈ ਪ੍ਰਭ ਮਾਨਹਿ*
*ਓਇ ਰਾਮ ਨਾਮ ਰੰਗਿ ਰਾਤੇ॥ ਅੰਗ - 748*

ਸੋ ਐਡੀ ਤਾਕਤ ਦੇ ਮਾਲਕ ਜਿਹੜੇ ਨੇ। ਇਹ ਤਾਂ ਪੂਰੀਆਂ ਪਾਤਸ਼ਾਹੀਆਂ ਦੇ ਮਾਲਕ ਨੇ। ਪਾਤਸ਼ਾਹੀ ਲਓ ਜਿਹੜੀ ਦਰਗਾਹ ਦੀ ਪਾਤਸ਼ਾਹੀ ਹੈ। ਉਹ ਤਾਂ ਐਡਾ ਵੱਡਾ ਰਾਜਾ ਹੈ ਉਹਦੀ ਧੂੜੀ ਦੇ ਨਾਲ ਮਨ ਨੂੰ ਸ਼ਾਂਤੀ ਆ ਜਾਂਦੀ ਹੈ। ਸੋ ਨਾਮ ਦੀ ਗੱਲ ਆਪਾਂ ਕਰ ਰਹੇ ਸੀ ਉਹਨੂੰ ਸਮਝਣ ਦਾ ਯਤਨ ਕਰੋ। ਨਾਮ ਮਿਲਦਾ ਕਿਥੋਂ ਹੈ? ਅਸੀਂ ਤੁਰ ਪੈਂਦੇ ਹਾਂ ਕਿ ਫਲਾਣੇ ਥਾਉਂ ਨਾਮ ਹੈ, ਫਲਾਣੇ ਕੋਲ ਹੈ। ਮਹਾਰਾਜ ਕਹਿੰਦੇ ਨਾਮ ਤੇਰੇ ਅੰਦਰ ਹੈ। ਲੱਭਣ ਦਾ ਯਤਨ ਕਰਨਾ ਹੈ, ਕਿਵੇਂ ਕਰਨਾ ਹੈ? ਸਾਨੂੰ ਪਤਾ ਹੈ ਕਿ ਧਰਤੀ ਦੇ ਵਿਚ ਪਾਣੀ ਹੈ। ਸਾਡੇ ਹੱਥ ਨਹੀਂ ਆ ਰਿਹਾ। ਪਾਣੀ ਕਦੋਂ ਹੱਥ ਵਿਚ ਆਏਗਾ ਜਦੋਂ ਅਸੀਂ ਬੋਰ ਕਰਾਂਗੇ। ਬੋਰ ਕਰਨ ਤੋਂ ਬਾਅਦ ਨਾਲੀ ਪਾ ਦਿਤੀ, ਫਿਲਟਰ ਪਾ ਦਿਤਾ, ਮੋਟਰ ਲਾ ਦਿਤੀ, ਕੁਨੈਕਸ਼ਨ ਜੋੜ ਦਿਤਾ, ਬਟਨ ਦੱਬ ਦਿੱਤਾ, ਨਹੀਂ ਪਾਣੀ ਆਉਂਦਾ। ਕਿਉਂ ਨਹੀਂ ਆ ਰਿਹਾ? ਕਿਉਂਕਿ ਉਹਦੇ ਵਿਚ ਹਵਾ ਹੈ। ਹਵਾ ਦੇ ਕੱਢਣ ਦਾ ਯਤਨ ਕੀ ਕਰਦੇ ਹਾਂ ਅਸੀਂ? ਬਾਹਰੋਂ ਪਾਣੀ ਪਾਉਂਦੇ ਹਾਂ। ਸੂਟਾ ਮਾਰਿਆ, ਪਾਣੀ ਕੱਢ ਦਿਤਾ, ਪਾਣੀ ਹੇਠਲਾ ਉਤੇ ਚੜ੍ਹ ਗਿਆ। ਫੇਰ ਪਾਇਆ ਫੇਰ ਮਾਰਿਆ, ਤਿੰਨ ਵਾਰੀ ਦੇ ਵਿਚ ਪਾਣੀ ਆ ਕੇ reflex volve ਦੇ ਨਾਲ ਲਗ ਗਿਆ। ਉਸ ਤੋਂ ਬਾਅਦ ਜਦੋਂ ਬਟਨ ਦੱਬੋਂਗੇ, ਪਾਣੀ ਚਲ ਜਾਏਗਾ। ਹੁਣ ਨਾਮ ਤਾਂ ਅੰਦਰ ਹੈ। ਅੰਦਰਲਾ ਨਾਮ ਸਾਨੂੰ ਪ੍ਰਾਪਤ ਨਹੀਂ ਹੁੰਦਾ। ਉਸ ਵੇਲੇ ਸਾਨੂੰ ਸਤਿਗੁਰੂ ਦੀ ਮਦਦ ਲੈਣੀ ਪੈਂਦੀ ਹੈ।

*ਸਤਿਗੁਰ ਸੇਵੈ ਲਗਿਆਂ ਕਢਿ ਰਤਨੁ ਦੇਵੈ ਪਰਗਾਸਿ॥*
*ਅੰਗ - 40*

ਜੋ ਸਾਡੀ ਅੱਜ ਦੀ ਮਰਿਆਦਾ ਹੈ ਜਿਥੇ ਅਸੀਂ ਚੱਲ ਰਹੇ ਹਾਂ। ਉਹ ਇਹ ਹੈ ਕਿ ਗੁਰੂ ਗ੍ਰੰਥ ਸਾਹਿਬ ਦੇ ਤਾਬੇ ਜਿਹੜੇ ਪੰਜ ਪਿਆਰੇ ਨੇ ਉਹ ਗੁਰੂ ਦੇ ਨੁਮਾਇੰਦੇ ਹੁੰਦੇ ਨੇ, ਜਦੋਂ ਉਹ ਪਾਹੁਲ ਤਿਆਰ ਕਰ ਲੈਂਦੇ ਨੇ।

*ਪੀਵਹੁ ਪਾਹੁਲ ਖੰਡੇਧਾਰ ਹੁਇ ਜਨਮ ਸੁਹੇਲਾ॥*
*ਭਾਈ ਗੁਰਦਾਸ ਜੀ ਦੀ ਵਾਰ 41/1*

ਉਸ ਵੇਲੇ ਬਾਹਰੋਂ ਮੰਤਰ ਦਿੰਦੇ ਨੇ। ਆਹ ਤੈਨੂੰ ਤਿਆਰ ਕਰਿਆ ਹੈ, ਛਿੱਟੇ ਮਾਰ ਦਿਤੇ ਤੇਰੇ, ਸੀਸ ਤੇ ਪਾ ਦਿਤੇ ਨੇ ਚੂਲੇ। ਇਹਦੇ ਵਿਚ ਇਕ ਫਰਕ ਹੈ। ਉਹ ਫਰਕ ਇਹ ਹੈ ਕਿ ਪੰਜ ਪਿਆਰੇ ਹੋਣੇ ਚਾਹੀਦੇ ਨੇ। ਹਰ ਬੰਦੇ ਨੂੰ ਜੇ ਕਹੋ ਕਿ ਪੰਜ ਪਿਆਰਾ ਹੈ, ਜਿਹੜਾ ਮਾਇਆ ਦਾ ਪਿਆਰਾ ਹੈ ਉਹ ਗੁਰੂ ਦਾ ਪਿਆਰਾ ਨਹੀਂ ਹੋ ਸਕਿਆ ਕਰਦਾ। ਜਿਹੜਾ ਪੁਤਰਾਂ ਦਾ ਪਿਆਰਾ ਹੈ ਗੁਰੂ ਦਾ ਪਿਆਰਾ ਨਹੀਂ ਹੋ ਸਕਿਆ ਕਰਦਾ। ਜਿਹੜਾ ਪ੍ਰਭਤਾ ਦਾ ਪਿਆਰਾ ਹੈ ਉਹ ਗੁਰੂ ਦਾ ਪਿਆਰਾ ਨਹੀਂ ਹੋ ਸਕਦਾ। ਗੁਰੂ ਦਾ ਪਿਆਰਾ ਉਹ ਹੁੰਦਾ ਹੈ–

*ਜਉ ਤਉ ਪ੍ਰੇਮ ਖੇਲਣ ਕਾ ਚਾਉ॥*
*ਸਿਰੁ ਧਰਿ ਤਲੀ ਗਲੀ ਮੇਰੀ ਆਉ॥ ਅੰਗ - 1412*

ਜਿਹਨੇ ਆਪਣਾ ਆਪ ਗੁਰੂ ਤੇ ਨਿਛਾਵਰ ਕਰ ਦਿਤਾ –

*ਅੰਤਰਿ ਗੁਰੁ ਆਰਾਧਣਾ ਜਿਹਵਾ ਜਪਿ ਗੁਰ ਨਾਉ॥*
*ਨੇਤ੍ਰੀ ਸਤਿਗੁਰੁ ਪੇਖਣਾ ਸ੍ਰਵਣੀ ਸੁਨਣਾ ਗੁਰ ਨਾਉ॥*
*ਸਤਿਗੁਰ ਸੇਤੀ ਰਤਿਆ ਦਰਗਹ ਪਾਈਐ ਠਾਉ॥*
*ਅੰਗ - 517*

ਉਹ ਜਿਹੜੇ ਪਿਆਰੇ ਨੇ ਜਿਨ੍ਹਾਂ ਨੇ ਗੁਰੂ ਨੂੰ ਸਮਰਪਣ ਕੀਤਾ ਹੋਇਆ ਹੈ। ਉਹ ਜਦੋਂ ਅਰਦਾਸ ਕਰਦੇ ਨੇ, ਗੁਰੂ ਦਸਵੇਂ ਪਾਤਸ਼ਾਹ ਦਾ ਬਚਨ ਹੈ। ਇਕ ਮੈਂ ਤੁਹਾਨੂੰ ਬੇਨਤੀ ਕਰਦਾ ਹਾਂ। ਪ੍ਰਤਿਆ-ਪ੍ਰਤਿਆ ਕੇ ਦੇਖੀਆਂ ਹੋਈਆਂ ਨੇ ਗੱਲਾਂ ਸਾਰੀਆਂ। ਲੇਕਿਨ ਉਹ ਸਚਾਈਆਂ ਨੇ। ਸਾਇੰਟਿਫਿਕ ਤਰੀਕੇ ਨਾਲ ਅਸੀਂ ਕੱਢੀਆਂ ਨੇ। ਕਿ ਪੰਜ ਸਿੰਘ ਜਿਥੇ ਇਕੱਠੇ ਹੋ ਜਾਣ। ਮੇਰੇ ਕੋਲ ਆਉਂਦੇ ਨੇ ਕਿ ਜੀ ਸਾਡੇ ਟਿਊਬਵੈਲ ਪਾਣੀ ਨਹੀਂ ਦਿੰਦਾ। ਆਹ ਮਾੜੀ ਜਿਹੀ ਗੱਲ ਹੈ। ਸਾਡੇ ਜੀ ਮੱਝਾਂ ਦੇ ਥਣ ਬੰਦ ਹੋ ਗਏ। ਮੈਂ ਕਹਿੰਦਾ ਹਾਂ ਕਿ ਤੁਸੀਂ ਪੰਜ ਸਿੰਘ ਲੈ ਜਾਓ, ਉਨ੍ਹਾਂ ਨੂੰ ਐਉਂ ਸਮਝੋ ਕਿ ਗੁਰੂ ਗੋਬਿੰਦ ਸਿੰਘ ਜੀ ਸਾਡੇ ਘਰ ਆਏ ਨੇ। ਓਨੀ ਸ਼ਰਧਾ ਰੱਖੋ, ਚਰਨ ਉਨ੍ਹਾਂ ਦੇ ਧੋਵੋ, ਸਾਡੇ ਸਿੰਘ ਧੁਆਉਂਦੇ ਹੀ ਨਹੀਂ, ਬੜਾ ਮੁਸ਼ਕਲ ਹੋ ਜਾਂਦਾ ਹੈ। ਮੈਂ ਕਿਹਾ ਤੁਸੀਂ ਐਉਂ ਕਰੋ ਕਿ ਇਥੇ ਤਸਲਾ ਰੱਖ ਲਓ ਪਾਣੀ ਦਾ ਤੇ ਉਨ੍ਹਾਂ ਨੂੰ ਕਹੋ ਕਿ ਵਿਚੋਂ ਲੰਘ ਜਾਓ। ਹੁਣ ਗੱਲ ਤਾਂ ਚੱਲ ਪਈ ਮੈਂ ਤੁਹਾਨੂੰ ਇਕ ਗੱਲ ਹੋਰ ਦਸਦਾ ਹਾਂ। ਜਿਥੇ ਬਾਣੀ ਪੜ੍ਹਨ ਵਾਲਾ ਇਸ਼ਨਾਨ ਕਰ ਲਵੇ, ਉਹ ਪਾਣੀ ਵੀ ਪਵਿੱਤਰ ਹੋ ਜਾਂਦਾ ਹੈ।

ਮੇਰੇ ਕੋਲ ਇਕ ਸਿੰਘ ਆਇਆ ਉਹਦੇ ਹੱਥਾਂ ਦੇ ਉਤੇ, ਪੈਰਾਂ ਦੇ ਉਤੇ ਲਕੀਰਾਂ ਪਈਆਂ ਨੇ। ਪਾਣੀ ਜਾਈ ਜਾਂਦਾ ਸੀ ਉਨ੍ਹਾਂ ਵਿਚੋਂ ਹਰ ਵਕਤ। ਬੜਾ ਦੁਖੀ ਹੋ ਗਿਆ,

ਉਥੇ ਤੁਹਾਡੇ ਬੀਜੀ ਬੈਠੇ ਸੀ, ਮੇਰੇ ਕੋਲ ਆਏ ਕਹਿੰਦੇ ਤੁਸੀਂ ਇਹਦੇ ਸਿਰ ਤੇ ਹੱਥ ਲਾ ਦਿਓ, ਪਤਾ ਨਹੀਂ ਕੀ ਰੋਗ ਹੈ ਇਹਦਾ ਤਾਂ ਸਰੀਰ ਫਟਿਆ ਪਿਆ ਹੈ। ਉਹਨੇ ਆਪ ਹੀ ਕਹਿ ਦਿਤਾ ਕਿ ਜਿਥੇ ਸਿੰਘ ਇਸ਼ਨਾਨ ਕਰਦੇ ਨੇ ਉਥੇ ਗਾਰਾ ਮਲ ਲੈ। ਹੁਣ ਗਾਰੇ 'ਚ ਤਾਂ ਐਲਰਜੀ ਹੈ,

ਸਾਬਣ ਉਹਦੇ ਵਿਚ, ਮੈਲ ਉਹਦੇ 'ਚ ਹੈ।

ਉਹ ਤਿੰਨ ਦਿਨ ਮਲਦਾ ਰਿਹਾ ਜਾ ਕੇ, ਚੌਥੇ ਦਿਨ ਆ ਗਿਆ ਮੇਰੇ ਕੋਲ। ਬਿਲਕੁਲ ਠੀਕ ਹੱਥ ਹੋ ਗਏ। ਮੈਂ ਕਿਹਾ ਕੀ ਕਰਿਆ ਸੀ ਤੂੰ? ਕਹਿੰਦਾ ਜੀ ਮੈਨੂੰ ਬੀਬੀ ਜੀ ਨੇ ਕਹਿ ਦਿਤਾ ਕਿ ਉਹ ਗਾਰਾ ਮਲ ਲੈ। ਮੈਂ ਕਿਹਾ ਮੈਨੂੰ ਇਕ ਭੇਦ ਖੁਲ੍ਹ ਗਿਆ। ਹੁਣ ਮੇਰੇ ਕੋਲ ਆਉਂਦੇ ਨੇ ਸਕਿਨ ਵਾਲੇ , ਮੈਂ ਕਿਹਾ ਜਾਓ ਜਿਥੇ ਸਿੰਘ ਨਾਹੁੰਦੇ ਨੇ, ਉਥੋਂ ਜਾ ਕੇ ਗਾਰਾ ਮਲ ਲਓ। ਉਹ ਠੀਕ ਹੋਈ ਜਾਂਦੀ ਨੇ।

ਇਕ ਡਿਪਟੀ ਹੈਡਮਾਸਟਰ ਹੈ ਤੇ ਨਾਲ ਉਹਦੇ ਡਾਇਰੈਕਟਰ ਜਨਰਲ ਪੁਲਿਸ ਸੀ। ਉਹ ਕਹਿੰਦਾ ਜੀ, ਮੈਨੂੰ ਡਾਕਟਰਾਂ ਨੇ ਜਵਾਬ ਦੇ ਦਿਤਾ, ਮੇਰਾ ਮੂੰਹ ਅੰਦਰੋਂ ਕਾਲਾ ਹੋ ਗਿਆ। ਮੈਨੂੰ ਕੋਈ ਦਵਾਈ ਨਹੀਂ ਲਗ ਰਹੀ। ਭਾਟੀਆ ਸਾਹਿਬ ਸੀ ਉਹ। ਮੈਂ ਕਿਹਾ ਭਾਟੀਆ ਸਾਹਿਬ, ਤੈਨੂੰ ਮੈਂ ਇਕ ਗੱਲ ਦੱਸਦਾ ਹਾਂ। ਜਿਥੇ ਸੰਗਤਾਂ ਚਰਨ ਧੋ ਕੇ ਗੁਰੂ ਗ੍ਰੰਥ ਸਾਹਿਬ ਨੂੰ ਨਮਸਕਾਰ ਕਰਨ ਜਾਂਦੀਆਂ ਨੇ, ਉਸ ਤੋਂ ਪਹਿਲਾਂ ਉਨ੍ਹਾਂ ਦਾ ਮਨ ਗੁਰੂ ਨਾਲ ਜੁੜ ਜਾਂਦਾ ਹੈ। ਗੁਰੂ ਹੈ ਸਰਬ ਵਿਆਪਕ। ਉਹਦੀ ਜਿਹੜੀ ਐਨਰਜੀ ਹੈ ਉਹ ਉਹਦੇ ਵਿਚ ਪ੍ਰਵੇਸ਼ ਕਰ ਜਾਂਦੀ ਹੈ। ਜਿਥੇ ਉਹ ਚਰਨ ਧੋਂਦੇ ਹਨ ਉਸ ਪਾਣੀ ਦੀ ਮਹਾਨਤਾ ਐਨੀ ਹੋ ਜਾਂਦੀ ਹੈ, ਉਸ ਜਲ ਦੀ ਕਿ ਉਥੇ ਬੀਮਾਰ ਰਾਜ਼ੀ ਹੋ ਜਾਂਦੇ ਨੇ। ਮੈਂ ਕਿਹਾ ਤੂੰ ਕੁਰਲੀਆਂ ਕਰ ਲੈ। ਪਾਠ ਕਰ ਲੈ ਜਪੁਜੀ ਸਾਹਿਬ ਦੇ।

ਉਹ ਗਿਆ ਤਾਂ ਦੂਜੇ ਦਿਨ ਮੇਰੇ ਕੋਲ ਡਾਇਰੈਕਟਰ ਜਨਰਲ ਆ ਗਿਆ ਪੁਲਿਸ ਦਾ। ਉਹ ਵੀ ਬੀਮਾਰ ਸੀ ਉਹਨੂੰ ਵੀ ਮੈਂ ਦੱਸਿਆ। ਉਹ ਕਹਿੰਦਾ ਭਾਟੀਆ ਸਾਹਿਬ ਨੇ ਕੁਰਲੀਆਂ ਨਹੀਂ ਕਰੀਆਂ। ਮੈਂ ਕਿਹਾ ਫੇਰ ਕੀ ਕਰਿਆ? ਕਹਿੰਦਾ ਉਹਨੇ ਕਿਹਾ ਕਿ ਕੁਰਲੀਆਂ ਕੀ ਕਰਨੀਆਂ ਨੇ ਜਲ ਪੀ ਹੀ ਲੈਂਦੇ ਹਾਂ। ਹੁਣ ਦੇਖਿਆ ਜਾਵੇ ਤਾਂ ਪਾਣੀ ਮੈਲਾ ਹੈ, ਪੈਰਾਂ ਦੇ ਵਿਚ ਦੁਰਗੰਧ ਹੁੰਦੀ ਹੈ।

ਉਧਰਲੇ ਪਾਸੇ ਉਹ ਵੀਹ ਦਿਨ ਬਾਅਦ ਮੇਰੇ ਕੋਲ ਆਇਆ। ਮੈਂ ਕਿਹਾ ਭਾਟੀਆ ਸਾਹਿਬ! ਕੀ ਹਾਲ ਹੈ? ਕਹਿੰਦਾ ਜੀ ਦੇਖੋ, ਮੇਰਾ ਮੂੰਹ ਬਿਲਕੁਲ ਸਾਫ ਹੋ ਗਿਆ। ਕੋਈ ਬੀਮਾਰੀ ਨਹੀਂ ਰਹੀ।

ਡਾ. ਸਵਾਮੀ ਰਾਮ ਜੀ ਸੰਸਾਰ ਪ੍ਰਸਿੱਧ ਯੋਗੀ ਸੀ। ਉਨ੍ਹਾਂ ਨੇ ਹਾਸਪੀਟਲ ਬਣਾਇਆ, ਮੈਡੀਕਲ ਕਾਲਜ ਦੀ ਬੁਨਿਆਦ ਉਨ੍ਹਾਂ ਨੇ ਮੇਰੇ ਤੋਂ ਰਖਾਈ। ਹਿੰਦੂ ਯੂਨੀਵਰਸਿਟੀ ਦੀ ਬੁਨਿਆਦ ਬਾਬਾ ਅਤਰ ਸਿੰਘ ਜੀ ਮਹਾਰਾਜ ਨੇ ਰੱਖੀ ਸੀ। ਇਹ ਵੀ ਵੱਡੀ ਗੱਲ ਸੀ ਕਿ ਇਕ ਸੰਨਿਆਸੀ ਸਾਧੂ ਸਾਨੂੰ ਬੁਲਾਉਣ, ਦੂਜੇ ਮੱਤ ਵਾਲਿਆਂ ਨੂੰ ਕਿ ਸਾਡੇ ਆ ਕੇ ਬੁਨਿਆਦ ਰੱਖੋ। ਉਥੇ ਸਾਰੇ ਹੀ ਡਾਕਟਰ ਸੀਗੇ। ਮੈਂ ਉਨ੍ਹਾਂ ਨੂੰ ਕਿਹਾ ਕਿ ਤੁਸੀਂ ਨਾ ਦਵਾਈਆਂ ਦੇ ਮਗਰ ਪੈ ਕੇ ਮਨੁੱਖ ਦੀ ਅਧਿਆਤਮਕ ਹਸਤੀ ਭੁੱਲ ਜਾਂਦੇ ਹੋ। ਤੁਹਾਨੂੰ ਐਉਂ ਨਹੀਂ ਪਤਾ ਕਿ ਬੰਦਾ ਬੀਮਾਰ ਕਿਉਂ ਹੁੰਦਾ ਹੈ ਮਹਾਰਾਜ ਕਹਿੰਦੇ -

***ਪਰਮੇਸਰ ਤੇ ਭੁਲਿਆਂ ਵਿਆਪਨਿ ਸਭੇ ਰੋਗ॥***

*ਅੰਗ - 135*

ਜਦੋਂ ਅਸੀਂ ਉਸ ਪਰਮ ਐਨਰਜੀ ਦੇ ਨਾਲੋਂ ਟੁੱਟ ਜਾਂਦੇ ਹਾਂ, ਉਸ ਵੇਲੇ ਬੀਮਾਰੀ ਆਉਣੀ ਹੀ ਹੈ। ਮਾਨਸਕ ਤਣਾਅ ਅਸੀਂ ਸਾਂਭ ਨਹੀਂ ਸਕਦੇ। ਦਿਮਾਗ ਦੇ ਉਤੇ ਐਨਾ ਬੋਝ ਪੈ ਜਾਂਦਾ ਹੈ ਕਿ ਅਸੀਂ ਬੀਮਾਰ ਹੋ ਜਾਂਦੇ ਹਾਂ। ਉਸ ਦੇ ਵਿਪਰੀਤ, ਜੇ ਪਰਮੇਸ਼ਰ ਯਾਦ ਆ ਜਾਂਦਾ ਹੈ। ਬੀਮਾਰ ਰਾਜ਼ੀ ਹੋ ਜਾਂਦਾ ਹੈ। ਮੈਂ ਉਸ ਦਿਨ ਕਿੰਨੀਆਂ ਮਿਸਾਲਾਂ ਦਿਤੀਆਂ, ਮੈਂ ਕਿਹਾ ਖੋਜ ਕਰ ਲਓ, ਪੀ.ਜੀ.ਆਈ ਦੇ ਕਾਰਡ ਬਣੇ ਹੋਏ ਸੀ ਲੋਕਾਂ ਦੇ। ਐਨੇ ਬੀਮਾਰ ਲੋਕ ਜਿਹੜੇ ਰਾਜ਼ੀ ਹੋਏ ਨੇ। ਸੋ ਇਸ ਤਰ੍ਹਾਂ ਵਿਸ਼ਵਾਸ਼ ਨਾਲ ਸਭ ਕੁਝ ਹੋ ਜਾਂਦਾ ਹੈ। ਮੈਂ ਕਹਿੰਦਾ ਹਾਂ ਕਿ ਪੰਜ ਸਿੰਘ ਜਿਥੇ ਬੁਲਾਏ ਨੇ ਉਨ੍ਹਾਂ ਨੂੰ ਪਾਣੀ ਵਿਚੋਂ ਦੀ ਲੰਘਾ ਦਿਓ। ਉਹ ਪੈਰ ਨਹੀਂ ਧੁਆਉਂਦੇ। ਉਹ ਪਾਣੀ ਤੁਸੀਂ ਮੱਝਾਂ ਦੇ ਪੀਣ ਵਾਲੇ ਪਾਣੀ ਵਿਚ ਪਾ ਦਿਓ। ਦੂਜੇ ਦਿਨ ਆ ਗਏ ਕਹਿਣ ਲੱਗੇ ਸਾਡੀਆਂ ਮੱਝਾਂ ਦੇ ਥਣ ਖੁਲ੍ਹ ਗਏ ਸਾਰੇ। ਹੁਣ ਮੈਂ ਕਿਹਾ ਤੁਸੀਂ ਵਿਸ਼ਵਾਸ਼ ਕਰੋ। ਕਿਉਂਕਿ ਪੰਜਾਂ ਦੇ ਵਿਚ ਐਨਰਜੀ ਪ੍ਰਵੇਸ਼ ਹੁੰਦੀ ਹੈ ਗੁਰੂ ਦੀ। ਗੁਰੂ ਦਸਵੇਂ ਪਾਤਸ਼ਾਹ ਦਾ ਹੁਕਮ ਹੈ ਜਿਥੇ ਪੰਜ ਗੁਰੂ ਦੇ ਸਿੱਖ ਇਕੱਠੇ ਹੋਣਗੇ, ਉਥੇ ਮੈਂ ਵਰਤਾਂਗਾ। ਸੋ ਇਸ ਤਰ੍ਹਾਂ ਜਦੋਂ ਪੰਜ ਸਿੰਘ ਗੁਰੂ ਗ੍ਰੰਥ ਸਾਹਿਬ ਦੇ ਤਾਬੇ ਆਉਂਦੇ ਨੇ, ਆਪਣੇ ਆਪ ਨੂੰ ਸਮਰਪਨ ਕਰਦੇ ਨੇ, ਚਲੋ ਕਮੀਆਂ ਨੇ ਸਾਰਿਆਂ ਵਿਚ। ਜੇ ਇਕ ਹੋਵੇ ਫੇਰ ਤਾਂ ਗੁਰੂ ਬਣ ਗਿਆ। ਪੰਜਾਂ ਦੀ ਇਕੱਤਰਤਾ ਹੈ ਜਿਹੜੀ, ਉਹ ਸਾਰੀ ਨੂੰ ਮਿਲਾ ਕੇ ਉਹਦੇ ਵਿਚ ਗੁਰੂ ਪ੍ਰਵੇਸ਼ ਕਰ ਜਾਂਦਾ ਹੈ। ਉਹ ਗੁਰੂ ਪ੍ਰਵੇਸ਼ ਕਰਿਆ ਹੋਇਆ ਅੰਮ੍ਰਿਤ ਛਕਾਉਂਦੇ ਨੇ। ਫੇਰ ਉਹ ਕਹਿੰਦੇ ਨੇ ਅਸੀਂ ਤੈਨੂੰ ਦੋ ਮੰਤਰ ਦਿੰਦੇ ਹਾਂ। ਇਕ ਤਾਂ ਮੂਲਮੰਤਰ ਹੈ, ਦੂਸਰਾ ਤੈਨੂੰ ਮੰਤਰ ਦਿੰਦੇ ਹਾਂ ਜਿਹਨੂੰ ਗੁਰਮੰਤਰ ਕਹਿੰਦੇ ਨੇ ਜਿਹਨੂੰ ਜਪ ਕੇ ਤੂੰ ਨਾਮ ਤਕ ਪਹੁੰਚ ਜਾਏਂਗਾ। ਇਹ ਮੰਤਰ ਹੈ ਗੁਰੂ ਦਾ। ਇਸ ਮੰਤਰ ਨੂੰ ਜਪ ਕੇ ਅਸੀਂ ਨਾਮ ਤਕ ਰੁਸਵਾਈ ਕਰ ਲੈਂਦੇ ਹਾਂ। ਸਿਰੇ ਪਹੁੰਚਦੇ ਹਾਂ, ਕਿਉਂਕਿ ਨਾਮ ਸਾਨੂੰ ਸਿਰੇ ਲੈ ਜਾਂਦਾ ਹੈ।

ਸੋ ਇਸ ਕਰਕੇ ਸਾਧਸੰਗਤ ਜੀ! ਨਾਮ ਗੁਰੂ ਤੋਂ ਮਿਲਣਾ ਹੈ।

***ਬਿਨੁ ਸਤਿਗੁਰ ਨਾਉ ਨ ਪਾਈਐ ਬੁਝਹੁ ਕਰ ਵੀਚਾਰੁ॥***
***ਨਾਨਕ ਪੂਰੈ ਭਾਗਿ ਸਤਿਗੁਰੁ ਮਿਲੈ ਸੁਖੁ ਪਾਏ ਜੁਗ ਚਾਰਿ॥***

*ਅੰਗ - 649*

ਜਿੰਨਾ ਚਿਰ ਪੂਰੇ ਭਾਗ ਨਹੀਂ ਬਣਦੇ, ਸਤਿਗੁਰੂ ਨਹੀਂ ਮਿਲਦਾ। ਸਤਿਗੁਰੂ ਤੇ ਵਿਸ਼ਵਾਸ਼ ਨਹੀਂ ਆਉਂਦਾ।

ਪਿਆਰਿਓ! ਗੁਰੂ ਨਾਨਕ ਦੇ ਘਰ ਵਿਚ ਨਾਮ ਹੈ। ਹੁਣ ਜੁਗ ਨਹੀਂ ਰਿਹਾ। ਜੁਗ ਬਦਲ ਗਿਆ।

ਕ੍ਰਿਸ਼ਨ ਮਹਾਰਾਜ ਅਚਾਨਕ ਪਾਂਡਵਾਂ ਨੂੰ ਕਹਿਣ ਲੱਗੇ ਕਿ ਲਓ ਬਈ ਜੁਗ ਬਦਲ ਗਿਆ। ਕਹਿੰਦੇ ਕੀ ਹੋ ਰਿਹਾ ਹੈ ਮਹਾਰਾਜ? ਕਹਿੰਦੇ ਕਲਜੁਗ ਲਗ ਗਿਆ। ਕਹਿੰਦੇ ਮਹਾਰਾਜ, ਉਹਦਾ ਵਰਤ ਵਰਤਾਰਾ ਕੀ ਹੋਏਗਾ? ਕਹਿਣ ਲੱਗੇ ਕਿ ਕੋਈ ਕੇਸ ਹੈ ਤੁਹਾਡੀ ਕੋਰਟ ਦੇ ਵਿਚ? ਕਹਿੰਦੇ ਹਾਂ ਜੀ, ਆਇਆ ਹੋਇਆ ਹੈ ਅਸੀਂ ਫੈਸਲਾ ਨਹੀਂ ਕਰ ਸਕਦੇ। ਕਹਿਣ ਲੱਗੇ, ਕੀ ਹੈ? ਕਹਿੰਦੇ ਇਕ ਕਿਸਾਨ ਨੇ ਜ਼ਮੀਨ ਵੇਚੀ ਹੈ। ਉਹਦੇ ਵਿਚੋਂ ਨਿਕਲ ਆਇਆ ਖਜ਼ਾਨਾ। ਉਸ ਕਿਸਾਨ ਨੇ ਅਰਜ਼ੀ ਦਿਤੀ ਹੈ ਕਿ ਜਿਹਨੂੰ ਮੈਂ ਜ਼ਮੀਨ ਦਿਤੀ ਹੈ, ਖਜ਼ਾਨਾ ਨਹੀਂ ਲੈਂਦਾ, ਪੈਸਾ ਨਹੀਂ ਲੈਂਦਾ ਜਿਹੜਾ ਇਹਦੇ ਵਿਚੋਂ ਨਿਕਲਿਆ ਹੈ। ਜਿਹਨੇ ਜ਼ਮੀਨ ਲਈ ਉਹਨੇ ਅਰਜ਼ੀ ਦਿਤੀ, ਉਹਨੇ ਕਿਹਾ ਕਿ ਅਸੀਂ ਜ਼ਮੀਨ ਲਈ ਹੈ, ਪੈਸਾ ਨਹੀਂ ਲਿਆ ਜਿਹੜਾ ਇਹਦੇ ਵਿਚੋਂ ਨਿਕਲਿਆ ਹੈ। ਕ੍ਰਿਸ਼ਨ ਮਹਾਰਾਜ ਨੇ ਕਿਹਾ, ਕਹਿੰਦੇ ਦੋ ਮਹੀਨੇ ਨਾ ਤੁਸੀਂ ਫੈਸਲਾ ਕਰੋ। ਦੋ ਮਹੀਨੇ ਬਾਅਦ ਦੋਹਾਂ ਦੀਆਂ ਅਰਜ਼ੀਆਂ ਆ ਗਈਆਂ ਕਿ ਮੇਰੀ ਜ਼ਮੀਨ ਵਿਚ ਖਜ਼ਾਨਾ ਸੀ ਉਹ ਤਾਂ ਵੇਚਿਆ ਨਹੀਂ, ਉਹ ਤਾਂ ਮੇਰਾ ਹੈ। ਜ਼ਮੀਨ ਵਾਲੇ ਕਹਿੰਦੇ ਕਿ ਜੀ ਇਹ ਜ਼ਮੀਨ ਤਾਂ ਅਸੀਂ ਖਰੀਦੀ ਹੈ, ਚਾਹੇ ਸਾਰੀ ਸੋਨੇ ਦੀ ਨਿਕਲ ਆਵੇ, ਇਹ ਸਾਡੀ ਹੈ। ਕਹਿੰਦੇ ਲਗ ਗਿਆ ਕਲਜੁਗ। ਲੋਕਾਂ ਦੇ ਖਿਆਲ ਬਦਲ ਗਏ।

ਪੁਛਿਆ ਕਿ ਮਹਾਰਾਜ, ਇਹਦੇ ਵਿਚ ਕੀ ਵਰਤਾਰਾ ਹੋਏਗਾ? ਵਰਤਾਰਾ ਲੰਮੀ ਚੌੜੀ ਗੱਲ ਹੈ, ਉਨ੍ਹਾਂ ਨੇ ਦੱਸਿਆ ਤੇ ਆਖਰੀ ਗੱਲ ਇਹ ਹੈ ਕਿ ਯੁਧਿਸ਼ਟਰ ਕਹਿਣ ਲੱਗਿਆ, ਕਿ ਮਹਾਰਾਜ! ਮੈਨੂੰ ਇਹ ਦਿਸਿਆ ਕਿ ਇਕ ਵੱਡਾ ਭਾਰਾ ਪੱਥਰ ਰੁੜਿਆ ਆ ਰਿਹਾ ਹੈ, ਸੈਂਕੜੇ ਟਨਾਂ ਦਾ, ਉਹ ਸਭ ਦਰਖਤ ਤੋੜਦਾ ਤੁਰਿਆ ਆ ਰਿਹਾ ਹੈ। ਜਦੋਂ ਉਹ ਖੱਡ ਵਿਚ ਗਿਰਨ ਲੱਗਿਆ ਇਕ ਘਾਹ ਦੇ ਤਿਣਕੇ ਨੇ ਰੋਕ ਲਿਆ। ਇਹ ਗੱਲ ਮੇਰੇ ਸਮਝ ਵਿਚ ਨਹੀਂ ਆ ਰਹੀ? ਕਹਿਣ ਲੱਗੇ, ਰਾਜਨ! ਜੁਗ ਨੇ ਦਸ ਦਿਤਾ ਕਿ ਮੇਰੇ ਜੁਗ ਦੇ ਅੰਦਰ ਕਿਸ ਤਰ੍ਹਾਂ ਦੇ ਨਾਲ ਪਾਰ ਉਤਾਰਾ ਹੋਏਗਾ। ਪਾਪਾਂ ਦਾ ਖਾਤਮਾ ਕਿਵੇਂ ਹੋਏਗਾ। ਕਹਿੰਦੇ ਇਹਨੇ ਦਸ ਦਿਸਾ ਕਿ ਕਰਮਕਾਂਡ, ਜਿੰਨੀਆਂ ਮਰਿਆਦਾ ਇਨ੍ਹਾਂ ਦੀ ਹੁਣ ਕੋਈ ਕੀਮਤ ਨਹੀਂ ਰਹੀ। ਮੇਰੇ ਜੁਗ ਦੇ ਅੰਦਰ ਦੋ ਅੱਖਰਾਂ ਦਾ ਅੱਲਾ, ਚਾਰ ਅੱਖਰਾਂ ਦਾ ਵਾਹਿਗੁਰੂ, ਚਾਰ ਦਾ ਨਾਰਾਇਣ, ਦੋ ਦਾ ਰਾਮ। ਇਹ ਪ੍ਰਮੇਸ਼ਰ ਦਾ ਨਾਮ ਹੈ ਇਹ ਸਾਰੇ ਪਾਪਾਂ ਨੂੰ ਠੱਲ੍ਹ ਦੇਏਗਾ।

***ਗੁਰ ਕਾ ਸਬਦੁ ਕਾਟੈ ਕੋਟਿ ਕਰਮ॥ ਅੰਗ - 1195***

ਸੋ ਗੁਰੂ ਨਾਨਕ ਪਾਤਸ਼ਾਹ ਕਹਿਣ ਲੱਗੇ ਪਿਆਰਿਓ! ਜੇ ਜੀਵਾਂ ਦਾ ਉਧਾਰ ਹੋਣਾ ਹੈ ਤਾਂ ਹੁਣ ਕੇਵਲ ਨਾਮ ਦੇ ਆਸਰੇ ਹੋਣਾ ਹੈ।

***ਅਬ ਕਲੂ ਆਇਓ ਰੇ॥***
***ਇਕੁ ਨਾਮੁ ਬੋਵਹੁ ਬੋਵਹੁ॥***
***ਅਨ ਰੁਤਿ ਨਾਹੀ ਨਾਹੀ॥***
***ਮਤੁ ਭਰਮਿ ਭੂਲਹੁ ਭੂਲਹੁ॥ ਅੰਗ - 1185***

ਐਡੀ ਵੱਡੀ ਸਪਸ਼ਟ ਗੱਲ ਸਾਨੂੰ ਕਹੀ ਹੈ। ਜੇ ਅਸੀਂ ਨਾਮ ਵਲ ਨਹੀਂ ਲਗਦੇ, ਨਾਮ ਛੱਡ ਦਿੰਦੇ ਹਾਂ। ਨਾਮ ਨੂੰ ਛੱਡ ਕੇ ਹੋਰ ਕਰਮਾਂ ਦੇ ਵਿਚ ਪ੍ਰਵੇਸ਼ ਕਰ ਜਾਂਦੇ ਹਾਂ। ਤਾਂ ਅਸੀਂ ਮਹਾਰਾਜ ਦੀ ਗੱਲ ਹੀ ਨਹੀਂ ਸਮਝੀ। ਜਾਂ ਇਹ ਹੈ ਕਿ ਅਸੀਂ ਨਾਲਾਇਕ ਹਾਂ, ਸਾਡਾ ਗੁਰੂ ਪੂਰਾ ਹੈ, ਉਹ ਸਾਨੂੰ ਸਮਝਾਉਂਦਾ ਹੈ ਬੱਚਿਆਂ ਵਾਂਗਰ, ਅਸੀਂ ਨਹੀਂ ਸਮਝ ਰਹੇ।

ਸੋ ਹੁਣ ਜੁਗ ਜਿਹੜਾ ਹੈ ਇਹ ਵੱਤ ਲਗ ਗਈ ਨਾਮ ਦੀ। ਇਹਦੇ ਵਿਚ ਨਾਮ ਬੀਜਣਾ ਹੈ। ਨਾਮ ਮਿਲਦਾ ਕਿਥੋਂ ਹੈ? ਨਾਮ ਮਿਲਦਾ ਹੈ ਸਤਿਗੁਰੂ ਦੀ ਸੇਵਾ ਕਰਨ ਤੇ, ਮੰਤਰ ਮਿਲਦਾ ਹੈ। ਉਹਦੇ ਨਾਲ ਇਕ ਵਿਸ਼ੇਸ਼ ਤਰ੍ਹਾਂ ਦੀ ਜ਼ਿੰਦਗੀ ਜੀਉਣੀ ਪੈਂਦੀ ਹੈ। ਇਕ ਮਰਿਆਦਾ ਦਾ ਜੀਵਨ ਜੀਉਣਾ ਪੈਂਦਾ ਹੈ। ਇਕ ਮਰਿਆਦਾ ਤਾਂ ਉਹ ਜਿਹੜੀਆਂ ਪੰਜ ਪਿਆਰੇ ਦਸਦੇ ਨੇ। ਇਕ ਉਹ ਹੈ ਜਿਹੜੀ ਅੰਦਰਲੀਆਂ ਰਹਿਤਾਂ ਨਾਲ ਸਬੰਧ ਰਖਦੀ ਹੈ।

***ਨਿੰਦਾ ਭਲੀ ਕਿਸੈ ਕੀ ਨਾਹੀ ਮਨਮੁਖ ਮੁਗਧ ਕਰੰਨਿ॥***
***ਮੁਹ ਕਾਲੇ ਤਿਨ ਨਿੰਦਕਾ ਨਰਕੇ ਘੋਰਿ ਪਵੰਨਿ॥***
***ਅੰਗ - 755***

ਹੁਣ ਇਹ ਜਿਹੜਾ ਆਦੇਸ਼ ਹੈ ਅਕਾਲ ਪੁਰਖ ਵਲੋਂ ਕਰਮ ਕਰ ਲਏ ਜਿੰਨਾ ਜੀਅ ਕਰਦਾ ਹੈ, ਪੁੰਨ ਦਾਨ ਕਰ ਲਏ, ਇਕ ਪਾਸੇ ਕਰ ਦਿਤੀ ਨਿੰਦਿਆ। ਸਾਰਾ ਕੁਛ ਖਤਮ ਕਰ ਦਿੰਦੀ ਹੈ। ਇਕ ਪਾਸੇ ਬਾਣੀ ਪੜ੍ਹਦਾ ਹੈ, ਇਕ ਪਾਸੇ ਨਿੰਦਿਆ ਕਰਦਾ ਹੈ। ਫੇਰ ਕਹਿੰਦਾ ਹੈ ਮੇਰੀ ਤਰੱਕੀ ਨਹੀਂ ਹੁੰਦੀ, ਮੇਰਾ ਚਿੱਤ ਨਹੀਂ ਲਗਦਾ। ਕਿਵੇਂ ਲੱਗੇਗਾ ਚਿੱਤ ਕਿਉਂਕਿ ਤੂੰ ਨਿੰਦਿਆ ਕਰਦਾ ਹੈਂ।

***ਕਰੈ ਨਿੰਦ ਸਭ ਬਿਰਥਾ ਜਾਵੈ॥ ਅੰਗ - 275***

ਜੇ ਦਇਆ ਨਹੀਂ ਹਿਰਦੇ ਵਿਚ ਆਈ, ਖਿਮਾ ਹਿਰਦੇ ਵਿਚ ਪੈਦਾ ਨਹੀਂ ਹੋਈ। ਸੰਤੋਖ ਧਾਰਨ ਨਹੀਂ ਕਰਿਆ। ਅਹਿੰਸਾ ਮਨ ਵਿਚ ਨਹੀਂ ਆਈ। ਫੇਰ ਤੇਰੀ ਜੀਵਨ ਜੁਗਤਿ ਜੋ ਹੈ ਉਹ ਨਾਮ ਜਪਣ ਦੇ ਅਨੁਕੂਲ ਨਹੀਂ ਹੈ। ਇਸ ਬਾਰੇ ਤੈਨੂੰ ਸੋਚਣਾ ਪਵੇਗਾ, ਦੇਖਣਾ ਪਵੇਗਾ ਕਿ ਮੈਂ ਕਿਸ ਤਰ੍ਹਾਂ ਦਾ ਜੀਵਨ ਜੀਵਾਂ ਕਿ ਮੇਰਾ ਨਾਮ ਚੱਲ ਪਵੇ। ਨਾਮ ਤੇਰੇ ਅੰਦਰ ਹੈ –

***ਨਉ ਨਿਧਿ ਅੰਮ੍ਰਿਤੁ ਪ੍ਰਭ ਕਾ ਨਾਮੁ।***
***ਦੇਹੀ ਮਹਿ ਇਸ ਕਾ ਬਿਸ੍ਰਾਮ॥ ਅੰਗ - 293***

ਬਾਹਰੋਂ ਨਾਮ ਨਹੀਂ ਆਉਣਾ। ਅੰਦਰ ਹੈ ਨਾਮ ਤੇ ਉਹਦੀ ਨਿਸ਼ਾਨੀ ਕੀ ਹੈ?

*ਸੁੰਨ ਸਮਾਧਿ ਅਨਹਤ ਤਹਿ ਨਾਦ॥*
*ਕਹਨੁ ਨ ਜਾਈ ਅਚਰਜ ਬਿਸਮਾਦ॥* *ਅੰਗ - 293*

ਮਹਾਰਾਜ ਨੇ ਇਸ਼ਾਰਾ ਕਰ ਦਿਤਾ ਕਿ ਨਾਮ ਤੇਰੇ ਅੰਦਰ ਹੈ, ਤੂੰ ਉਥੇ ਪਹੁੰਚਣਾ ਹੈ ਨਾਮ ਤਕ। ਉਹਦਾ ਗੁਪਤ ਰਸਤਾ ਹੈ। ਉਹ ਤੈਨੂੰ ਸਤਿਸੰਗ 'ਚੋਂ ਪ੍ਰਾਪਤ ਹੋਣਾ ਹੈ।

*ਸਤਸੰਗਤਿ ਕੈਸੀ ਜਾਣੀਐ॥*
*ਜਿਥੈ ਏਕੋ ਨਾਮੁ ਵਖਾਣੀਐ॥* *ਅੰਗ - 72*

ਜਿਥੇ ਨਾਮ ਦੀ ਗੱਲ ਚਲਦੀ ਹੈ ਉਹ ਸਤਿਸੰਗ ਹੈ, ਨਹੀਂ ਮਨੁੱਖਾਂ ਦਾ ਇਕੱਠ ਹੈ। ਮਤ ਭੁਲੇਖਾ ਖਾਓ। ਜਿਥੇ ਸੱਚਮੁਚ ਬਿਰਤੀ ਉਥਾਨ ਹੁੰਦੀ ਹੈ ਉਹ ਸਤਿਸੰਗ ਦੀ ਗਿਣਤੀ 'ਚ ਆਉਂਦੇ ਨੇ। ਉਹ ਸਤਿ ਨਾਲ ਜੁੜੇ ਹੋਏ ਆਉਂਦੇ ਨੇ, ਉਨ੍ਹਾਂ ਦੀ ਮਦਦ ਦੇ ਨਾਲ ਨਾਮ ਅੰਦਰ ਚਲਦਾ ਹੈ। ਨਾਮ ਦਾ ਪ੍ਰਕਾਸ਼ ਹੁੰਦਾ ਹੈ। ਸੋ ਉਹਦੇ ਵਾਸਤੇ ਅਸੀਂ ਕਲਜੁਗੀ ਜੀਵ ਕੀ ਕਰੀਏ? ਸਾਡੀਆਂ ਤਾਂ ਬਿਰਤੀਆਂ ਖਿੰਡੀਆਂ ਪਈਆਂ ਨੇ।

ਅਸੀਂ ਕਰੀਏ ਕੀ? ਲੰਘ ਕਿਵੇਂ ਸਕਦੇ ਹਾਂ? ਅਸੀਂ ਤਾਂ ਆਪਣੇ ਆਪ ਨੂੰ ਭੁਲੇਖੇ ਵਿਚ ਲੈ ਕੇ ਕਿ ਮੈਂ ਤਾਂ ਰੋਜ਼ ਗੁਰਦੁਆਰੇ ਜਾਂਦਾ ਹਾਂ। ਮੈਂ ਪਾਠ ਵੀ ਕਰਦਾ ਹਾਂ, ਉਹ ਵੀ ਕਰਦਾ ਹਾਂ, ਉਹ ਠੀਕ ਹੈ ਪਰ ਤੈਨੂੰ ਫਲ ਕਿਉਂ ਨਹੀਂ ਪੈ ਰਿਹਾ। ਕੋਈ ਨੁਕਸ ਹੈ ਇਸ ਗੱਲ ਵਿਚ।

ਤੁਹਾਡੇ ਵੀ.ਸੀ.ਆਰ ਹੈ ਕਿੰਨੀਆਂ ਤਾਰਾਂ ਨੇ ਉਹਦੇ ਵਿਚ। ਇਕ ਤਾਰ ਨਿਖੇੜ ਦਿਓ, ਨਹੀਂ ਆਉਂਦੀ ਤਸਵੀਰ। ਇਹ ਮਸ਼ੀਨਰੀ ਸਾਰੀ ਸੈਟ ਕਰਨੀ ਪੈਣੀ ਹੈ। ਉਹਦਾ ਜੋ ਵੀ ਰਸਤਾ ਹੈ, ਉਹ 1430 ਪੰਨਿਆਂ ਦੇ ਅੰਦਰ ਗੁਰੂ ਮਹਾਰਾਜ ਨੇ ਵੱਖਰੇ-ਵੱਖਰੇ ਸਿਧਾਂਤਾਂ ਦੇ ਨਾਲ ਲਿਖਿਆ ਹੋਇਆ ਹੈ। ਗੁਰੂ ਗ੍ਰੰਥ ਸਾਹਿਬ ਨੂੰ ਅਪਣਾਓ। ਗੁਰੂ ਗ੍ਰੰਥ ਸਾਹਿਬ ਦੀ ਤਾਲੀਮ ਨੂੰ ਦੁਨੀਆਂ ਵਿਚ ਫੈਲਾਓ, ਸਿੰਘੋ। ਬਾਕੀ ਚੀਜ਼ਾਂ ਠੀਕ ਨੇ, ਵਾਹਿਗੁਰੂ ਨੇ ਤੁਹਾਨੂੰ ਬੜਾ ਧਨ ਦਿਤਾ ਹੈ। ਬੜੇ ਸੁਖ ਮਾਣ ਰਹੇ ਓਂ। ਤੁਹਾਡੇ ਸੁਖਾਂ ਨਾਲ ਜੇ ਅਸੀਂ ਆਪਣੇ ਸੁਖਾਂ ਦਾ ਮੁਕਾਬਲਾ ਕਰੀਏ ਤਾਂ ਅਸੀਂ ਤਾਂ ਦਿੱਲੀ ਤੱਕ ਪਹੁੰਚਦੇ ਹੀ ਥੱਕ ਜਾਂਦੇ ਹਾਂ। ਇਥੇ ਲੰਡਨ ਮੈਂ ਆਇਆ ਹਾਂ ਇਥੇ ਪਤਾ ਹੀ ਨਹੀਂ ਲਗਿਆ ਕਿ ਮੈਂ ਕਾਰ 'ਚ ਬੈਠਾ ਹਾਂ ਕਿ ਮੰਜੇ ਤੇ ਬੈਠਾ ਹਾਂ। ਕਾਰ ਕਿਤੇ ਵੀ ਜੰਪ ਨਹੀਂ ਕਰਦੀ। ਸੋ ਵਾਹਿਗੁਰੂ ਨੇ ਤੁਹਾਨੂੰ ਅਨੇਕਾਂ ਹੀ ਸੁਖ ਦਿਤੇ ਹਨ। ਪੈਸਾ ਦਿਤਾ ਹੈ, ਵਿਹਲੇ ਬੈਠਿਆਂ ਨੂੰ ਵੀ ਤੁਹਾਨੂੰ ਸੋਸ਼ਲ ਸਕਿਓਰਟੀ ਆਈ ਜਾਂਦੀ ਹੈ। ਸਾਡੇ ਵਿਹਲਾ ਬੈਠ ਕੇ ਦੇਖੇ ਕੋਈ ਭੁੱਖਾ ਮਰ ਜਾਂਦਾ ਹੈ। ਤੁਹਾਡੇ ਤੋਂ ਕੋਈ ਕੰਮ ਲੈਣਾ ਹੈ ਵਾਹਿਗੁਰੂ ਨੇ, ਪੱਬਾਂ ਵਿਚ ਨਾ ਜਾਓ। ਉਹਦੀ ਥਾਂ ਦੇ ਖੋਜ ਕਰੋ ਕਿ ਅਸੀਂ ਗੁਰੂ ਗ੍ਰੰਥ ਸਾਹਿਬ ਦਾ ਸਿਧਾਂਤ ਸੰਸਾਰ ਵਿਚ ਫੈਲਾਈਏ।

ਸੰਤ ਸਮਾਜ ਦੀ ਮੀਟਿੰਗ ਹੋ ਰਹੀ ਸੀ। ਉਹਦੇ ਵਿਚ ਮਰਿਆਦਾ ਵਾਲਾ ਰੌਲਾ ਸੀ ਮੈਂ ਵੀ ਉਹਦੇ ਵਿਚ ਗਿਆ ਹੋਇਆ ਸੀ। ਉਥੇ ਉਹ ਮਰਿਆਦਾ ਲਿਖਾ ਰਹੇ ਨੇ। ਉਹਦੇ ਵਿਚ ਕਹਿੰਦੇ ਨੇ ਕਿ ਪੈਂਟ ਪਾਈ ਵਾਲਾ ਨਹੀਂ ਜਾ ਸਕਦਾ, ਦਾੜ੍ਹੀ ਚਾੜ੍ਹੀ ਹੋਈ ਵਾਲਾ ਹੁਕਮਨਾਮਾ ਨਹੀਂ ਲੈ ਸਕਦਾ, ਮਹਾਰਾਜ ਦੇ ਤਾਬੇ ਨਹੀਂ ਜਾ ਸਕਦਾ। ਕਹਿੰਦੇ ਬੀਬੀਆਂ ਜਿਹੜੀਆਂ ਨੇ ਉਨ੍ਹਾਂ ਤੇ ਵੀ ਕਾਫੀ ਬੰਦਸ਼ਾਂ ਲਾ ਦਿਤੀਆਂ। ਮੈਂ ਸੁਣੀ ਗਿਆ, ਫੇਰ ਮੈਂ ਉਠਿਆ, ਮੈਂ ਕਿਹਾ ਮੈਨੂੰ ਦਿੰਦੇ ਓਂ ਇਜਾਜ਼ਤ? ਕਹਿੰਦੇ ਹਾਂ। ਮੈਂ ਕਿਹਾ ਕਿ ਇਹ ਗੁਰੂ ਸਾਹਿਬ ਦੀ ਮਰਿਆਦਾ ਬਣਾਈ ਹੋਈ ਹੈ। ਉਹ ਵਿਚ ਤੁਸੀਂ ਆਪਣੀ ਰਲਾ ਰਹੇ ਓਂ। ਇਹ ਜਿਹੜੇ ਮੁਢਲੇ ਸਿਧਾਂਤ ਨੇ ਰੂਹਾਨੀ ਮੰਜ਼ਿਲ ਦੇ ਵਿਚ, ਇਹ ਸਾਡੇ ਤੇ ਲਾਗੂ ਹੁੰਦੇ ਨੇ, ਇਹ ਕੀ ਹੈ? ਕਹਿੰਦੇ ਇਹ ਤਾਂ ਨਿਯੰਤਰਣ ਹੈ। ਮੈਂ ਕਿਹਾ ਗੁਰੂ ਗ੍ਰੰਥ ਸਾਹਿਬ ਨੂੰ ਤੁਸੀਂ ਮੂਰਤੀ ਬਣਾਉਣਾ ਚਾਹੁੰਦੇ ਓਂ ਕਿ ਆਹ ਨਹੀਂ ਪੜ੍ਹ ਸਕਦਾ, ਉਹ ਨਹੀਂ ਪੜ੍ਹਦਾ, ਉਹ ਨਹੀਂ ਪੜ੍ਹ ਸਕਦਾ। ਇਹ ਕੀ ਸਮਝਦੇ ਓਂ ਤੁਸੀਂ, ਅਗਿਆਨਤਾ ਹੀ ਅਗਿਆਨਤਾ ਤੁਸੀਂ ਦਿੰਦੇ ਤੁਰੇ ਜਾ ਰਹੇ ਹੋਂ। ਲੋਕਾਂ ਨੂੰ ਬੀਮਾਰ ਕਰ ਰਹੇ ਓਂ ਕਿ ਗੁਰੂ ਗ੍ਰੰਥ ਸਾਹਿਬ ਨਾ ਪੜ੍ਹੋ, ਗੁਰੂ ਗ੍ਰੰਥ ਸਾਹਿਬ ਨਾ ਸੁਣੋ। ਤੁਹਾਨੂੰ ਪਤਾ ਹੈ ਗੁਰੂ ਗ੍ਰੰਥ ਸਾਹਿਬ ਸਰਬ ਸਾਂਝਾ ਸੁਨੇਹਾ ਹੈ। ਇਹਨੇ ਸਾਰੀ ਦੁਨੀਆਂ 'ਚ ਫੈਲਣਾ ਹੈ। ਇਹਨੇ ਸਾਰੀ ਦੁਨੀਆਂ ਦੀਆਂ ਜ਼ੁਬਾਨਾਂ ਵਿਚ ਆਉਣਾ ਹੈ। ਆ ਜਾਣਗੇ ਓਹੀ ਜਿਹੜੇ ਇਹਦੀ ਸਹੀ ਸਿਧਾਂਤ ਨੂੰ ਸਮਝ ਕੇ ਦੁਨੀਆਂ ਦੇ ਵਿਚ ਫੈਲਾਓ ਕਰਨਗੇ। ਦੁਨੀਆਂ ਨੂੰ ਜੇ ਇਸ ਵਕਤ ਕੋਈ ਰਾਹ ਦਿਖਾ ਸਕਦਾ ਹੈ ਤਾਂ ਗੁਰੂ ਗ੍ਰੰਥ ਸਾਹਿਬ ਕਰ ਸਕਦੇ ਨੇ। ਮੈਂ ਸਾਰੀਆਂ ਪੁਸਤਕਾਂ ਪੜ੍ਹ ਕੇ ਦੇਖੀਆਂ ਨੇ, ਤਰਕ ਨਾਲ ਵੀ ਪੜ੍ਹੀਆਂ ਨੇ, ਪਿਆਰ ਨਾਲ ਵੀ ਪੜ੍ਹੀਆਂ ਨੇ। ਤੇ ਜਦੋਂ ਵੀ ਡਾਕਟਰ ਸਵਾਮੀ ਰਾਮ ਜੀ ਸਮਾਗਮ 'ਚ ਆਏ ਇੰਡੀਆ, ਅਖਬਾਰਾਂ ਵਾਲਿਆਂ ਦਾ, ਪੁਲਿਸ ਦਾ ਇਹ ਅਨੁਮਾਨ ਹੈ ਕਿ ਦਸ ਲੱਖ ਬੰਦਾ ਇਕੱਠਾ ਹੁੰਦਾ ਹੈ। ਐਨਾ ਧਾਰਮਿਕ ਸਮਾਗਮ ਪੰਜਾਬ ਵਿਚ ਰਾਧਾ ਸਵਾਮੀਆਂ ਤੋਂ ਬਿਨਾਂ ਹੋਰ ਕਿਤੇ ਨਹੀਂ ਹੋਣਾ। ਉਹਦੇ ਵਿਚ ਉਨ੍ਹਾਂ ਨੇ ਐਲਾਨ ਕਰਿਆ ਕਿ ਮੈਂ ਕੁਰਾਨ ਸ਼ਰੀਫ ਪੜ੍ਹਿਆ, ਨਮਾਜ਼ ਪੜ੍ਹ ਕੇ ਦੇਖੀ, ਮੈਂ ਬਾਈਬਲ ਪੜ੍ਹੀ, ਚਾਰੇ ਵੇਦਾਂ ਦਾ ਮੈਂ ਗਿਆਤਾ, ਸਤਾਈ ਸਿਮ੍ਰਿਤੀਆਂ, ਉਪਨਿਸ਼ਦਾਂ, ਛੇਈ ਸ਼ਾਸਤਰ ਮੈਂ ਪੜ੍ਹੇ। ਕਹਿੰਦੇ ਪਿਆਰਿਓ! ਮੇਰੀ ਗੱਲ ਸੁਣੋ, ਜਦੋਂ ਮੈਂ ਗੁਰੂ ਗ੍ਰੰਥ ਸਾਹਿਬ 'ਚ ਦਾਖਲ ਹੋਇਆ, ਮੈਂ ਕਿਹਾ ਇਹ ਤਾਂ ਸਾਰਿਆਂ ਤੋਂ ਵੱਡਾ ਹੈ। ਇਹਦੇ ਮੁਕਾਬਲੇ ਤੇ ਕੋਈ ਦੁਨੀਆਂ ਦੀ ਚੀਜ਼ ਨਹੀਂ। ਜਦੋਂ ਮੈਂ ਸਿੱਖ ਧਰਮ ਦਾ ਇਹਦੇ ਵਿਚੋਂ ਅਧਿਐਨ ਕਰਿਆ ਤਾਂ ਮੈਂ ਕਿਹਾ ਇਹ ਤਾਂ ਸਭ ਧਰਮਾਂ ਦੇ ਵਿਚੋਂ ਪ੍ਰਮੁੱਖ ਹੋ ਕੇ ਸਿੱਖ ਧਰਮ ਬਣਿਆ ਤੇ ਤੁਸੀਂ ਗੁਰੂ ਗ੍ਰੰਥ ਸਾਹਿਬ ਦੀ ਮਹੱਤਤਾ ਨੂੰ ਸਮਝੋ। ਗੁਰੂ ਗ੍ਰੰਥ ਸਾਹਿਬ ਨੂੰ ਐਉਂ ਨਾ ਬਣਾਓ ਕਿ ਮੂਰਤੀ ਵਾਂਗਣ ਅਸੀਂ ਤਾਂ ਮੱਥੇ ਟੇਕੀ ਜਾਣੇ ਨੇ, ਰੁਮਾਲੇ ਚਾੜ੍ਹੀ ਜਾਣੇ ਨੇ। ਇਹ ਵਿਚਾਰ

ਕਰਨ ਵਾਸਤੇ ਹੈ। ਇਹ ਸਰਬ ਮਨੁੱਖਤਾ ਨੂੰ ਸੁਨੇਹਾ ਗੁਰੂ ਨਾਨਕ ਨੇ ਦਿਤਾ ਸੀ ਸੰਸਾਰ ਦੇ ਵਿਚ। ਅੱਜ ਸਾਡਾ ਇਹ ਹਾਲ ਕਿ ਪਤਾ ਨਹੀਂ ਲਗਦਾ ਕਿਸੇ ਨੂੰ ਕਿ ਬੁੱਤ ਨੂੰ ਕਿਉਂ ਮੱਥਾ ਟੇਕੀ ਜਾਂਦੇ ਓਂ। ਭਾਸ਼ਾ ਦੁਨੀਆਂ ਦੀਆਂ ਬੇਅੰਤ ਨੇ, ਗੀਤਾ 176 ਭਾਸ਼ਾਵਾਂ ਦੇ ਵਿਚ ਉਲਥਾ ਹੋ ਕੇ ਦੁਨੀਆਂ ਦੇ ਵਿਚ ਫਿਰ ਰਹੀ ਹੈ। ਸਾਡੇ ਗੁਰੂ ਗ੍ਰੰਥ ਸਾਹਿਬ ਅਜੇ ਹਿੰਦੀ 'ਚ ਨਹੀਂ ਆਏ। ਮੇਰੀਆਂ ਫਿਲਮਾਂ ਬਣੀਆਂ ਹੋਈਆਂ ਨੇ, ਉਨ੍ਹਾਂ ਨੂੰ ਹਾਂਗਕਾਂਗ ਦੇ ਵਿਚ ਜਿਹੜਾ ਪੁਲਿਸ ਜਰਨੈਲ ਸੀ ਉਹ ਦੇਖਣ ਲਗ ਗਿਆ। ਦੋ ਸਾਲ ਤੋਂ ਬਾਅਦ ਮੈਨੂੰ ਮਿਲਣ ਆਇਆ ਸਪੈਸ਼ਲ। ਕਹਿਣ ਲੱਗਿਆ ਜੀ, ਮੈਨੂੰ ਅੰਮ੍ਰਿਤ ਛਕਾ ਦਿਓ। ਮੈਂ ਤੁਹਾਡੀਆਂ ਫਿਲਮਾਂ ਦੇਖੀਆਂ ਤਾਂ ਮੇਰਾ ਮਨ ਹੋਇਆ ਕਿ ਮੈਂ ਜਾ ਕੇ ਅੰਮ੍ਰਿਤ ਛਕਾਂ। ਉਹ ਅੰਮ੍ਰਿਤ ਛਕ ਕੇ ਗਿਆ। ਉਥੇ ਲਾਇਬਰੇਰੀ ਬਣਾਈ, ਉਹ ਫਿਲਮਾਂ ਦਿੰਦੇ ਰਹੇ, ਗੁਰਦੁਆਰੇ 'ਚੋਂ ਈਸ਼ੂ ਹੁੰਦੀਆਂ ਰਹੀਆਂ। ਬਹੁਤ ਸਾਰਿਆਂ ਨੇ ਉਥੇ ਕਿਹਾ ਕਿ ਬਾਬਾ ਜੀ ਨੂੰ ਪੈਸਾ ਭੇਜੋ, ਜਿਹੜੇ ਐਨਾ ਕੰਮ ਕਰ ਰਹੇ ਨੇ। ਮੈਨੂੰ ਚਿੱਠੀ ਆਈ ਉਹ ਵੀ ਐਸ.ਐਸ. ਪੀ ਸੀ, ਕਹਿਣ ਲੱਗੇ ਕਿ ਬਾਬਾ ਜੀ ਇਥੇ ਇਕ ਰਕਮ ਪਈ ਹੈ, ਅਸੀਂ ਇਥੇ ਭੇਜਣਾ ਚਾਹੁੰਦੇ ਹਾਂ। ਮੈਂ ਉਸੇ ਵੇਲੇ ਫੈਕਸ ਕਰੀ, ਕਿ ਪੈਸੇ ਬਾਰੇ ਇਸ ਤਰ੍ਹਾਂ ਹੈ ਕਿ ਜਦੋਂ ਪੈਸਾ ਆ ਜਾਂਦਾ ਹੈ ਕਿਤੋਂ ਸਾਨੂੰ ਕੰਮ ਕਰਨਾ ਪੈਂਦਾ ਹੈ। ਰੱਖਣਾ ਤਾਂ ਹੈ ਨਹੀਂ ਉਹ, ਲਾਉਣਾ ਹੈ ਕਿਤੇ ਨਾ ਕਿਤੇ। ਹਾਲੇ ਸਾਡੀ ਕੋਈ ਯੋਜਨਾ ਨਹੀਂ ਹੈ। ਪਰ ਜੇ ਤੂੰ ਮੇਰੀ ਗੱਲ ਨੂੰ ਮੰਨ ਲਵੇਂ ਮੈਂ ਤੈਨੂੰ ਹੀ ਦੱਸ ਦਿੰਦਾ ਹਾਂ। ਤੁਹਾਡੇ ਨੇੜੇ ਚੀਨ ਹੈ। ਤੁਸੀਂ ਗੁਰਮਤਿ ਰਹੁਰੀਤ, ਗੁਰੂ ਨਾਨਕ ਦੀ ਸੰਖੇਪ ਜੀਵਨੀ ਤੇ ਪੰਜ ਬਾਣੀਆਂ ਦਾ ਜਿਹੜਾ ਸਿਧਾਂਤ ਹੈ ਇਹ ਤੁਸੀਂ ਚੀਨੀਆਂ ਨੂੰ ਦਿਓ। ਉਸ ਤੋਂ ਬਾਅਦ ਮੈਨੂੰ ਉਹਦੀ ਚਿੱਠੀ ਨਹੀਂ ਆਈ। ਮੈਨੂੰ ਛਪੀ ਛਪਾਈ ਪੁਸਤਕ ਭੇਜ ਦਿਤੀ, ਚੀਨੀ ਭਾਸ਼ਾ ਵਿਚ। ਉਹ ਕਹਿਣ ਲੱਗਿਆ ਕਿ ਕੋਰੀਅਨ ਵਿਚ ਵੀ ਅਸੀਂ ਕਰ ਦਿਤੀ, ਜੈਪਨੀਜ਼ ਵਿਚ ਵੀ ਕਰ ਦਿਤੀ, ਫਿਲੈਪਾਈਨ 'ਚ ਵੀ ਕਰ ਦਿਤੀ। ਮੈਂ ਕਿਹਾ ਤੁਸੀਂ ਇਹ ਕਰ ਤਾਂ ਦਿਤੀ ਪਰ ਇਹਦਾ ਕੋਈ ਨੈਟ ਨਤੀਜਾ ਵੀ ਨਿਕਲਦਾ ਹੈ, ਉਹ ਪੜ੍ਹਦੇ ਵੀ ਨੇ?

ਉਹ ਸਰਦਾਰ ਗੁਰਦੇਵ ਸਿੰਘ ਨੇ ਮੈਨੂੰ ਚਿੱਠੀ ਲਿਖੀ ਕਿ ਮੈਂ ਪਾਰਕ ਦੇ ਵਿਚ ਸੈਰ ਕਰ ਰਿਹਾ ਸੀ ਨੰਗੇ ਸਿਰ। ਇਕ ਚੀਨਾ ਆਇਆ ਉਸ ਨੇ ਕਿਹਾ ਕਿ ਸਰਦਾਰ ਜੀ, ਮੈਂ ਤੁਹਾਡੇ ਨਾਲ ਗੱਲ ਕਰਨੀ ਹੈ। ਕਹਿਣ ਲੱਗਿਆ ਕਿ ਮੈਂ ਤੁਹਾਡੀ ਉਹ ਪੁਸਤਕ ਪੜ੍ਹੀ ਹੈ। ਉਹਦੇ ਵਿਚ ਲਿਖਿਆ ਹੋਇਆ ਹੈ ਕਿ ਸਿੱਖ ਨੰਗੇ ਸਿਰ ਨਹੀਂ ਘੁੰਮਦਾ, ਤੁਸੀਂ ਕਿਉਂ ਘੁੰਮਦੇ ਫਿਰਦੇ ਹੋਂ। ਕਹਿਣ ਲੱਗਿਆ, ਮੈਂ ਪਾਣੀ-ਪਾਣੀ ਹੋ ਗਿਆ। ਇਕ ਪਾਸੇ ਮੈਨੂੰ ਸੱਟ ਲੱਗੀ। ਦੂਜੇ ਪਾਸੇ ਮੈਨੂੰ ਖੁਸ਼ੀ ਹੋਈ ਕਿ ਚਲੋ ਇਨ੍ਹਾਂ ਨੇ ਪੜ੍ਹ ਤਾਂ ਲਿਆ ਮੇਰਾ ਲਿਖਿਆ ਹੋਇਆ।

ਮੇਰੀ ਇਕ ਫਿਲਮ ਕੈਲੇਫੋਰਨੀਆਂ ਵਿਚ ਚਲ ਰਹੀ ਸੀ। ਸ. ਮਹਿੰਦਰ ਸਿੰਘ ਬੈਠੇ ਨੇ ਇਥੇ ਟਰਲੋਕ ਦੇ। ਇਨ੍ਹਾਂ ਨੂੰ ਚਿੱਠੀ ਆਈ। ਉਸ ਵਿਚ ਲਿਖਿਆ ਕਿ ਮੈਂ ਪ੍ਰੈਜ਼ੀਡੈਂਟ ਹਾਂ ਮੰਦਰ ਦਾ ਤੇ ਮੇਰੇ ਨਾਲ ਦੂਜਾ ਬੰਦਾ ਸੈਕਟਰੀ ਹੈ। ਅਸੀਂ ਉਸ ਫਿਲਮ ਦੇ ਅੰਦਰ ਰਾਮ ਦੇ ਨਾਮ ਦੀ ਮਹਿਮਾ ਸੁਣੀ। ਅਸੀਂ ਹੈਰਾਨ ਹੋ ਗਏ ਕਿ ਸਿੱਖ ਵੀ ਰਾਮ ਦੇ ਨਾਮ ਦੀ ਗੱਲ ਕਰਦੇ ਨੇ। ਅਸੀਂ ਤਾਂ ਸਮਝਦੇ ਸੀ ਕਿ ਤਲਵਾਰਾਂ ਚਲਾਣਾ ਹੀ ਜਾਣਦੇ ਨੇ, ਰਾਮ ਦੇ ਨਾਮ ਦਾ ਨਹੀਂ ਇਨ੍ਹਾਂ ਨੂੰ ਪਤਾ। ਕਹਿੰਦੇ ਇਕ ਬਿਰਧ ਪੁਰਸ਼ ਵਿਖਿਆਨ ਕਰ ਰਿਹਾ ਸੀ। ਸਾਨੂੰ ਉਹਦੇ ਐਡਰੇਸ ਦਾ ਨਹੀਂ ਪਤਾ ਤੇ ਤੂੰ ਦੱਸ ਕਿ ਉਹ ਸਾਡੇ ਮੰਦਰ 'ਚ ਆ ਜਾਣਗੇ। ਅਸੀਂ ਉਨ੍ਹਾਂ ਨੂੰ ਕਿਰਾਇਆ ਭੇਜਦੇ ਹਾਂ, ਸਾਰੀ ਭਜਨ ਮੰਡਲੀ ਨੂੰ। ਉਹ ਮਹੀਨੇ ਲਈ ਆ ਕੇ ਸਾਡੇ ਮੰਦਰ ਦੇ ਵਿਚ ਰਾਮ ਦੇ ਨਾਮ ਦੀ ਕਥਾ ਕਰਨ।

ਸੋ ਅਸੀਂ ਤਾਂ ਦੱਸ ਹੀ ਨਹੀਂ ਸਕੇ ਕਿਸੇ ਨੂੰ ਗੁਰੂ ਗ੍ਰੰਥ ਸਾਹਿਬ ਦੇ ਵਿਚ ਕੀ ਸਿਧਾਂਤ ਹੈ। ਕਿਉਂਕਿ ਬੋਲੀ ਦਾ ਸਾਡੇ ਬੜਾ ਭਾਰਾ ਅੜਿੱਕਾ ਹੈ। ਮੈਂ ਸਵਾਮੀ ਰਾਮ ਜੀ ਨੂੰ ਵੀ ਕਿਹਾ ਕਿ ਤੁਸੀਂ ਫਿਲਾਸਫਰ ਹੋਂ, ਇਹ ਬਹੁਤ ਵੱਡੀ ਸੂਝ ਵਾਲੇ ਤੋਂ ਬਿਨਾਂ ਇਹਦਾ ਅਨੁਵਾਦ ਨਹੀਂ ਹੋ ਸਕਦਾ। ਗਲਤ ਕਰ ਦਿੰਦੇ ਨੇ ਤੇ ਤੁਸੀਂ ਕਰੋ। ਉਹ ਜਦੋਂ ਕਰਨ ਲੱਗੇ ਤਾਂ ਸਵਾਮੀ ਜੀ ਨੇ ਕਿਹਾ ਕਿ ਗੁਰੂ ਗ੍ਰੰਥ ਸਾਹਿਬ ਮਾਮੂਲੀ ਚੀਜ਼ ਨਹੀਂ, ਇਹਦਾ ਤਾਂ ਹਰ ਅੱਖਰ ਫਿਲਾਸਫੀ ਹੈ। ਗੁਰੂ ਨਾਨਕ ਸਾਹਿਬ ਨੇ ਕਿਥੋਂ-ਕਿਥੋਂ ਸ਼ਬਦ ਲਏ ਨੇ ਸਾਰੇ। ਮੁਸ਼ਕਲ ਹੈ ਸਾਲ 'ਚ ਨਹੀਂ ਹੋਣਾ। ਉਨ੍ਹਾਂ ਨੇ ਅੱਧਾ ਕਰ ਦਿਤਾ।

ਸੋ ਸਾਧਸੰਗਤ ਜੀ! ਤੁਸੀਂ ਸਾਰੇ ਸੁਲਝੇ ਹੋਏ ਓਂ। ਵਾਹਿਗੁਰੂ ਨੇ ਤੁਹਾਨੂੰ ਰੋਟੀ ਪਾਣੀ ਦਿਤੀ ਹੈ। ਤੁਸੀਂ ਸਾਰੇ ਰਲ ਕੇ ਗੁਰੂ ਗ੍ਰੰਥ ਸਾਹਿਬ ਦੀ ਤਾਲੀਮ ਨੂੰ ਦੁਨੀਆਂ ਵਿਚ ਫੈਲਾਓ। ਦੱਸੋ ਇਨ੍ਹਾਂ ਨੂੰ ਜਿਹੜੇ ਤੁਹਾਡੇ ਨਾਲ ਰਹਿੰਦੇ ਨੇ। ਇਹ ਤਾਂ ਤੁਹਾਡੇ ਨਾਲ ਭਾਈਚਾਰਾ ਚੱਲਣਾ ਹੈ। ਇਨ੍ਹਾਂ ਨੇ ਤੁਹਾਡੇ ਸਾਥੀ ਬਣਨਾ ਹੈ। ਇਨ੍ਹਾਂ ਨੇ ਤੁਹਾਨੂੰ ਸਮਝਣਾ ਹੈ। ਸੋ ਮੈਂ ਇਥੇ ਹੀ ਫਤਹਿ ਬੁਲਾਉਂਦਾ ਹਾਂ।

***ਵਾਹਿਗੁਰੂ ਜੀ ਕਾ ਖਾਲਸਾ***

***ਵਾਹਿਗੁਰੂ ਜੀ ਕੀ ਫਤਹਿ।***

# ਗੁਰਦੁਆਰਾ ਰਤਵਾੜਾ ਸਾਹਿਬ ਵਿਖੇ ਹੋ ਰਹੀਆਂ ਨਿਰੰਤਰ ਸਰਗਰਮੀਆਂ

*ਹਰਪਾਲ ਸਿੰਘ ਰਤਵਾੜਾ ਸਾਹਿਬ*

ਮਹਾਨ ਪਰਉਪਕਾਰੀ ਯੁਗ ਪੁਰਸ਼ ਟਰਸਟ ਰਤਵਾੜਾ ਸਾਹਿਬ ਦੇ ਬਾਨੀ ਮਹਾਂਪੁਰਸ਼ਾਂ ਦੇ ਪ੍ਰਾਰੰਭ ਕੀਤੇ ਮਹਾਨ ਕਾਰਜਾਂ ਨੂੰ ਪੂਰੇ ਕਰਨ ਵਾਸਤੇ ਸੰਸਥਾ ਟਰਸਟ ਰਤਵਾੜਾ ਸਾਹਿਬ ਨਾਲ ਸਬੰਧਤ ਸਮੂੰਹ ਨਿਸ਼ਕਾਮ ਪ੍ਰੇਮੀ ਗੁਰੂ ਮਹਾਰਾਜ ਦੀ ਬਖਸ਼ਿਸ਼ ਦੁਆਰਾ ਸਿਰਤੋੜ ਯਤਨ ਕਰ ਰਹੇ ਹਨ, ਜਿਸ ਵਿਚ ਪਰਮ ਪੂਜਯ ਸਤਿਕਾਰਯੋਗ ਬੀਜੀ ਦਾ ਅਸ਼ੀਰਵਾਦ ਪ੍ਰਾਪਤ ਹੋ ਰਿਹਾ ਹੈ। ਆਪਸੀ ਭਾਈਚਾਰੇ ਭਰਾਤਰੀ ਭਾਵ ਦੀ ਸਾਂਝ ਵਧਾਉਣ ਵਾਸਤੇ ਗੁਰਬਾਣੀ ਪ੍ਰਕਾਸ਼ ਅੰਦਰ ਉਪਦੇਸ਼ ਬਖਸ਼ਿਸ਼ ਕਰਕੇ ਮਹਾਂਪੁਰਸ਼ ਜੰਗਮ ਤੀਰਥ ਵਾਂਗੂੰ ਇਸ ਦੇਸ਼ ਦੇ ਅੰਦਰ ਹੀ ਨਹੀਂ ਵਿਦੇਸ਼ਾਂ ਵਿਚ ਵੀ ਆਪਣੇ ਸਰੀਰ ਕਾਲ ਹੁੰਦਿਆਂ ਵਿਚਰਦੇ ਰਹੇ ਹਨ। ਸਦੀਵੀ ਕਾਲ ਧੁਰ ਦਰਗਾਹੀ ਇਲਾਹੀ ਨਾਮ ਬਾਣੀ ਦੇ ਪ੍ਰਚਾਰ ਵਾਸਤੇ ਅਜੋਕੇ ਅਤਿਆਧੁਨਿਕ ਮੀਡੀਏ ਦੀ ਪੂਰੀ ਪੂਰੀ ਸਮੇਂ ਦੀ ਮੰਗ ਅਨੁਸਾਰ ਵਰਤੋਂ ਕੀਤੀ ਜਾ ਰਹੀ ਹੈ। ਪਿਛਲੇ 10 ਸਾਲਾਂ ਤੋਂ ਸ਼ਬਦ ਲੰਗਰ ਦੀ ਸਾਂਝ ਨਿਰੋਲ ਰੂਹਾਨੀ ਮਾਸਿਕ ਮੈਗਜ਼ੀਨ ਆਤਮ ਮਾਰਗ ਰਾਹੀਂ ਪ੍ਰਫੁਲਿਤ ਹੋ ਰਹੀ ਹੈ, ਜਿਸ ਦੀ ਸੁਗੰਧੀ ਸਾਰੇ ਵਿਸ਼ਵ ਅੰਦਰ ਫੈਲ ਰਹੀ ਹੈ। ਟਰਸਟ ਰਤਵਾੜਾ ਸਾਹਿਬ ਦੇ ਸੀਮਤ ਮਾਇਕ ਸਾਧਨਾਂ ਦੇ ਹੁੰਦੇ ਹੋਏ ਵੀ ਪਿਆਰ ਵਾਲੇ ਪ੍ਰੇਮੀਆਂ ਦੇ ਸਹਿਯੋਗ ਸਦਕੇ ਗੁਰ ਸ਼ਬਦ ਸਾਂਝ ਵਧਾਉਣ ਵਾਸਤੇ ਆਤਮ ਮਾਰਗ ਹਿੰਦੀ, ਇੰਗਲਿਸ਼ ਭਾਸ਼ਾਵਾਂ ਵਿਚ ਵੀ ਹਰ ਮਹੀਨੇ ਰਤਵਾੜਾ ਸਾਹਿਬ ਤੋਂ ਪ੍ਰਕਾਸ਼ਿਤ ਹੁੰਦਾ ਹੈ। ਮਹਾਂਪੁਰਸ਼ਾਂ ਵੱਲੋਂ ਆਪਣੀ ਜ਼ਿੰਦਗੀ ਦੀ ਸਾਰੀ ਕਿਰਤ ਕਮਾਈ ਰਤਵਾੜਾ ਸਾਹਿਬ ਵਿਖੇ ਸਫਲੀ ਕਰਨ ਦੇ ਨਾਲ ਹੀ ਆਪਣੇ ਸਰੀਰਕ ਚੋਲੇ ਨੂੰ ਤਿਆਗਦੇ ਸਮੇਂ ਪਾਰਥਿਕ ਸਰੀਰ ਨੂੰ ਵੀ ਪਵਿੱਤਰ ਪਾਵਨ ਭੂਮੀ ਵਿਖੇ ਹੀ ਸਸਕਾਰ ਕਰਨ ਦੀ ਅੰਤਿਮ ਇਛਾ ਪ੍ਰਗਟਾਈ ਗਈ, ਜਿਸ ਨੂੰ ਪੂਰੀ ਕਰਦੇ ਹੋਏ ਆਪਣੇ ਪਿਆਰੇ ਦੀ ਪਿਆਰ ਭਰੀ ਸਦੀਵੀ ਯਾਦ ਕਾਇਮ ਰਖਣ ਵਾਸਤੇ ਅੰਗੀਠਾ ਸਾਹਿਬ ਇਮਾਰਤ ਦੀ ਕਾਰਸੇਵਾ ਚਲ ਰਹੀ ਹੈ। ਪਿਆਰ ਵਾਲੀਆਂ ਸੰਗਤਾਂ ਹੱਥੀ ਸੇਵਾ ਕਰਨ ਨੂੰ ਜਿਥੇ ਤਰਜੀਹ ਦੇ ਰਹੀਆਂ ਹਨ, ਉਥੇ ਨਾਲ ਹੀ ਦੂਰ ਬੈਠੇ ਪ੍ਰੇਮੀ ਧਨ ਨਾਲ ਵੀ ਇਸ ਮਹਾਨ ਸੇਵਾ ਵਿਚ ਵਿਤ ਅਨੁਸਾਰ ਆਪਣਾ ਯੋਗਦਾਨ ਪਾ ਰਹੇ ਹਨ। ਸਤਿਪੁਰਸ਼ਾਂ ਦੀ ਯਾਦ ਨੂੰ ਸੰਭਾਲਣ ਦਾ ਹਰ ਯਤਨ ਹੋ ਰਿਹਾ ਹੈ, ਜਿਸ ਤਪੋ ਭੂਮੀ ਵਿਚ ਸਰਕੜਿਆਂ ਦੀ ਝੌਂਪੜੀ ਵਿਚ ਮਹਾਂਪੁਰਸ਼ ਨਿਜ ਪਰਮ ਅਨੰਦ ਮਾਣਦੇ ਸਨ ਉਸ ਨੂੰ ਹਨੇਰੀ ਝਖੜ ਆਦਿ ਤੋਂ ਬਚਾਉਣ ਵਾਸਤੇ ਬਹੁਤ ਹੀ ਸੁਹਾਵਣੀ ਕੁਟੀਆ ਨੂੰ ਅਦਭੁਤ ਆਧੁਨਿਕ ਦਿਖ ਪ੍ਰਦਾਨ ਕੀਤੀ ਗਈ ਹੈ ਤਾਂ ਕਿ ਆਉਣ ਵਾਲੇ ਸਮੇਂ ਵਾਸਤੇ ਨਾਮ ਜਪਣ ਵਾਲੇ ਪ੍ਰੇਮੀਆਂ ਲਈ ਪ੍ਰੇਰਨਾ ਸਰੋਤ ਦਾ ਕੰਮ ਕਰੇ।

ਵਾਤਾਵਰਣ ਦੀ ਸੰਭਾਲ ਵਾਸਤੇ ਰਤਵਾੜਾ ਸਾਹਿਬ ਆਸ਼ਰਮ ਦੇ ਚੌਗਿਰਦੇ ਅੰਦਰ ਹਜਾਰਾਂ ਹੀ ਹਰਬਲ ਦਰਖਤ ਲਗਾਏ ਜਾ ਰਹੇ ਹਨ। ਹਰਬਲ ਜੜੀ ਬੂਟੀਆਂ ਦਰਖਤਾਂ ਦੀ ਸਿੰਚਾਈ ਪਾਣੀ ਪੂਰਤੀ ਵਾਸਤੇ ਪਹਿਲਾਂ ਲੱਗੇ ਦੋ ਡੀਪ ਟਿਊਬਵੈੱਲਾਂ ਤੋਂ ਬਿਨਾਂ ਹੋਰ ਨਵੇਂ ਤਿੰਨ ਡੂੰਘੇ ਡੀਪ ਟਿਊਬਵੈਲ ਲਗਾਏ ਗਏ ਹਨ। ਕੰਬਾਈਂਡ ਥਰੈਪੀ ਦੀ ਟੈਕਨਾਲੋਜੀ ਅਪਣਾਉਣ ਵਾਸਤੇ ਮਹਾਂਪੁਰਸ਼ਾਂ ਦੀ ਯਾਦ ਨੂੰ ਸਮਰਪਿਤ ਉਸਰ ਰਹੇ ਹਸਪਤਾਲ ਉਪਰ ਲਗਭਗ 50 ਲੱਖ ਰੁਪਏ ਖਰਚ ਹੋ ਚੁਕੇ ਹਨ। ਇਸ ਅਦਭੁੱਤ ਹਸਪਤਾਲ ਅੰਦਰ ਸਾਰੀਆਂ ਹੀ ਪੁਰਾਤਨ ਪ੍ਰਚੀਨ ਚਕਿਤਸਾਵਾਂ ਦੀ ਵਰਤੋਂ ਕੀਤੀ ਜਾਵੇਗੀ। ਸਾਰੀਆਂ ਬਿਮਾਰੀਆਂ ਦਾ ਇਲਾਜ ਅਨੁਭਵੀ ਮਹਾਂਪੁਰਸ਼ਾਂ ਅਨੁਸਾਰ ਕੇਵਲ ਤੇ ਕੇਵਲ ਪ੍ਰਮੇਸ਼ਰ ਦਾ ਨਾਮ ਹੈ –

*ਸਰਬ ਰੋਗ ਕਉ ਅਉਖਦੁ ਨਾਮੁ॥* *ਅੰਗ - 274*

ਜਿਸ ਦੀਆਂ ਅਨੇਕਾਂ ਹੀ ਮਿਸਾਲਾਂ ਰਤਵਾੜਾ ਸਾਹਿਬ ਦੀ ਪਵਿੱਤਰ ਪਾਵਨ ਭੂਮੀ ਉਪਰ ਮਿਲਦੀਆਂ ਹਨ। ਨਾਮ ਬਾਣੀ ਦੇ ਨਾਲ ਨਾਲ ਦਵਾਈਆਂ ਦੀ ਵਰਤੋਂ ਵੀ ਕਰਾਈ ਜਾਵੇਗੀ।

*ਅਉਖਦੁ ਆਏ ਰਾਸਿ ਵਿਚਿ ਆਪਿ ਖਲੋਇਆ॥*
*ਅੰਗ - 1363*

ਜਦੋਂ ਸੇਵਾ ਦੇ ਨਾਲ ਸਿਮਰਨ ਨੂੰ ਜੋੜਿਆ ਜਾਂਦਾ ਹੈ ਤਾਂ ਵਰਤੋਂ ਕੀਤੀ ਅਉਖਦ ਦਵਾਈ ਵੀ ਰਾਸ ਆ ਜਾਂਦੀ ਹੈ।

*ਹਰਿ ਅਉਖਧੁ ਸਭ ਘਟ ਹੈ ਭਾਈ॥*
*ਗੁਰ ਪੂਰੇ ਬਿਨੁ ਬਿਧਿ ਨ ਬਨਾਈ॥*
*ਗੁਰਿ ਪੂਰੈ ਸੰਜਮੁ ਕਰਿ ਦੀਆ॥*
*ਨਾਨਕ ਤਉ ਫਿਰਿ ਦੂਖ ਨ ਥੀਆ॥* *ਅੰਗ - 259*

ਲਗਭਗ 2 ਕਰੋੜ ਰੁਪਏ ਦੀ ਲਾਗਤ ਨਾਲ ਬਣੀ ਸ਼ਾਨਦਾਰ ਅਤਿਆਧੁਨਿਕ ਸਹੂਲਤਾਂ ਨਾਲ ਭਰਭੂਰ ਇਮਾਰਤ ਅੰਦਰ ਗੁਰੂ ਗੋਬਿੰਦ ਸਿੰਘ ਵਿਦਿਆ ਮੰਦਰ ਰਤਵਾੜਾ ਸਾਹਿਬ ਅੰਤਰ ਰਾਸ਼ਟਰੀ ਪੱਧਰ ਦੀ ਵਿਦਿਆ ਦੇ ਨਾਲ ਰੂਹਾਨੀ ਸੂਝ ਪ੍ਰਦਾਨ ਕਰ ਰਿਹਾ ਹੈ। ਜੋ ਕਿ ਸੀ.ਬੀ.ਐਸ.ਈ ਬੋਰਡ ਦਿੱਲੀ ਨਾਲ ਸਬੰਧਤ ਹੈ। ਹਰ ਸਾਲ ਹੀ ਵਿਦਿਆ ਮੰਦਰ ਵਿਦਿਆਰਥੀ ਵਿਦੇਸ਼ਾਂ ਵਿਚ ਰੂਹਾਨੀ ਪ੍ਰਚਾਰ ਕਰਨ ਦੇ ਨਾਲ ਆਪਣੇ ਪੁਰਾਤਨ ਵਿਰਸੇ ਨਾਲ ਵਿਦੇਸ਼ਾਂ ਵਿਚ ਪੜ੍ਹਦੇ ਵਿਦਿਆਰਥੀਆਂ ਵਾਸਤੇ ਪ੍ਰੇਰਨਾਂ ਦਾ ਸਰੋਤ ਬਣ ਰਹੇ ਹਨ।

ਮਹਾਂਪੁਰਸ਼ਾਂ ਵੱਲੋਂ ਪਛੜੇ ਪੇਂਡੂ ਇਲਾਕਿਆਂ ਦੇ ਵਿਦਿਆਰਥੀਆਂ ਨੂੰ ਉਚਾ ਚੁਕਣ ਵਾਸਤੇ ਆਈ.ਟੀ. ਕਾਲਜ ਦੀ ਸਥਾਪਨਾ ਕੀਤੀ ਗਈ। ਸਤਿਪੁਰਸ਼ਾਂ ਦੀ ਯਾਦ ਅੰਦਰ ਉਨ੍ਹਾਂ ਦੇ ਪਵਿੱਤਰ ਨਾਮ ਉਪਰ ਪੰਜਾਬ ਸਕੂਲ ਐਜੂਕੇਸ਼ਨ ਬੋਰਡ ਨਾਲ ਸਬੰਧਤ ਪਬਲਿਕ ਸਕੂਲ ਅੰਦਰ ਅੱਧੀ ਹੀ ਫੀਸ ਤੇ ਵਿਦਿਆ ਪ੍ਰਦਾਨ ਕਰਨ ਦੇ ਯਤਨ ਕੀਤੇ ਜਾ ਰਹੇ ਹਨ।

ਆਉਣ ਵਾਲੇ ਸਮੇਂ ਭਵਿਖ ਅੰਦਰ ਇਕ ਨਿਵੇਕਲਾ ਸਕੂਲ ਅਨਾਥ ਬੱਚਿਆਂ ਵਾਸਤੇ ਵੀ ਖੋਲਿਆ ਜਾ ਰਿਹਾ ਹੈ ਜਿਸ ਵਿਚ ਗੁਰਬਾਣੀ ਸੂਝ ਦੇ ਨਾਲ ਦੁਨਿਆਵੀ ਵਿਦਿਆ ਬਿੱਲਕੁਲ ਮੁਫਤ ਦਿਤੀ ਜਾਵੇਗੀ। ਇਸ ਬਾਰੇ ਵਿਦਿਆ ਖੇਤਰ ਨਾਲ ਸਬੰਧਤ ਰਿਟਾਇਰ ਹੋਈਆਂ ਮਹਾਨ ਹਸਤੀਆਂ ਵਿਦਿਆ ਸੇਵਾ ਖੇਤਰ ਅੰਦਰ ਆਪਣੀਆਂ ਸੇਵਾਵਾਂ ਦੀ ਪੇਸ਼ਕਸ਼ ਕਰ ਰਹੀਆਂ ਹਨ। ਪਰਉਪਕਾਰੀ ਸੇਵਾਵਾਂ ਦੇ ਨਾਲ ਸਿਮਰਨ ਦੀ ਜਾਗ ਲਾਉਣ ਵਾਸਤੇ ਪਰਮ ਪੂਜਯ ਸਤਿਕਾਰਯੋਗ ਬੀਜੀ ਦੇ ਹੁਕਮ ਅਨੁਸਾਰ ਅੰਮ੍ਰਿਤ ਵੇਲੇ ਘਰ ਘਰ ਜਾ ਕੇ ਰਤਵਾੜਾ ਸਾਹਿਬ ਦੇ ਜੱਥਿਆਂ ਵੱਲੋਂ ਆਸਾ ਜੀ ਦੀ ਵਾਰ ਦੇ ਕੀਰਤਨ ਕੀਤੇ ਜਾ ਰਹੇ ਹਨ। ਸੰਪ੍ਰਦਾਇ ਰਤਵਾੜਾ ਸਾਹਿਬ ਦੇ ਅਨੇਕਾਂ ਹੀ ਜੱਥੇ ਦੇਸ਼ਾਂ ਵਿਦੇਸ਼ਾਂ ਵਿਚ ਸਤਿਸੰਗ ਸਮਾਗਮ ਕਰਕੇ ਰੂਹਾਨੀ ਸੂਝ ਪ੍ਰਦਾਨ ਕਰ ਰਹੇ ਹਨ। ਹਰ ਪੂਰਨਮਾਸ਼ੀ ਨੂੰ ਗੁਰਦੁਆਰਾ ਰਤਵਾੜਾ ਸਾਹਿਬ ਵਿਖੇ ਅੰਮ੍ਰਿਤ ਸੰਚਾਰ ਹੋ ਰਿਹਾ ਹੈ।

# ਤਾਮਿਲਨਾਡੂ ਦੀਆਂ ਅਖਬਾਰਾਂ ਵਿਚ ਛਪੀਆਂ ਖਬਰਾਂ ਦਾ ਪੰਜਾਬੀ ਅਨੁਵਾਦ

**ਟਰਸਟ ਰਤਵਾੜਾ ਸਾਹਿਬ ਦੀ ਸੰਸਥਾ ਵੱਲੋਂ ਆਈਆਂ ਆਫਤਾਂ ਸਮੇਂ ਕੀਤੀ ਬੇਮਿਸਾਲ ਸੇਵਾ ਦੀਆਂ ਸੁਗੰਧੀਆਂ ਫੈਲਾਉਣ ਵਾਸਤੇ ਖੇਤਰੀ ਅਤੇ ਅੰਤਰਰਾਸ਼ਟਰੀ ਅਖਬਾਰਾਂ ਵਿਚ ਸਮੇਂ ਸਮੇਂ ਖਬਰਾਂ ਛਪਦੀਆਂ ਰਹੀਆਂ ਹਨ। ਹੁਣ ਵੀ ਸੁਨਾਮੀ ਸਮੁੰਦਰੀ ਭੁਚਾਲ ਸਮੇਂ ਕੀਤੀ ਗਈ ਗੁਰੂ ਕੇ ਲੰਗਰ ਰਾਹੀਂ ਸੇਵਾ ਅਤੇ ਯੋਗ ਵੰਡ ਪ੍ਰਣਾਲੀ ਦੀ ਪ੍ਰਸੰਸਾ ਦੀਆਂ ਖਬਰਾਂ ਖੇਤਰੀ ਅਖਬਾਰਾਂ ਨੇ ਆਪਣੀਆਂ ਰਾਜ ਭਾਸ਼ਾਵਾਂ ਵਿਚ ਮੁੱਖ ਪੰਨਿਆਂ ਤੇ ਛਾਪੀਆਂ ਹਨ ਜਿਸ ਦੇ ਕੁਝ ਅੰਸ਼ ਦੇ ਹੂ-ਬ-ਹੂ ਪੰਜਾਬੀ ਅਨੁਵਾਦ ਇਸ ਤਰਾਂ ਹਨ:-**

### (ਮੁੱਖ ਪੰਨੇ ਦੀ ਸੁਰਖੀ)

**1.ਰਤਵਾੜਾ ਸਾਹਿਬ ਚੰਡੀਗੜ੍ਹ ਤੋਂ 73 ਟਨ ਰਾਸ਼ਨ ਪਾਣੀ ਦੀ ਸਾਮੱਗਰੀ ਲੈ ਕੇ ਪੂੰਪਹਾਰ ਤਾਮਿਲਨਾਡੂ ਵਿਖੇ ਸਿੱਖ ਸੇਵਕਾਂ ਦੀ ਟੀਮ ਪੁੱਜੀ।**

ਰਤਵਾੜਾ ਸਾਹਿਬ ਚੰਡੀਗੜ੍ਹ ਤੋਂ 60 ਸੇਵਕਾਂ ਦਾ ਜੱਥਾ 73 ਟਨ ਖਾਣ ਪੀਣ ਦਾ ਰਾਸ਼ਨ ਲੈ ਕੇ ਬੁੱਧਵਾਰ ਪੂੰਪਹਾਰ ਅਸਥਾਨ ਪੁੱਜਿਆ। ਇਹ ਸਾਰੇ ਲੋਕ ਸੁਨਾਮੀ ਪੀੜਤ ਲੋਕਾਂ ਲਈ ਲੰਗਰ ਲਾਉਣ ਦੇ ਆਸ਼ੇ ਨਾਲ ਆਏ। ਪੂੰਪਹਾਰ ਪਿੰਡ ਦੇ ਨੇੜੇ ਸੁਨਾਮੀ ਲਹਿਰਾਂ ਨਾਲ ਦੁਖੀ ਹੋਏ ਲੋਕਾਂ ਦੀ ਵਸੋਂ ਨੂੰ ਭੋਜਨ ਆਦਿ ਗੱਡੀਆਂ ਰਾਹੀਂ ਪਹੁੰਚਾਣ ਲਈ ਇਹ ਲੋਕ ਤਨੋ ਮਨੋ ਜੁੱਟ ਗਏ। ਪੀੜਤਾਂ ਨੂੰ ਭੋਜਨ ਦੇਣ ਉਪਰੰਤ ਉਨ੍ਹਾਂ ਦੇ ਜੂਠੇ ਭਾਂਡਿਆਂ ਨੂੰ ਹੱਥੀ ਧੋਂਦੇ, ਮਾਂਜਦੇ, ਸਾਫ ਕਰਦੇ ਅਤੇ ਉਨ੍ਹਾਂ ਦੀਆਂ ਹੋਰ ਲੋੜਾਂ ਦੀ ਪੂਰਤੀ ਵੀ ਕਰਦੇ। ਉਨ੍ਹਾਂ ਨਾਲ ਆਏ ਸੰਤ ਬਾਬਾ ਹਰਪਾਲ ਸਿੰਘ ਜਿਹੜੇ ਰਤਵਾੜਾ ਸਾਹਿਬ ਸੰਸਥਾ ਦੇ ਮੁੱਖ ਅਧਿਕਾਰੀ ਹਨ, ਉਹ ਵੀ ਪੀੜਤਾਂ ਦੀ ਸੇਵਾ ਵਿਚ ਲੱਗੇ ਹੋਏ ਸੀ ਅਤੇ ਹੋਰ ਵੀ ਹਰ ਤਰ੍ਹਾਂ ਦੀ ਸੇਵਾ ਵਿਚ ਤੱਤਪਰ ਰਹੇ। ਰਾਸ਼ਨ ਪਾਣੀ ਦੀਆਂ ਭਾਰੀਆਂ-ਭਾਰੀਆਂ ਬੋਰੀਆਂ ਪਿੱਠ ਤੇ ਉਠਾਂਦੇ ਤੇ ਲੋੜੀਂਦੇ ਅਸਥਾਨ ਤੇ ਬੜੇ ਉਤਸ਼ਾਹ ਨਾਲ ਲੈ ਕੇ ਜਾਂਦੇ। ਬੜੀ ਦੂਰ ਤੋਂ ਰਤਵਾੜਾ ਸਾਹਿਬ ਦੇ ਇਹ ਭਗਤ ਦੁਖੀਆਂ ਦਾ ਦਰਦ ਵੰਡਣ ਆਏ ਹਨ। ਇਨ੍ਹਾਂ ਭਗਤਾਂ ਨੇ ਦਿਨ ਰਾਤ ਇਕ ਕਰਕੇ, ਆਪਣੇ ਸੁਖ ਆਰਾਮ ਨੂੰ ਤਿਆਗ ਕੇ ਭੁੱਖੇ ਪੀੜਤਾਂ ਦੀ ਦਿਲੋਂ ਸੇਵਾ ਕੀਤੀ। ਉਹ ਕਹਿੰਦੇ ਸੀ ਕਿ ਜਦ ਤਕ ਇਨ੍ਹਾਂ ਦੁਨੀਆਂ ਨੂੰ ਸਾਡੀ ਸੇਵਾ ਦੀ ਲੋੜ ਹੋਵੇਗੀ। ਅਸੀਂ ਇਸ ਕਾਰਜ ਵਿਚ ਜੁੱਟੇ ਰਹਾਂਗੇ। ਇਹ ਦਸਦੇ ਹਨ ਕਿ ਅਸੀਂ ਘੱਟੋ ਘੱਟ ਇਕ ਮਹੀਨਾ ਏਥੇ ਜ਼ਰੂਰ ਸੇਵਾ ਵਿਚ ਰਹਾਂਗੇ। ਇਨ੍ਹਾਂ ਨੇ ਬੱਚਿਆਂ ਤੇ ਬੁੱਢਿਆਂ ਲਈ 4000 ਲਿਟਰ ਦੁੱਧ ਰੋਜ਼ਾਨਾ ਦੇਣ ਦਾ ਪ੍ਰਬੰਧ ਵੀ ਕੀਤਾ। ਇਨ੍ਹਾਂ ਸੇਵਕ ਭਗਤਾਂ ਨੂੰ ਏਥੋਂ ਦੀ ਭਾਸ਼ਾ ਨਹੀਂ ਸੀ ਆਉਂਦੀ, ਫੇਰ ਵੀ ਉਨ੍ਹਾਂ ਦੇ ਭਾਵ ਸਮਝ ਕੇ ਸੇਵਾ ਕਰਦੇ ਰਹੇ। ਇਨ੍ਹਾਂ ਦਾ ਮੁੱਖ ਨਿਸ਼ਾਨਾ ਸੇਵਾ ਹੈ ਅਤੇ ਇਹ ਭਗਤ ਸੇਵਾ ਲਈ ਹੀ ਏਥੇ ਆਏ ਹਨ। ਜੇ ਇਨ੍ਹਾਂ ਦਾ ਸਹਿਯੋਗ ਮਿਲਦਾ ਰਿਹਾ ਤਾਂ ਇਹ ਕਾਰਜ ਸਫਲ ਹੋਵੇਗਾ, ਐਸਾ ਇਨ੍ਹਾਂ ਸੇਵਾਕਾਂ ਦਾ ਵਿਚਾਰ ਹੈ।

### 2. ਸੁਨਾਮੀ ਪੀੜਤਾਂ ਲਈ ਸਹਾਇਤਾ

ਪਿੰਡ ਸਿਰਕਾਲੀ (ਤਾਮਿਲਨਾਡੂ) ਕੋਲ ਵਸੇ ਸੁਨਾਮੀ ਪੀੜਤਾਂ ਲਈ ਗੁਰਦਵਾਰਾ ਰਤਵਾੜਾ ਸਾਹਿਬ ਤੋਂ ਆਏ ਸੇਵਕਾਂ ਨੇ ਦਿਨ ਰਾਤ ਦੇ ਲੰਗਰ ਲਾਏ। ਸਿਰਕਾਲੀ ਦੇ ਨੇੜੇ ਸਮੁੰਦਰ ਦੇ ਕੰਢੇ ਵਸੇ ਪਿੰਡ ਪਿਡਿਆਰ, ਤੀਲ ਮੁਲ-ਬਾਸਨ, ਪੂੰਪਹਾਰ ਪੂਰਾਚਾਰ, ਤਰਗਮ ਬਾੜੀ, ਅਤੇ ਹੋਰ ਕਈ ਪਿੰਡ ਸੁਨਾਮੀ ਲਹਿਰਾਂ ਦੀ ਪਕੜ ਵਿਚ ਆਏ ਹਨ। ਇਨ੍ਹਾਂ ਦੁਖਿਆਰਾਂ ਦੀ ਸਹਾਇਤਾ 26 ਦਸੰਬਰ ਤੋਂ ਹੀ ਸਰਕਾਰ ਵਲੋਂ ਜਾਰੀ ਹੈ।

ਪਰ ਇਤਿਹਾਸਕ ਪਿੰਡ ਕਾਵੇਰੀ ਪਟਨਮ ਪੂੰਪਹਾਰ ਦੇ ਨੇੜੇ ਚਾਰਾਂ ਪਾਸਿਆਂ ਤੋਂ ਘਿਰੇ ਪਿੰਡ ਜਿਵੇਂ ਬਾਨਗਿਰੀ ਕੀੜਮੋਗਰਕਰ, ਮੇਲੇਮੁਗਰਕਰ, ਪੂਦੂਕੁਪਮਪਮ, ਚਾਵੜੀਕੁਪਮ, ਨਾਈਕਰਪੁਪਮ ਆਦਿ ਸੁਨਾਮੀ ਲਹਿਰਾਂ ਨਾਲ ਬੁਰੀ ਤਰ੍ਹਾਂ ਘਿਰੇ ਹੋਏ ਸੀ। ਏਥੇ ਕਿਸੇ ਤਰ੍ਹਾਂ ਦੀ ਸਹਾਇਤਾ ਨਾ ਪੁੱਜਣ ਕਾਰਨ, ਇਨ੍ਹਾਂ ਲੋਕਾਂ ਵਿਚ ਸਰਕਾਰ ਵਿਰੁੱਧ ਬਹੁਤ ਰੋਸ ਸੀ ਇਨ੍ਹਾਂ ਨੇ ਰਸਤੇ ਵੀ ਰੋਕੇ ਤੇ ਹੋਰ ਕਈ ਤਰ੍ਹਾਂ ਦੇ ਯਤਨ ਕੀਤੇ। ਐਸੇ ਭਿਆਨਕ ਹਾਲਾਤ ਵਿਚ ਏਥੋਂ ਦੇ ਐਮ.ਪੀ. ਗੈਸ ਅਤੇ ਪੈਟਰੋਲੀਅਮ ਮੰਤਰੀ ਗੁਰਦਵਾਰਾ ਰਤਵਾੜਾ ਸਾਹਿਬ ਦੇ ਸੇਵਕ ਜੱਥੇ ਨੂੰ ਇਨ੍ਹਾਂ ਪੀੜਤ ਥਾਵਾਂ ਤੇ ਲੈ ਗਏ ਅਤੇ ਦੁਖੀਆਂ ਨੂੰ ਤੁਰੰਤ ਰਾਹਤ ਪਹੁੰਚਾਈ। ਸੇਵਕਾਂ ਨੇ ਚਾਵਲ, ਆਲੂ, ਕੰਬਲ ਆਦਿ ਦਾ ਪੂੰਪਹਾਰ ਵਿਖੇ ਕੈਂਪ ਲਗਾਇਆ ਤੇ ਥਾਂ-ਥਾਂ ਜਾ ਕੇ ਲੰਗਰ ਵੰਡੇ ਤੇ ਹੋਰ ਸਹਾਇਤਾ ਦਿਤੀ। ਇਥੋਂ ਦੇ ਪੰਚਾਇਤ ਮੁੱਖੀਆਂ ਅਤੇ ਹੋਰ ਸਥਾਨਕ ਨੇਤਾਵਾਂ ਨੇ ਇਸ ਸੇਵਾ ਦੀ ਬਹੁਤ ਪ੍ਰਸੰਸਾ ਕੀਤੀ।

**ਉਪਰੋਕਤ ਖਬਰਾਂ ਦੀ ਵੰਨਗੀ ਅੰਦਰ ਅਨੇਕਾਂ ਹੀ ਹੋਰ ਖੇਤਰੀ ਅਖਬਾਰਾਂ ਨੇ ਮੁੱਖ ਪੰਨੇ ਤੇ ਗੁਰਦੁਆਰਾ ਰਤਵਾੜਾ ਸਾਹਿਬ ਟਰਸਟ ਦੀਆਂ ਸੁਨਾਮੀ ਪੀੜਤਾਂ ਸਬੰਧੀ ਸੇਵਾਵਾਂ ਸਿਰਲੇਖ ਹੇਠ ਬਹੁਤ ਹੀ ਸਿਲਸਿਲੇਵਾਰ ਖਬਰਾਂ ਤਸਵੀਰਾਂ ਸਹਿਤ ਪ੍ਰਕਾਸ਼ਿਤ ਕੀਤੀਆਂ, ਜਿਨ੍ਹਾਂ ਨੂੰ ਅਸੀਂ ਆਤਮ ਮਾਰਗ ਵਿਚ ਜਗ੍ਹਾਂ ਦੀ ਘਾਟ ਹੋਣ ਕਾਰਨ ਛਾਪਣ ਤੋਂ ਅਸਮਰਥ ਹਾਂ। ਦੀਨ ਦੁਖੀਆਂ, ਦਰਦਵੰਦਾਂ, ਬੇਸਹਾਰਾ ਪੀੜਤ ਪਰਿਵਾਰਾਂ ਦੀ ਸਹਾਇਤਾ ਵਾਸਤੇ ਬਹੁਤ ਸਾਰੇ ਦਾਨੇ ਪ੍ਰੇਮੀਆਂ ਵੱਲੋਂ ਆਪਣੀ ਮਾਇਆ ਗੁਰਦੁਆਰਾ ਰਤਵਾੜਾ ਸਾਹਿਬ ਭੇਜੀ ਜਾ ਰਹੀ ਹੈ, ਜਿਸ ਨੂੰ ਸਹੀ ਯੋਗ ਸਥਾਨ ਤੇ ਪਹੁੰਚਾਉਣ ਦਾ ਟਰਸਟ ਰਤਵਾੜਾ ਸਾਹਿਬ ਵੱਲੋਂ ਯਤਨ ਕੀਤਾ ਜਾ ਰਿਹਾ ਹੈ। ਅਮਰੀਕਾ, ਇੰਗਲੈਂਡ ਯੂਰਪੀਨ ਦੇਸਾਂ ਦੇ ਆਤਮ ਮਾਰਗ ਸਾਇੰਟੇਫਿਕ ਸਪਿਰਚੁਅਲ ਐਜੂਕੇਸ਼ਨਲ ਟਰਸਟ ਵੱਲੋਂ ਵੀ ਸਿਧੀ ਸਹਾਇਤਾ ਸ੍ਰੀ ਲੰਕਾ ਆਦਿ ਦੇਸ਼ਾਂ ਵਿਚ ਭੇਜੀ ਗਈ ਜਿਸ ਦੀ ਪ੍ਰਸੰਸਾ ਵਾਰੇ ਧੰਨਵਾਦ ਪੱਤਰ ਪੂਰੀ ਯੋਜਨਾਵੰਦ ਵੰਡ ਪ੍ਰਣਾਲੀ ਨੂੰ ਬਿਆਨਦੇ ਹੋਏ ਰਤਵਾੜਾ ਸਾਹਿਬ ਪਹੁੰਚੇ ਹਨ। ਪ੍ਰੇਮੀਆਂ ਦੇ ਪਿਆਰ ਭਰੇ ਦਿਲੀ ਵਲਵਲਿਆਂ ਨੂੰ ਦਰਸਾਉਂਦੇ ਪ੍ਰਗਟਾਉਂਦੇ ਪੱਤਰਾਂ ਦੀ ਬਹੁਤਾਤ ਹੋਣ ਕਾਰਨ ਆਤਮ ਮਾਰਗ ਵਿਚ ਪ੍ਰਕਾਸ਼ਿਤ ਕਰਨੇ ਮੁਸ਼ਕਿਲ ਹਨ। ਗੁਰੂ ਘਰ ਦੀ ਨਿਰਾਲੀ ਨਿਵੇਕਲੀ ਸੰਗਤ ਪੰਗਤ ਦੀ ਲੰਗਰ ਪ੍ਰਥਾ ਦੀ ਹਰ ਪਾਸੇ ਹੀ ਉਸਤਤੀ ਸਗੰਧੀ ਫੈਲ ਰਹੀ ਹੈ ਕਿ ਕਿਵੇਂ ਦੁਖ ਦੇ ਸਮੇਂ ਗੁਰ ਪੀਰਾਂ ਮਹਾਂਪੁਰਸ਼ਾਂ ਦੀ ਚਲਾਈ ਪਰੰਪਰਾਂ ਨੂੰ ਬਿਨਾਂ ਭੇਦ ਭਾਵ ਤੋਂ ਟਰਸਟ ਰਤਵਾੜਾ ਸਾਹਿਬ ਚਲਾ ਰਿਹਾ ਹੈ। ਭਵਿਖ ਅੰਦਰ ਵੀ ਪਰਮ ਪੂਜਯ ਸਤਿਕਾਰਯੋਗ ਟਰਸਟ ਰਤਵਾੜਾ ਸਹਿਬ ਦੇ ਚੇਅਰਪਰਸਨ ਬੀਜੀ ਦੀ ਅਸ਼ੀਰਵਾਦ ਅਤੇ ਸਮੂੰਹ ਨਿਸ਼ਕਾਮ ਸੇਵਾਦਾਰ ਟਰਸਟ ਰਤਵਾੜਾ ਸਾਹਿਬ ਦੇ ਅਣਥੱਕ ਸੇਵਾਦਾਰਾਂ ਦੀ ਘਾਲਣਾ ਆਉਣ ਵਾਲੇ ਸਮੇਂ ਵਿਚ ਵੀ ਜਨ ਸਮੂੰਹ ਦੇ ਅਰੰਭੇ ਪਰਉਪਕਾਰੀ ਕਾਰਜਾਂ ਨੂੰ ਗੁਰੂ ਬਖਸ਼ਿਸ਼ ਦੁਆਰਾ ਪੂਰੇ ਕਰਨ ਦੀ ਪੂਰੀ ਕੋਸ਼ਿਸ਼ ਕੀਤੀ ਜਾਵੇਗੀ।**

*ਹਰਪਾਲ ਸਿੰਘ ਰਤਵਾੜਾ ਸਾਹਿਬ*

(ਪੰਨਾ 40 ਦੀ ਬਾਕੀ)

ਮੈਡੀਟੇਸ਼ਨ ਬਹੁਤ ਹੀ ਆਸਾਨ ਹੈ, ਸਾਧਾਰਣ ਹੈ। ਮੈਡੀਟੇਸ਼ਨ ਕੇਵਲ ਧਿਆਨ ਹੈ, ਤੁਸੀਂ ਸੁਆਸਾਂ ਤੇ ਧਿਆਨ ਦੇ ਕੇ ਸ਼ੁਰੂ ਕਰ ਸਕਦੇ ਹੋ, ਜੇ ਕੋਈ ਵਿਚਾਰ ਆਉਂਦਾ ਹੈ, ਦੇਖੋ, ਵਿਚਾਰੋ ਤੇ ਅੱਗੇ ਕਰੋ। ਤੁਸੀਂ ਮੁੜ ਕੇ ਸੁਆਸਾਂ ਤੇ ਆ ਜਾਓ। ਤੁਹਾਡਾ ਸੁਭਾਅ ਹੈ ਹਰ ਵਿਚਾਰ ਤੋਂ ਪ੍ਰਭਾਵਿਤ ਹੋਣਾ। ਇਸ ਕਾਰਣ ਹੀ ਤੁਸੀਂ ਭੰਬਲ ਭੂਸਿਆਂ ਵਿਚ ਪਏ ਰਹਿੰਦੇ ਹੋ। ਮੈਡੀਟੇਸ਼ਨ ਤੁਹਾਨੂੰ ਸਿਖਾਉਂਦੀ ਹੈ, ਜੋ ਕਰ ਰਹੇ ਹੋ ਉਹ ਹੀ ਕਰੋ ਤੇ ਉਸ ਉਤੇ ਹੀ ਧਿਆਨ ਦਿਓ। ਤੁਹਾਡੇ ਅੰਦਰ ਕੀ ਹੋ ਰਿਹਾ ਹੈ ਦੇਖੋ, ਪ੍ਰਭਾਵਿਤ ਨਹੀਂ ਹੋਵੋ, ਇਹ ਹੀ ਇਕ ਵੱਡੀ ਗੱਲ ਹੈ। ਇਸ ਤਰ੍ਹਾਂ ਕਰਨ ਨਾਲ ਤੁਸੀਂ ਮਨ ਦੇ ਬੰਧਨਾਂ ਤੋਂ ਛੁਟ ਜਾਂਦੇ ਹੋ। ਇਸੇ ਸੁਤੰਤਰਤਾ ਨਾਲ ਤੁਸੀਂ ਇਹ ਮਹਿਸੂਸ ਕਰਨਾ ਸ਼ੁਰੂ ਕਰਦੇ ਹੋ, ਤੁਸੀਂ ਕੌਣ ਹੋ, ਤੁਸੀਂ ਆਪਣੇ ਮਨ ਦੇ ਉਥਲ ਪੁਥਲ ਤੋਂ ਕਿਵੇਂ ਵਖਰੇ ਹੋ। ਤੁਹਾਨੂੰ ਆਪਣੇ ਅੰਦਰ ਅਨੰਦ ਮਹਿਸੂਸ ਹੋਣ ਲਗ ਪੈਂਦਾ ਹੈ, ਆਪਣੇ ਅੰਦਰ ਇਕ ਸਬਰ ਮਹਿਸੂਸ ਹੋਣ ਲਗ ਪੈਂਦਾ ਹੈ, ਆਪਣੇ ਅੰਦਰ ਇਕ ਆਰਾਮ ਮਹਿਸੂਸ ਹੋਣ ਲਗ ਪੈਂਦਾ ਹੈ। ਆਪਣੇ ਅੰਦਰ ਇਕ ਆਰਾਮ, ਇਕ ਨਰਮੀ, ਇਕ ਸਥਿਲੀਕਰਣ ਮਹਿਸੂਸ ਹੁੰਦਾ ਹੈ, ਆਪਣੇ ਅੰਦਰ ਇਕ ਸੰਤੁਸ਼ਟਤਾ ਮਹਿਸੂਸ ਹੁੰਦੀ ਹੈ।

ਜੋ ਵੀ ਹੈ ਇਸ ਅੰਦਰ ਦੀ ਸੰਤੁਸ਼ਟਤਾ ਨੂੰ ਸੰਸਾਰ ਤੋਂ ਇਕ ਛੁਟਕਾਰਾ ਨਹੀਂ ਸਮਝਣਾ ਚਾਹੀਦਾ। ਇਹ ਤਾਂ ਅੰਦਰ ਦੇ ਅਨੰਦ ਦਾ ਇਕ ਨੀਂਹ ਪੱਥਰ ਹੈ, ਅੰਦਰ ਦੇ ਅਨੰਦ ਦਾ ਆਧਾਰ ਹੈ ਤਾਂ ਜੋ ਤੁਸੀਂ ਇਸ ਨਾਲ ਸੰਸਾਰਕ ਕੰਮ ਕਾਜ ਹੋਰ ਚੰਗੀ ਤਰ੍ਹਾਂ ਕਰ ਸਕੋ। ਤੁਹਾਨੂੰ ਮੈਡੀਟੇਸ਼ਨ ਦੇ ਉਦੇਸ਼ ਸੰਸਾਰ ਵਿਚ ਵੀ ਲਾਗੂ ਕਰਨੇ ਚਾਹੀਦੇ ਹਨ। ਆਮ ਤੌਰ ਤੇ ਤੁਸੀਂ ਸੰਸਾਰਕ ਅਨੁਭਵ ਤੋਂ ਪ੍ਰਭਾਵਿਤ ਹੋ ਜਾਂਦੇ ਹੋ ਤੇ ਉਸ ਦੇ ਅਨੁਸਾਰ ਹੀ ਪ੍ਰਤੀਕ੍ਰਿਆ ਕਰਦੇ ਹੋ। ਜੇ ਕੋਈ ਤੁਹਾਨੂੰ ਨਕਾਰਆਤਮਕ, ਨਖੇਦੀ ਵਾਲੀ ਗੱਲ ਕਰ ਦਿੰਦਾ ਹੈ, ਤੁਸੀਂ ਦੁਖੀ ਹੋ ਜਾਂਦੇ ਹੋ, ਉਦਾਸ ਹੋ ਜਾਂਦੇ ਹੋ, ਜੇ ਤੁਹਾਡਾ ਕੁਝ ਖੁਸ ਜਾਂਦਾ ਹੈ, ਗੁਆਚ ਜਾਂਦਾ ਹੈ ਤਾਂ ਵੀ ਤੁਸੀਂ ਸੰਵੇਗਕ ਹੋ ਜਾਂਦੇ ਹੋ। ਤੁਹਾਡਾ ਜੀਵਨ ਤੁਹਾਡਾ ਮਿਜਾਜ਼, ਤੁਹਾਡੀ ਮਨੋਬਿਰਤੀ ਇਸ ਗੱਲ ਤੇ ਨਿਰਭਰ ਹੈ, ਤੁਹਾਡੇ ਅੱਗੇ ਕੀ ਆਇਆ, ਕਿਸੇ ਨੇ ਕੀ ਕਿਹਾ, ਤੁਹਾਡਾ ਆਪਣਾ ਕੁਛ ਨਹੀਂ, ਜੋ ਸ਼ੀਸ਼ਾ ਦੂਸਰੇ ਨੇ ਦਿਖਾਇਆ ਤੁਸੀਂ ਦੇਖ ਲਿਆ। ਮੈਡੀਟੇਸ਼ਨ ਕਰਨ ਨਾਲ ਤੁਸੀਂ ਸਭ ਕੁਝ ਦੇਖਦੇ ਹੋ, ਪਰ੍ਹੇ ਹਟ ਕੇ ਦੇਖਦੇ ਹੋ। ਚਾਹੇ ਪੂਰਾ ਧਿਆਨ ਵੀ ਦਿੰਦੇ ਹੋ ਪਰ ਪ੍ਰਭਾਵਿਤ ਨਹੀਂ ਹੁੰਦੇ। ਆਮ ਤੌਰ ਤੇ ਜਦੋਂ ਵੀ ਕੁਝ ਕਹੋ ਜਾਂ ਤੁਸੀਂ ਦੇਖੋ ਇਕ ਦਮ ਤੁਸੀਂ ਪ੍ਰਭਾਵਿਤ ਹੁੰਦੇ ਹੋ ਜਿਵੇਂ ਬਿਜਲੀ ਦਾ ਬਟਨ ਦਬਾ ਦਿਤਾ ਹੋਵੇ, ਫੇਰ ਉਸ ਸਭ ਕੁਝ ਨੂੰ ਤੁਸੀਂ ਆਪਣੇ ਅਨੁਸਾਰ ਦੇਖਦੇ ਹੋ, ਪਰਖਦੇ ਹੋ, ਆਪਣੇ ਡਰ, ਵਿਚਾਰ ਸਭ ਕੁਝ ਹੀ ਪਾ ਦਿੰਦੇ ਹੋ। ਅਨੁਭਵ ਨੂੰ ਪਾਸੇ ਕਰ ਦਿੰਦੇ ਹੋ, ਤੁਸੀਂ ਆਪਣੇ ਆਪ ਨੂੰ ਬਸ ਇਕ ਦੋ ਵਿਚਾਰਾਂ ਵਿਚ ਹੀ ਲਪੇਟ ਲੈਂਦੇ ਹੋ। ਤੁਸੀਂ ਆਪਣੇ ਆਪ ਨੂੰ ਬੰਦ ਕਰ ਲੈਂਦੇ ਹੋ, ਹੋਰ ਕੁਝ ਸੁਣਦੇ ਨਹੀਂ, ਦੇਖਦੇ ਨਹੀਂ, ਵਿਚਾਰਦੇ ਨਹੀਂ, ਆਪਣੀ ਸਾਰੀ ਸਿਰਜਨਾਤਮਕ ਕਲਾ ਨੂੰ ਬੰਦ ਕਰ ਲੈਂਦੇ ਹੋ। ਪਰ ਜੇ ਤੁਸੀਂ ਮੈਡੀਟੇਸ਼ਨ ਵਾਲੀ ਕਲਾ ਨੂੰ ਇਹੋ ਜਿਹੀ ਜਗ੍ਹਾ, ਇਹੋ ਜਿਹੀ ਘਟਨਾ ਵਿਚ ਲਾਗੂ ਕਰੋਗੇ ਤੁਸੀਂ ਇਸ ਘਟਨਾ ਨੂੰ ਪੂਰੀ ਤਰ੍ਹਾਂ ਜਾਂਚ ਸਕੋਗੇ, ਦੇਖ ਸਕੋਗੇ। ਜੇ ਕੋਈ ਪ੍ਰਤੀਕ੍ਰਿਆ ਹੋਵੇ ਵੀ ਤੁਸੀਂ ਦੇਖ ਸਕੋਗੇ। ਜੇ ਤੁਸੀਂ ਪ੍ਰਭਾਵਿਤ ਹੁੰਦੇ ਵੀ ਹੋ ਤੁਸੀਂ ਉਸ ਨੂੰ ਦੇਖ ਸਕੋਗੇ ਤੇ ਕਹਿ ਸਕੋਗੇ, ਮੈਂ ਇਹ ਮਹਿਸੂਸ ਕੀਤਾ, ਮੈਨੂੰ ਇਸ ਤੋਂ ਭੈ ਲੱਗਾ, ਜੋ ਕੁਝ ਤੁਹਾਡੀਆਂ ਭਾਵਨਾਵਾਂ ਹੋਣ ਤੁਸੀਂ ਕਹਿ ਸਕਦੇ ਹੋ। ਉਚਾਰ ਸਕਦੇ ਹੋ, ਉਨ੍ਹਾਂ ਨੂੰ ਦਬਾਣ ਦੀ ਲੋੜ ਨਹੀਂ। ਆਪਣੇ ਅਨੁਭਵ ਅੱਗੇ ਆਉਣ ਦਿਓ, ਬਾਹਰ ਨਿਕਲਣ ਦਿਓ ਆਪਣੇ ਵਿਚਾਰ ਸਭ ਕੁਝ ਆਪਣੇ ਅੰਦਰੋਂ ਬਾਹਰ ਕੱਢਦੇ ਰਹੋ, ਜੋ ਕੁਝ ਤੁਹਾਡੇ ਅੰਦਰ ਆ ਰਿਹਾ ਹੈ ਉਸ ਨੂੰ ਪ੍ਰਗਟ ਕਰੋ ਤਾਂ ਜੋ ਤੁਸੀਂ ਠੀਕ ਜਵਾਬ, ਠੀਕ ਵਿਵਹਾਰ ਦੇਖ ਕੇ ਉਸ ਦੇ ਅਨੁਸਾਰ ਜਵਾਬ ਦੇ ਸਕੋ। ਉਸ ਦੇ ਅਨੁਸਾਰ ਆਪਣਾ ਵਿਵਹਾਰ ਕਰ ਸਕੋ।

ਮੈਡੀਟੇਸ਼ਨ ਇਕ ਪ੍ਰਕਾਰ ਦੀ ਔਸ਼ਧੀ ਹੈ, ਇਹ ਕੇਵਲ ਤੁਹਾਡੇ ਅੰਦਰ ਦਾ ਸੰਤੁਲਨ ਤੁਹਾਡੇ ਅੰਦਰ ਦੀ ਸਥਿਰਤਾ ਹੀ ਨਹੀਂ ਪੈਦਾ ਕਰਦੀ ਇਹ ਤੁਹਾਡੇ ਅੰਦਰ ਦੀਆਂ ਗੁੰਝਲਾਂ ਵੀ ਕੱਢਦੀ ਹੈ। ਤੁਹਾਡੀਆਂ ਬਚਕਾਨੀਆਂ ਹਰਕਤਾਂ, ਤੁਹਾਡੀਆਂ ਬੁਰੀਆਂ ਆਦਤਾਂ, ਤੁਹਾਡੇ ਨਕਾਰਾਤਮਕ ਪ੍ਰਭਾਵ ਵੀ ਖਤਮ ਕਰਦੀ ਹੈ। ਬਜਾਏ ਇਸ ਦੇ ਕਿ ਤੁਸੀਂ ਇਨ੍ਹਾਂ ਨਾਲ ਰਹੋ, ਇਨ੍ਹਾਂ ਨੂੰ ਆਪਣੇ ਅੰਦਰ ਰੱਖੋ। ਮੈਡੀਟੇਸ਼ਨ ਨਾਲ ਇਹ ਤੁਹਾਡੇ ਸਾਮ੍ਹਣੇ ਆਉਂਦੇ ਹਨ ਤੁਸੀਂ ਇਨ੍ਹਾਂ ਉਤੇ ਪੂਰਾ-ਪੂਰਾ ਧਿਆਨ ਦਿੰਦੇ ਹੋ, ਇਸ ਤਰ੍ਹਾਂ ਧਿਆਨ ਦੇਣ ਨਾਲ ਹੀ ਇਹ ਤੁਹਾਡੇ ਅੰਦਰੋਂ ਨਿਕਲਦੇ ਹਨ।

ਮੈਡੀਟੇਸ਼ਨ ਦਾ ਇਹ ਤਰੀਕਾ ਅੰਦਰ ਦਾ ਤਰੀਕਾ ਹੈ। ਇਸ ਤਰੀਕੇ ਨੂੰ ਸਦੀਆਂ ਤੋਂ ਮਹਾਂਪੁਰਖਾਂ ਨੇ ਖੋਜਿਆ ਹੈ, ਬਹੁਤ ਤਰੀਕਿਆਂ ਨਾਲ ਗਿਆਨ ਪ੍ਰਾਪਤ ਕੀਤਾ ਜਾ ਸਕਦਾ ਹੈ, ਮਨ ਰਾਹੀਂ ਗਿਆਨ ਦੀ ਪ੍ਰਾਪਤੀ ਹੁੰਦੀ ਹੈ, ਇੰਦ੍ਰੀਆਂ ਰਾਹੀਂ ਤੁਸੀਂ ਗਿਆਨ ਪ੍ਰਾਪਤ ਕਰਦੇ ਹੋ, ਮੂਲ ਪ੍ਰਵਿਰਤੀਆਂ ਰਾਹੀਂ ਪਰ ਸਭ ਤੋਂ ਉਤਮ ਗਿਆਨ ਤੁਹਾਡਾ ਅਨੁਭਵੀ ਅੰਤਰ ਗਿਆਨ ਹੈ, ਅਨੁਭਵੀ ਗਿਆਨ ਹੀ ਮਹਾਂਪੁਰਖਾਂ ਦਾ ਸੰਤਾਂ ਦਾ ਗਿਆਨ ਰਿਹਾ ਹੈ, ਪਰ ਅੰਦਰ ਦੇ ਅਨੁਭਵੀ ਗਿਆਨ ਦੇ ਭੰਡਾਰ ਤਕ ਪਹੁੰਚਣਾ, ਕੋਈ ਸੌਖਾ ਨਹੀਂ, ਇਹ ਬਹੁਤ ਹੀ ਔਖਾ ਕੰਮ ਹੈ, ਇਹ ਔਖਾ ਜ਼ਰੂਰ ਹੈ ਪਰ ਅਸੰਭਵ ਨਹੀਂ, ਜਿਵੇਂ ਕਿ ਇਕ ਪਾਠਕ ਇਕ ਖੋਜੀ ਕੋਈ ਖੋਜ ਕਰਨ ਲਈ ਬਹੁਤ ਮਿਹਨਤ ਕਰਦਾ ਹੈ। ਆਪਣਾ ਕੰਮ ਪੂਰਾ ਕਰਦਾ ਹੈ ਤੇ ਆਪਣੀ ਡਿਗਰੀ ਲੈਂਦਾ ਹੈ। ਬਿਲਕੁਲ ਇਸ ਤਰ੍ਹਾਂ ਹੀ ਮੈਡੀਟੇਸ਼ਨ ਕਰਨ ਵਾਲੇ ਨੂੰ ਵੱਖ-ਵੱਖ ਥਾਂ ਤੋਂ ਗਿਆਨ ਪ੍ਰਾਪਤ ਕਰਨਾ ਚਾਹੀਦਾ ਹੈ। ਵੱਖ-ਵੱਖ ਪ੍ਰਣਾਲੀਆਂ ਦਾ ਗਿਆਨ ਲੈਣਾ ਚਾਹੀਦਾ ਹੈ ਫੇਰ ਇਨ੍ਹਾਂ ਦੀ ਪੜਚੋਲ ਕਰ ਲੈਣੀ ਚਾਹੀਦੀ ਹੈ, ਸਭ ਕੁਝ

ਦੇਖ ਕੇ ਹੀ ਕਿਸੇ ਖਾਸ ਤਰੀਕੇ ਦੀ ਵਰਤੋਂ ਕਰਨੀ ਚਾਹੀਦੀ ਹੈ, ਇਹ ਦੇਖ ਲੈਣਾ ਚਾਹੀਦਾ ਹੈ ਕਿ ਕਿਹੜਾ ਤਰੀਕਾ ਤੁਹਾਨੂੰ ਠੀਕ ਬੈਠੇਗਾ।

ਮੈਡੀਟੇਸ਼ਨ ਕਰਨ ਵਾਲਾ ਆਪਣੇ ਸ਼ਿਸਾਂ ਨੂੰ ਇਹ ਹੀ ਸਿਖਾਉਂਦਾ ਹੈ ਕਿ ਬਾਹਰੀ ਗੱਲਾਂ ਤੋਂ, ਪ੍ਰਭਾਵਾਂ ਤੋਂ ਕਿਵੇਂ ਬਚਿਆ ਜਾਏ, ਕਿਵੇਂ ਮੁਢਲੇ ਆਦਰਸ਼ਾਂ ਤੇ ਕਿਵੇਂ ਚਲਿਆ ਜਾਵੇ ਤਾਂ ਜੋ ਸਰੀਰ, ਮਨ, ਇੰਦ੍ਰੀਆਂ ਮੈਡੀਟੇਸ਼ਨ ਲਈ ਤਿਆਰ ਕੀਤੀਆਂ ਜਾ ਸਕਣ। ਜੇ ਇਹ ਮੁਢਲੀਆਂ ਚੀਜ਼ਾਂ ਨੂੰ ਨਾ ਧਿਆਨ ਦਿਤਾ ਜਾਵੇ ਤਾਂ ਸ਼ਿਸ਼ ਨੂੰ ਬਹੁਤ ਵਾਰੀ ਵਰ੍ਹਿਆਂ ਦੇ ਵਰ੍ਹੇ ਲਗ ਜਾਂਦੇ ਹਨ, ਉਹ ਭਟਕਦਾ ਹੀ ਰਹਿੰਦਾ ਹੈ ਉਹ ਬਹੁਤ ਸਾਰੀਆਂ ਮਨੋਭ੍ਰਾਂਤੀਆਂ ਵਿਚ ਉਲਝਿਆ ਰਹਿੰਦਾ ਹੈ। ਬਹੁਤ ਸਾਰੀਆਂ ਕਲਪਨਾ ਵਿਚ ਫਸਿਆ ਰਹਿੰਦਾ ਹੈ, ਉਹ ਕੇਵਲ ਆਪਣੀ ਹਉਮੈ ਨੂੰ ਹੀ ਪੱਠੇ ਪਾਉਂਦਾ ਰਹਿੰਦਾ ਹੈ, ਕੋਈ ਸੱਚਾ-ਸੁੱਚਾ ਅਨੁਭਵ ਪ੍ਰਾਪਤ ਨਹੀਂ ਕਰ ਸਕਦਾ। ਠੀਕ ਅਨੁਭਵ ਉਹ ਹੁੰਦਾ ਹੈ ਜਿਹੜਾ ਡੂੰਘਾ ਹੋਵੇ, ਤੁਹਾਡੇ ਅੰਤਰ ਤੋਂ ਨਿਕਲਿਆ ਹੋਵੇ ਤੇ ਤੁਹਾਡਾ ਮਾਰਗ ਦਰਸ਼ਨ ਕਰ ਸਕਦਾ ਹੋਵੇ। ਕਿਸੇ ਵੀ ਮਨੁੱਖ ਦਾ ਅਨੁਭਵ ਕਈ ਪੱਧਰਾਂ ਤੇ ਹੋ ਸਕਦਾ ਹੈ, ਪਰ ਸਾਰੇ ਅਨੁਭਵ ਤੁਹਾਡੇ ਮਾਰਗ ਦਰਸ਼ਨ ਨਹੀਂ ਹੋ ਸਕਦੇ। ਇਕਰਸ ਅਨੁਭਵ ਬਹੁਤ ਸਪਸ਼ਟ ਹੁੰਦਾ ਹੈ, ਉਸ ਅਨੁਭਵ ਨੂੰ ਕਿਸੇ ਬਾਹਰੀ ਦ੍ਰਿਸ਼ਟਾਂਤ ਜਾਂ ਸਪਸ਼ਟੀਕਰਨ ਦੀ ਲੋੜ ਨਹੀਂ ਹੁੰਦੀ ਪਰ ਇਹੋ ਜਿਹਾ ਅਨੁਭਵ ਉਦੋਂ ਹੀ ਆਉਂਦਾ ਹੈ ਜਦੋਂ ਅੰਦਰ ਦੀ ਸਮਾਚਿਤਤਾ ਹੋਵੇ, ਅੰਦਰ ਅਨੰਦਮਈ ਸ਼ਾਂਤੀ ਹੋਵੇ।

ਜਿਵੇਂ ਇਕ ਸੱਚਾ ਜਗਿਆਸੂ ਹਰ ਜਤਨ ਕਰਦਾ ਹੈ ਕਿ ਉਸ ਨੂੰ ਸਮਰੱਥ ਗੁਰੂ ਮਿਲ ਜਾਏ ਜਿਹੜਾ ਉਸ ਨੂੰ ਮੈਡੀਟੇਸ਼ਨ ਦਾ ਠੀਕ ਤਰੀਕਾ ਦੱਸ ਦੇਵੇ, ਬਿਲਕੁਲ ਇਸ ਤਰ੍ਹਾਂ ਹੀ ਗੁਰੂ ਵੀ ਇਕ ਯੋਗ ਸ਼ਿਸ਼ ਦੀ ਭਾਲ ਵਿਚ ਰਹਿੰਦਾ ਹੈ ਜਿਹੜਾ ਕਿ ਪਾਤ੍ਰ ਹੋਵੇ, ਜੋ ਵੀ ਗੁਰੂ ਦੇਣਾ ਚਾਹੇ, ਉਹ ਲੈਣ ਦੇ ਯੋਗ ਹੋਵੇ ਤੇ ਲੰਬਾ ਤੇ ਔਖਾ ਮਾਰਗ ਤਹਿ ਕਰ ਸਕੇ। ਇਸ ਸੰਸਾਰ ਤੋਂ ਅੱਗੇ ਤਕ ਜਾ ਸਕੇ। ਇਸ ਤਰ੍ਹਾਂ ਕਈ ਵਾਰੀ ਬਹੁਤ ਸਾਰੇ ਭੈ ਆ ਖੜ੍ਹੇ ਹੁੰਦੇ ਹਨ, ਬਹੁਤ ਸਾਰੇ ਸ਼ੰਕੇ ਆਉਂਦੇ ਹਨ, ਪਰ ਇਕ ਵਾਰੀ ਜਦੋਂ ਜਗਿਆਸੂ ਆਤਮ ਮਾਰਗ ਦਾ ਪਾਂਧੀ ਬਣ ਜਾਂਦਾ ਹੈ, ਮੈਡੀਟੇਸ਼ਨ ਕਰਨੀ ਸੁਰੂ ਕਰ ਦਿੰਦਾ ਹੈ ਫੇਰ ਉਹ ਆਪਣੇ ਉਤੇ ਅਨੁਸਾਸ਼ਨ ਲਾਗੂ ਕਰ ਹੀ ਲੈਂਦਾ ਹੈ। ਆਪਣੇ ਆਪ ਨੂੰ ਬੰਨ੍ਹ ਲੈਂਦਾ ਹੈ, ਉਹ ਆਪਣੇ ਸਾਰੇ ਹਥਿਆਰ ਜੀਵਨ ਦੀ ਪ੍ਰਯੋਗਸ਼ਾਲਾ ਵਿਚ ਪਾ ਕੇ ਉਨ੍ਹਾਂ ਦਾ ਨਰੀਖਣ ਕਰਦਾ ਹੈ। ਆਪਣਾ ਸਰੀਰ, ਇੰਦ੍ਰੀਆਂ, ਸੁਆਸ, ਮਨ ਤੇ ਫੇਰ ਉਹ ਇਨ੍ਹਾਂ ਸਭ ਨੂੰ ਇਕਸਾਰ ਤੇ ਇਕਸੁਰ ਕਰਕੇ ਮੈਡੀਟੇਸ਼ਨ ਲਈ ਤਿਆਰ ਹੋ ਜਾਂਦਾ ਹੈ।

ਜਿਹੜੇ ਖੋਜੀ ਹਨ, ਖੋਜ ਕਰਦੇ ਹਨ, ਬਾਹਰੀ ਜੀਵਨ ਵਿਚ ਸੰਸਾਰ ਵਿਚ ਖੋਜਦੇ ਹਨ, ਖੋਜ ਕੇ ਜਿਹੜੇ ਅਨੰਦ ਮਹਿਸੂਸ ਕਰਦੇ ਹਨ ਉਨ੍ਹਾਂ ਜਦੋਂ ਮੈਡੀਟੇਸ਼ਨ ਸ਼ੁਰੂ ਕੀਤੀ ਉਨ੍ਹਾਂ ਦਾ ਕਹਿਣਾ ਹੈ ਕਿ ਮੈਡੀਟੇਸ਼ਨ ਵਰਗਾ ਅਨੰਦ ਹੋਰ ਕਿਤੇ ਨਹੀਂ। ਮੈਡੀਟੇਸ਼ਨ ਦਾ ਅਨੰਦ ਹੀ ਸਮਾਧੀ ਦਾ ਮਾਰਗ ਦਰਸ਼ਕ ਹੈ, ਇਹ ਅਨੰਦ ਹੀ ਸਮਾਧੀ ਹੈ, ਅੰਦਰ ਦੇਖੋ, ਤੁਸੀਂ ਮਹਿਸੂਸ ਕਰੋਗੇ, ਕਿੰਨਾਂ ਚਾਨਣ ਹੈ, ਅੰਦਰ ਦਾ ਜੀਵਨ ਹੀ ਚਾਨਣ ਭਰਪੂਰ ਹੈ।

ਸਾਡੀ ਮੈਡੀਟੇਸ਼ਨ ਦੀ ਪਰਪਾਟੀ ਹੈ, ਪੰਜ ਹਜ਼ਾਰ ਸਾਲ ਪੁਰਾਣੀ ਹੈ। ਉਸ ਅਨੁਸਾਰ ਮੰਤਰ ਤੇ ਮੈਡੀਟੇਸ਼ਨ ਨੂੰ ਵੱਖ ਨਹੀਂ ਕੀਤਾ ਜਾ ਸਕਦਾ। ਦੋਨੋਂ ਨਾਲ ਨਾਲ ਚਲਦੇ ਹਨ ਜਿਵੇਂ ਕਿ ਇਕੋ ਹੀ ਸਿੱਕੇ ਦੇ ਦੋ ਪਾਸੇ ਹੋਣ। ਅੱਜ ਦੇ ਕਈ ਤਰੀਕੇ ਜਿਹੜੇ ਮੈਡੀਟੇਸ਼ਨ ਕਰਨ ਦੇ ਦੱਸੇ ਜਾਂਦੇ ਹਨ ਉਨ੍ਹਾਂ ਦਾ ਕੋਈ ਬਹੁਤ ਲਾਭ ਨਹੀਂ। ਪਰ ਤਰਤੀਬਵਾਰ ਜਿਹੜਾ ਤਰੀਕਾ ਸਿਖਾਇਆ ਜਾਂਦਾ ਹੈ, ਦੱਸਿਆ ਜਾਂਦਾ ਹੈ ਉਸ ਦਾ ਅਭਿਆਸ ਕਰਨ ਨਾਲ ਹੀ ਜਗਿਆਸੂ ਅੱਗੇ ਪਹੁੰਚ ਸਕਦਾ ਹੈ, ਅੰਦਰ ਦੀ ਯਾਤਰਾ ਪੂਰੀ ਕਰ ਸਕਦਾ ਹੈ। ਠੀਕ ਮੈਡੀਟੇਸ਼ਨ ਕਰਨ ਲਈ ਇਧਰ ਉਧਰ ਨਹੀਂ ਜਾਣਾ ਚਾਹੀਦਾ, ਕੰਢਿਆਂ ਤੇ ਨਹੀਂ ਤੈਰਨਾ ਚਾਹੀਦਾ, ਸੁੱਚਾ ਮੋਤੀ ਤਾਂ ਡੂੰਘੇ ਪਾਣੀ ਵਿਚੋਂ ਹੀ ਲੱਭਦਾ ਹੈ, ਡੂੰਘੇ ਜਾਣ ਹੀ ਪਵੇਗਾ, ਅੰਦਰ ਜਾਣਾ ਹੀ ਪਵੇਗਾ, ਆਪਾ ਚੀਨਣਾ ਹੀ ਪਵੇਗਾ, ਆਤਮ ਸਿੱਧੀ ਡੂੰਘੇ ਸਮੁੰਦਰ ਵਿਚੋਂ ਹੀ ਪ੍ਰਾਪਤ ਹੋਵੇਗੀ, ਨਦੀਆਂ ਤੇ ਝੀਲਾਂ ਦੇ ਕੰਢੇ ਜਾ ਕੇ ਨਹੀਂ।

ਮੈਡੀਟੇਸ਼ਨ ਕਰਦਿਆਂ ਹੀ ਵੱਡੇ-ਵੱਡੇ ਸੰਤਾਂ ਨੇ ਮੰਤਰ ਸੁਣੇ ਹਨ। ਬਾਈਬਲ ਵਿਚ ਵੀ ਇਹ ਲਿਖਿਆ ਹੈ ਕਿ ਜਿਨ੍ਹਾਂ ਨੇ ਅੰਤਰ ਧਿਆਨ ਕੀਤਾ ਹੈ ਉਨ੍ਹਾਂ ਨੇ ਸੁਣਿਆ ਹੈ। ਜਦੋਂ ਤੁਸੀਂ ਮਨ ਨੂੰ ਅੰਤਰਮੁਖੀ ਕਰ ਲੈਂਦੇ ਹੋ, ਫੇਰ ਤੁਸੀਂ ਅੰਤਰ ਦੀਆਂ ਆਵਾਜ਼ਾਂ ਅਨਹਦ ਨਾਦ ਵੀ ਸੁਣ ਸਕਦੇ ਹੋ। ਉਹ ਜਿਹੜੀਆਂ ਆਵਾਜ਼ਾਂ ਅੰਦਰ ਸੁਣਦੀਆਂ ਹਨ ਉਨ੍ਹਾਂ ਦੀ ਨਾ ਤਾਂ ਕੋਈ ਭਾਸ਼ਾ ਹੁੰਦੀ ਹੈ, ਨਾ ਕੋਈ ਉਨ੍ਹਾਂ ਦਾ ਮਜ਼ਹਬ ਹੁੰਦਾ ਹੈ, ਨਾ ਹੀ ਉਨ੍ਹਾਂ ਦੀ ਕੋਈ ਪਰੰਪਰਾ ਹੁੰਦੀ ਹੈ।

ਆਵਾਜ਼ਾਂ ਦੋ ਤਰ੍ਹਾਂ ਦੀਆਂ ਹੁੰਦੀਆਂ ਹਨ, ਇਕ ਉਹ ਆਵਾਜ਼ਾਂ ਜਿਹੜੀਆਂ ਬਾਹਰੀ ਸੰਸਾਰ ਦੀਆਂ ਹੁੰਦੀਆਂ ਹਨ ਤੇ ਕੰਨਾਂ ਨਾਲ ਸੁਣੀਆਂ ਜਾਂਦੀਆਂ ਹਨ। ਦੂਸਰੀਆਂ ਆਵਾਜ਼ਾਂ ਉਹ ਹਨ ਜਿਹੜੀਆਂ ਡੂੰਘੀ ਸਮਾਧੀ ਵਿਚ ਮੈਡੀਟੇਸ਼ਨ ਵਿਚ ਸੁਣੀਆਂ ਜਾਂਦੀਆਂ ਹਨ। ਇਸ ਆਵਾਜ਼ ਨੂੰ ਅਨਹਦ ਨਾਦ ਕਿਹਾ ਜਾਂਦਾ ਹੈ, ਜਿਹੜੀਆਂ ਅੰਦਰੋਂ ਹੀ ਉਤਪੰਨ ਹੁੰਦੀਆਂ ਹਨ। ਇਹ ਆਵਾਜ਼ਾਂ ਸੰਤਾਂ, ਸਾਧੂਆਂ ਨੂੰ ਸੁਣਦੀਆਂ ਹਨ। ਇਹ ਅਵਾਜ਼ਾਂ ਬਿਲਕੁਲ ਵੀ ਉਸ ਤਰ੍ਹਾਂ ਦੀਆਂ ਨਹੀਂ ਹੁੰਦੀਆਂ ਜਿਸ ਤਰ੍ਹਾਂ ਦੀ ਬਾਹਰੀ ਆਵਾਜ਼ਾਂ ਹੁੰਦੀਆਂ ਹਨ। ਇਨ੍ਹਾਂ ਅੰਦਰ ਦੀਆਂ ਆਵਾਜ਼ਾਂ ਦੀ ਇਕ ਕਿਸਮ ਹੁੰਦੀ ਹੈ, ਇਹ ਜਗਿਆਸੂ ਦਾ ਮਾਰਗ ਦਰਸ਼ਨ ਕਰਦੀਆਂ ਹਨ ਅਤੇ ਉਸ ਨੂੰ ਉਪਰ ਦੇ ਮੰਡਲ ਵਿਚ ਲੈ ਜਾਂਦੀਆਂ ਹਨ। ਮਿਸਾਲ ਵਜੋਂ ਕਲਪਨਾ ਕਰੋ, ਤੁਸੀਂ

ਦਰਿਆ ਦੇ ਕੰਢੇ ਤੇ ਖੜ੍ਹੇ ਹੋ, ਤੁਸੀਂ ਲਹਿਰਾਂ ਦੀ ਆਵਾਜ਼ ਸੁਣ ਰਹੇ ਹੋ। ਜੇ ਤੁਸੀਂ ਨਦੀ ਦੇ ਉਸ ਪਾਸੇ ਤੁਰਨਾ ਸ਼ੁਰੂ ਕਰ ਦਿਓ ਜਿਧਰੋਂ ਉਹ ਆ ਰਹੀ ਹੈ, ਤੁਸੀਂ ਨਦੀ ਦੇ ਸਰੋਤ ਤੇ ਪਹੁੰਚ ਜਾਓਗੇ। ਤੁਸੀਂ ਦੇਖੋਂਗੇ ਉਥੇ ਆਵਾਜ਼ ਨਹੀਂ ਆ ਰਹੀ। ਬਿਲਕੁਲ ਇਸ ਤਰ੍ਹਾਂ ਹੀ ਮੰਤਰ ਮਨ ਨੂੰ ਚੁੱਪ ਦੇ ਘੇਰੇ ਵਿਚ ਲੈ ਜਾਂਦਾ ਹੈ ਜਿਸ ਨੂੰ 'ਆਵਾਜ਼ ਰਹਿਤ ਆਵਾਜ਼' ਕਿਹਾ ਜਾਂਦਾ ਹੈ।

ਗੁਰੂ ਦਾ ਦਿਤਾ ਮੰਤਰ ਕੋਈ ਵਾਪਾਰਕ ਪ੍ਰਤਾਵ ਨਹੀਂ ਹੈ। ਮੰਤਰ ਡਾਕਟਰ ਦੇ ਦਿਤੇ ਨੁਸਖੇ ਦੀ ਤਰ੍ਹਾਂ ਹੈ, ਜਿਹੜਾ ਉਹ ਮਰੀਜ਼ ਨੂੰ ਬਿਮਾਰ ਨੂੰ ਦਿੰਦਾ ਹੈ। ਅਨੇਕਾਂ ਹੀ ਧੁਨੀਆਂ, ਅਨੇਕਾਂ ਹੀ ਆਵਾਜ਼ਾਂ ਹਨ ਹਰ ਇਕ ਦਾ ਪ੍ਰਭਾਵ ਵੀ ਵੱਖਰਾ ਹੁੰਦਾ ਹੈ, ਗੁਰੂ ਨੂੰ ਇਹ ਦੇਖਣਾ ਪੈਂਦਾ ਹੈ। ਕਿਹੜੀ ਧੁਨੀ ਕਿਹੜੀ ਆਵਾਜ਼ ਕਿਸ ਲਈ ਠੀਕ ਹੈ, ਠੀਕ ਰਹੇਗੀ। ਇਸ ਦਾ ਫੈਸਲਾ ਗੁਰੂ ਜਗਿਆਸੂ ਦੀ ਮਨੋਬਿਰਤੀ ਤੋਂ, ਉਸ ਦੇ ਭਾਵੇਂ ਤੋਂ, ਉਸ ਦੀਆਂ ਇਛਾਵਾਂ, ਉਸ ਦੀਆਂ ਆਦਤਾਂ ਤੋਂ ਲਗਾਉਂਦਾ ਹੈ, ਇਹ ਸਭ ਕੁਝ ਦੇਖ ਕੇ ਹੀ ਗੁਰੂ ਮੰਤਰ ਦਾ ਫੈਸਲਾ ਕਰਦਾ ਹੈ।

ਮੰਤਰ ਦੇ ਚਾਰ ਭਾਗ ਹਨ ਚਾਰ ਪਰਤਾਂ ਹਨ, ਪਹਿਲਾਂ ਮੰਤਰ ਇਕ ਸ਼ਬਦ ਹੈ ਉਸ ਦਾ ਅਰਥ ਹੈ ਦੂਸਰਾ ਵਧੇਰੇ ਸੂਖਮ ਭਾਗ ਹੈ। ਮੰਤਰ ਦਾ ਤੀਸਰਾ ਭਾਗ ਉਸ ਤੋਂ ਵੀ ਸੂਖਮ ਹੈ, ਡੂੰਘਾ ਹੈ, ਮੰਤਰ ਦੀ ਗਹਿਰਾਈ ਉਸ ਪ੍ਰਤੀ ਸੋਝੀ ਰੱਖਣੀ ਉਸ ਪਰਤੀ ਸੁਚੇਤ ਰਹਿਣਾ ਮੰਤਰ ਦੀ ਹੋਂਦ ਨੂੰ ਮਹਿਸੂਸ ਕਰਨਾ। ਚੌਥਾ ਹੈ ਜਿਹੜਾ ਸੂਖਮ ਤੋਂ ਵੀ ਅਤਿ ਸੂਖਮ ਹੈ ਮੰਤਰ ਦੀ ਧੁਨ ਤੋਂ ਬਿਨਾਂ ਧੁਨ ਸੁਨਣੀ।

ਬਹੁਤ ਸਾਰੇ ਜਗਿਆਸੂ ਸਾਰੀ ਜ਼ਿੰਦਗੀ ਮੰਤਰ ਜਪਦੇ ਰਹਿੰਦੇ ਹਨ, ਪਰ ਉਹ ਅਜਪਾ-ਜਾਪ ਦੀ ਅਵਸਥਾ ਤੇ ਕਦੀ ਵੀ ਨਹੀਂ ਪਹੁੰਚਦੇ, ਅਜਪਾ-ਜਪ ਉਹ ਅਵਸਥਾ ਹੈ ਜਿਥੇ ਮੰਤਰ ਆਪਣੇ ਆਪ ਚਲਦਾ ਰਹਿੰਦਾ ਹੈ, ਮੰਤਰ ਨੂੰ ਚਲਾਣ ਲਈ ਕੋਈ ਕੋਸ਼ਿਸ਼ ਨਹੀਂ ਕਰਨੀ ਪੈਂਦੀ, ਉਹ ਸੁਤੇਸਿਧ ਹੀ ਹੁੰਦਾ ਰਹਿੰਦਾ ਹੈ। ਇਹੋ ਜਿਹਾ ਜਗਿਆਸੂ ਆਪਣੀ ਸੁਚੇਤਨਤਾ ਵਧਾਉਂਦੇ ਹਨ ਪਰ ਮੈਡੀਟੇਸ਼ਨ ਆਪਣੀ ਪੂਰੀ ਸਮੁੱਚਤਾ ਤੇ ਕਰਦੇ ਹਨ।

ਜਿਹੜੇ ਮੰਤਰ ਚੁੱਪ ਰਹਿ ਕੇ ਕੀਤੇ ਜਾਂਦੇ ਹਨ, ਮੈਡੀਟੇਸ਼ਨ ਵਿਚ ਸਮਾਧੀ ਵਿਚ ਕੀਤੇ ਜਾਂਦੇ ਹਨ, ਉਹ ਸ੍ਵਾਸਾਂ ਦੀ ਆਵਾਜਾਈ ਵਿਚ ਕੋਈ ਬਾਧਾ ਨਹੀਂ ਕਰਦੇ, ਬਲਕਿ ਇਹ ਉਹ ਮੰਤਰ ਹੁੰਦੇ ਹਨ ਜਿਹੜੇ ਸ੍ਵਾਸ ਨੂੰ ਇਕਸਾਰ ਕਰਦੇ ਹਨ, ਸਮ ਕਰਕੇ ਦੋਨੋਂ ਨਾਸਿਕਾ ਵਿਚੋਂ ਇਕ ਤਰ੍ਹਾਂ ਦਾ ਪਰਵਾਹ ਇਕੋ ਤਰ੍ਹਾਂ ਕਰਦੇ ਹਨ ਜਿਸ ਨਾਲ ਫੇਰ ਸੁਖਮਨਾ ਨਾੜੀ ਖੁਲ੍ਹਦੀ ਹੈ। ਇਹ ਇਕ ਇਹੋ ਜਿਹੀ ਅਵਸਥਾ ਹੈ ਜਿਸ ਵਿਚ ਮਨ ਤੇ ਸ੍ਵਾਸ ਇਕ ਸੁਰ ਹੋ ਕੇ ਕੰਮ ਕਰਦੇ ਹਨ। ਸੁਖਮਨਾ ਨਾੜੀ ਦੇ ਖੁਲ੍ਹਣ ਨਾਲ ਮਨ ਵਿਚ ਅਨੰਦ ਪੈਦਾ ਹੁੰਦਾ ਹੈ। ਜਦੋਂ ਇਕ ਵਾਰੀ ਸੁਖਮਨਾ ਖੁਲ੍ਹ ਜਾਂਦੀ ਹੈ ਮਨ ਆਪਣੇ ਆਪ ਹੀ ਇੰਦ੍ਰੀਆਂ ਤੋਂ ਵੱਖ ਹੋ ਜਾਂਦਾ ਹੈ। ਇਸ ਉਪਰੰਤ ਜਗਿਆਸੂ ਕੇਵਲ ਵਿਚਾਰਾਂ ਨਾਲ ਹੀ ਵਾਸਤਾ ਰਖਦਾ ਹੈ, ਵਿਚਾਰਾਂ ਨੂੰ ਉਨ੍ਹਾਂ ਦੇ ਗੁਣ ਅਵਗੁਣ ਲੈ ਕੇ ਦੇਖਦਾ ਹੈ। ਇਹ ਵਿਚਾਰ ਅਚੇਤ ਮਨ ਤੋਂ ਆਉਂਦੇ ਹਨ। ਅਚੇਤ ਮਨ ਉਹ ਹੈ ਚਿੰਨ੍ਹ ਹਰ ਤਰ੍ਹਾਂ ਦੇ ਵਿਚਾਰ ਸਾਂਭ ਕੇ ਰਖਦੇ ਹਾਂ। ਚੇਤਨ ਮਨ ਨੂੰ ਜਦੋਂ ਵੀ ਮੌਕਾ ਮਿਲੇ ਉਹ ਅਚੇਤ ਵਿਚੋਂ ਗੱਲਾਂ ਚਿੰਨ੍ਹਾਂ ਰਾਹੀਂ ਪ੍ਰਗਟ ਕਰ ਸਕਦਾ ਹੈ। ਪਰ ਮੰਤਰ ਸਾਨੂੰ ਅਚੇਤ ਮਨ ਤੋਂ ਵੀ ਅੱਗੇ ਜਾਣ ਵਿਚ ਸਹਾਇਕ ਹੁੰਦੇ ਹਨ। ਮੰਤਰ ਨਾਲ ਦਿਮਾਗ ਵਿਚ, ਮਨ ਵਿਚ, ਇਕ ਨਵਾਂ ਸਥਾਨ ਬਣ ਜਾਂਦਾ ਹੈ ਤੇ ਮਨ ਦਾ ਸੁਭਾਅ ਬਣ ਜਾਂਦਾ ਹੈ ਕਿ ਮਨ ਬਾਰ-ਬਾਰ ਉਥੇ ਹੀ ਜਾਂਦਾ ਹੈ। ਜਦੋਂ ਮਨ ਇਕਾਗਰ ਹੋ ਜਾਂਦਾ ਹੈ, ਇਕ ਬਿੰਦੂ ਤੇ ਲਗ ਜਾਂਦਾ ਹੈ, ਅੰਤਰਮੁਖੀ ਹੋ ਜਾਂਦਾ ਹੈ ਤਾਂ ਇਹ ਅਚੇਤ ਮਨ ਦੇ ਗੁਪਤ ਹਿੱਸੇ ਨੂੰ ਪਾਰ ਕਰ ਜਾਂਦਾ ਹੈ ਉਥੇ ਫੇਰ ਕਦੀ ਨਾ ਕਦੀ ਰੋਸ਼ਨੀ ਦਿਸਦੀ ਹੈ।

ਮੰਤਰ ਦਾ ਸਭ ਤੋਂ ਵਧੀਆ ਚੰਗਾ ਰੋਲ ਹੈ ਜਦੋਂ ਜਗਿਆਸੂ ਮੈਡੀਟੇਸ਼ਨ ਸ਼ੁਰੂ ਕਰਕੇ ਹੌਲੀ-ਹੌਲੀ ਅਭਿਆਸ ਕਰ ਰਿਹਾ ਹੁੰਦਾ ਹੈ ਉਸ ਵਿਚ ਪਰੀਵਰਤਨ ਆ ਰਿਹਾ ਹੁੰਦਾ ਹੈ। ਜਦੋਂ ਕੋਈ ਸਰੀਰ ਛੱਡ ਰਿਹਾ ਹੋਵੇ ਪਰ ਉਹ ਆਪਣੇ ਪਿਆਰਿਆਂ ਨਾਲ ਗੱਲ ਕਰਨਾ ਚਾਹੁੰਦਾ ਹੈ। ਜਿਹੜਾ ਮੋਹ ਅਸੀਂ ਸੰਸਾਰਕ ਚੀਜ਼ਾਂ ਨਾਲ, ਬੰਦਿਆਂ ਨਾਲ ਪਾਉਂਦੇ ਹਾਂ, ਉਹ ਮਰਨ ਸਮੇਂ ਬਹੁਤ ਹੀ ਦੁਖਦਾਈ ਹੁੰਦਾ ਹੈ ਕਿਉਂਕਿ ਅਸੀਂ ਜੀਵਨ ਵਿਚ ਕੋਈ ਉਦੇਸ਼ ਨਹੀਂ ਬਣਾਉਂਦੇ, ਕੋਈ ਫਿਲਾਸਫੀ ਨਹੀਂ ਬਣਾਉਂਦੇ। ਜੀਵਨ ਉਦੇਸ਼ ਹੋਣਾ ਬਹੁਤ ਜ਼ਰੂਰੀ ਹੈ, ਜੀਵਨ ਫਿਲਾਸਫੀ ਹੋਣੀ ਬਹੁਤ ਅਵਸ਼ਕ ਹੈ, ਜੀਵਨ ਵਿਚ ਇਸ ਦਾ ਵਿਸਤਾਰ ਕਰਨਾ ਚਾਹੀਦਾ ਹੈ। ਮੈਡੀਟੇਸ਼ਨ ਦਾ ਅਭਿਆਸ ਹੋਣਾ ਚਾਹੀਦਾ ਹੈ। ਸਵੈ ਅਨੁਭਵ ਹੋਣਾ ਚਾਹੀਦਾ ਹੈ ਕਿਉਂਕਿ ਅਸੀਂ ਇਹ ਚੀਜ਼ਾਂ ਜੀਵਨ ਵਿਚ ਲਿਆਉਂਦੇ ਹੀ ਨਹੀਂ, ਇਨ੍ਹਾਂ ਦਾ ਅਭਿਆਸ ਨਹੀਂ ਕਰਦੇ, ਇਸ ਕਰਕੇ ਮਰਨ ਲੱਗਿਆਂ ਬਹੁਤ ਦੁਖ ਹੁੰਦਾ ਹੈ। ਮੋਹ ਮਰਨ ਲੱਗਿਆਂ ਬਹੁਤ ਤੰਗ ਕਰਦਾ ਹੈ। ਖਾਸ ਕਰਕੇ ਉਨ੍ਹਾਂ ਨੂੰ ਜਿਨ੍ਹਾਂ ਨੇ ਮੌਤ ਨੂੰ ਕਦੇ ਵਿਚਾਰਿਆ ਨਹੀਂ, ਜੀਵਨ ਮਰਨ ਦੇ ਰਹੱਸ ਨੂੰ ਸਮਝਣ ਦੀ ਕੋਸ਼ਿਸ਼ ਹੀ ਨਹੀਂ ਕੀਤੀ। ਜਿਨ੍ਹਾਂ ਨੇ ਇਹ ਨਹੀਂ ਕੀਤਾ ਉਨ੍ਹਾਂ ਲਈ ਆਖਰੀ ਸਮਾਂ ਬਹੁਤ ਹੀ ਔਖਾ ਹੋ ਜਾਂਦਾ ਹੈ, ਇਹ ਹੀ ਨਹੀਂ ਆਖਰੀ ਸਫਰ ਵੀ ਔਖਾ ਹੋ ਜਾਂਦਾ ਹੈ। ਇਹ ਸਭ ਕੁਝ ਦੇਖ ਕੇ ਮੈਂ ਇਹ ਕਹਿ ਸਕਦਾ ਹਾਂ ਕਿ ਪ੍ਰਾਰਥਨਾ, ਅਰਦਾਸ, ਧਿਆਨ ਲਗਾਉਣਾ, ਮੈਡੀਟੇਸ਼ਨ, ਇਹ ਸਭ ਕੁਝ ਬਹੁਤ ਚੰਗੀ ਤਰ੍ਹਾਂ ਨਾਲ ਬਹੁਤ ਡੂੰਘੇ ਤਰੀਕੇ ਨਾਲ ਬਹੁਤ ਸ਼ੁਰੂ ਤੋਂ ਸਿਖਾਉਣਾ ਚਾਹੀਦਾ ਹੈ। ਇਸ ਦਾ ਅਭਿਆਸ ਬਹੁਤ ਹੀ ਇਕਾਗਰ ਹੋ ਕੇ ਇਕ ਮਨ ਇਕ ਚਿੱਤ ਹੋ ਕੇ ਕਰਨਾ ਚਾਹੀਦਾ ਹੈ।

ਮਰਨ ਤੋਂ ਪਹਿਲਾਂ ਇੰਦ੍ਰੀਆਂ ਕੋਈ ਬਹੁਤ ਠੀਕ ਤਰ੍ਹਾਂ ਨਾਲ ਕੰਮ ਨਹੀਂ ਕਰ ਰਹੀਆਂ ਹੁੰਦੀਆਂ। ਹੌਲੀ-ਹੌਲੀ ਦੇਖਣਾ ਬੰਦ ਹੋ ਜਾਂਦਾ ਹੈ, ਜ਼ੁਬਾਨ ਥਿੜਕਣ ਲਗ ਪੈਂਦੀ

ਹੈ, ਮਰਨ ਵਾਲਾ ਆਪਣੇ ਵਿਚਾਰ ਸਪਸ਼ਟ ਨਹੀਂ ਕਰ ਸਕਦਾ। ਇਸ ਹਾਲਤ ਨੂੰ ਦੇਖ ਕੇ ਜਿਹੜੇ ਮੈਡੀਟੇਸ਼ਨ ਨਹੀਂ ਕਰਦੇ ਉਹ ਘਬਰਾ ਜਾਂਦੇ ਹਨ। ਪਰ ਜੇ ਕੋਈ ਹਰ ਸਮੇਂ ਮੰਤਰ ਕਰਦਾ ਰਿਹਾ ਹੋਵੇ, ਫੇਰ ਮੰਤਰ ਆਪਣੇ ਆਪ ਹੀ ਹੋਣ ਲਗ ਪੈਂਦਾ ਹੈ, ਫੇਰ ਇਹ ਇਕੱਲਾਪਨ, ਇਹ ਦੁਖ ਆਪਣੇ ਆਪ ਹੀ ਘੱਟ ਹੋ ਜਾਂਦਾ ਹੈ, ਜਦੋਂ ਮੰਤਰ ਚੱਲਣ ਲਗ ਪੈਂਦਾ ਹੈ, ਦੁਖ ਖਤਮ ਹੋ ਜਾਂਦਾ ਹੈ। ਮੰਤਰ ਕਰਨ ਨਾਲ ਫੇਰ ਉਹ ਹੀ ਵਿਚਾਰ ਅੱਗੇ ਆਉਣ ਲਗ ਪੈਂਦੇ ਹਨ। ਉਸ ਨਾਲ ਬਿਰਤੀ ਟਿਕ ਜਾਂਦੀ ਹੈ, ਮਨ ਵਿਚ ਸ਼ਾਂਤੀ ਆਉਂਦੀ ਹੈ, ਅਨੰਦ ਆਉਂਦਾ ਹੈ। ਮਨ ਖੇੜੇ ਵਿਚ ਆ ਜਾਂਦਾ ਹੈ। ਇਹ ਗੱਲ ਮੈਂ ਆਪਣੀ ਅਖੀਂ ਦੇਖੀ ਹੈ ਜਦੋਂ ਮੈਂ ਬਹੁਤ ਸਾਰੇ ਸਾਧੂਆਂ ਨੂੰ, ਮਹਾਂਪੁਰਖਾਂ ਨੂੰ ਸਰੀਰ ਛਡਦੇ ਦੇਖਿਆ ਹੈ। ਮੈਂ ਬਹੁਤ ਸਾਰੇ ਅਮੀਰਾਂ ਨੂੰ ਵਿਗਿਆਨਕਾਂ ਨੂੰ ਤੇ ਬੁੱਧੀਜੀਵੀਆਂ ਨੂੰ ਵੀ ਮਰਦੇ ਦੇਖਿਆ ਹੈ ਤੇ ਇਹ ਵੀ ਦੇਖਿਆ ਹੈ ਕਿ ਉਹ ਕਿੰਨੇ ਦੁਖੀ ਹੋਏ ਹਨ। ਉਨ੍ਹਾਂ ਦੇ ਚਿਹਰੇ ਤੇ ਚਿੰਨ੍ਹ ਮੈਨੂੰ ਦੱਸ ਰਹੇ ਸੀ ਕਿ ਉਨ੍ਹਾਂ ਨੇ ਆਪਣੇ ਆਪ ਨੂੰ ਮਰਨ ਲਈ ਤਿਆਰ ਹੀ ਨਹੀਂ ਕੀਤਾ। ਮੈਂ ਕੋਈ ਖਾਸ ਮੰਤਰ ਤਾਂ ਨਹੀਂ ਦਸਦਾ ਪਰ ਜੇ ਤੁਸੀਂ, ਮੰਤਰ ਦੀ ਸ਼ਕਤੀ, ਮੈਡੀਟੇਸ਼ਨ ਦਾ ਪ੍ਰਭਾਵ ਤੁਸੀਂ ਓਦੋਂ ਦੇਖ ਸਕਦੇ ਹੋ, ਜਦੋਂ ਤੁਸੀਂ ਕਿਸੇ ਸਾਧੂ ਸੰਤ ਨੂੰ ਸਰੀਰ ਛਡਦੇ ਦੇਖੋ, ਜੇ ਤੁਸੀਂ ਕਿਸੇ ਆਮ ਆਦਮੀ ਜਾਂ ਕਿਸੇ ਬੁੱਧੀਜੀਵੀ ਨੂੰ ਹੀ ਦੇਖੋ।

ਆਪਾ ਚੀਨਣ ਲਈ ਮੰਤਰ-ਮੈਡੀਟੇਸ਼ਨ ਤੋਂ ਉਤੇ ਕੋਈ ਚੀਜ਼ ਨਹੀਂ, ਕਿਸੇ ਵੀ ਜਗਿਆਸੂ ਲਈ ਇਸ ਤੋਂ ਉਤਮ ਕੁਝ ਨਹੀਂ। ਆਪਣਾ ਮਜ਼ਹਬ ਨਾ ਛੱਡੋ, ਕੋਈ ਨਹੀਂ ਕਹਿੰਦਾ ਤੁਸੀਂ ਛੱਡੋ ਪਰ ਆਪਾ ਚੀਨੋ, ਆਪਣੇ ਆਪ ਨੂੰ ਹਰ ਪੱਧਰ ਤੋਂ ਹਰ ਪੱਖੋਂ ਖੋਜੋ, ਜਾਣੋ, ਮੈਡੀਟੇਸ਼ਨ ਬਹੁਤ ਹੀ ਗੂੜ੍ਹੀ. ਡੂੰਘੀ, ਭਾਵਮਈ ਪ੍ਰਬਲ ਕਿਸਮ ਦੀ ਪ੍ਰਾਰਥਨਾ ਹੈ, ਅਰਦਾਸ ਹੈ, ਇਹ ਮਨੁੱਖੀ ਪ੍ਰਾਰਥਨਾ ਨਹੀਂ ਇਹ ਪ੍ਰਭੂ ਭਰਪੂਰ ਪ੍ਰਾਰਥਨਾ ਹੈ।

ਸੰਸਾਰ ਵਿਚ ਰਹਿੰਦੇ ਹੋਏ ਤੁਸੀਂ ਮੈਡੀਟੇਸ਼ਨ ਕਰਕੇ ਪ੍ਰਭ ਸਮਾਧੀ ਦੀ ਸਥਿਤੀ ਤੇ ਪਹੁੰਚ ਸਕਦੇ ਹੋ, ਪ੍ਰਭੂ ਪ੍ਰਾਪਤੀ, ਪ੍ਰਭੂ ਨੂੰ ਆਪਣੇ ਅੰਦਰ ਨਾਲ ਮਹਿਸੂਸ ਕਰ ਸਕਦੇ ਹੋ, ਪ੍ਰਭੂ ਤਾਂ ਸਾਰਿਆਂ ਵਿਚ ਸਮਾਇਆ ਹੈ ਉਸ ਤੋਂ ਬਾਹਰ ਤਾਂ ਕੁਝ ਹੈ ਹੀ ਨਹੀਂ। ਜਦੋਂ ਉਹ ਦਿਨ ਆਏਗਾ, ਜਦੋਂ ਹਰ ਬੀਬੀ, ਭਾਈ ਬੱਚਾ ਮੈਡੀਟੇਸ਼ਨ ਦਾ ਅਭਿਆਸ ਕਰੇਗਾ, ਅਸੀਂ ਸਾਰੇ ਇਕ ਹੋਵਾਂਗੇ ਤੇ ਇਕ ਨਵੀਂ ਸਭਿਅਤਾ ਦਾ ਨਿਰਮਾਣ ਹੋਵੇਗਾ। ਹੁਣ ਇਥੇ ਇਸੇ ਸਮੇਂ ਤੁਸੀਂ ਮੁਕਤ ਹੋ ਸਕਦੇ ਹੋ, ਇਹੋ ਹੀ ਜੀਵਨ ਦਾ ਉਦੇਸ਼ ਹੈ, ਇਹ ਅਨੁਭਵ ਹੀ ਜੀਵਨ ਸਤਿ ਹੈ, ਜੀਵਨ ਤੱਤ ਹੈ।


(ਇਥੋਂ ਕੱਟ ਕੇ ਭੇਜੋ ਜੀ)

**MEMBERSHIP FORM** ☐ ਨਵੀਂ ਮੈਂਬਰਸ਼ਿੱਪ ☐ ਰਿਨੀਊਵਲ ☐ ਲਾਈਫ ਮੈਂਬਰਸ਼ਿਪ

ਆਤਮ ਮਾਰਗ

Monthly Magazine ਮਾਸਿਕ ਪਤ੍ਰਿਕਾ

**SUBSCRIPTION (ਦੇਸ਼)**

| ਸਾਲਾਨਾ | ਜੀਵਨ ਕਾਲ | ਫੀ ਕਾਪੀ |
|---|---|---|
| 200/- | 2000/- | 20/- |
| 220/- | 2020/- | |

**SUBSCRIPTION ਵਿਦੇਸ਼**

| | Annual | Life |
|---|---|---|
| U.S.A. | 50 US$ | 500 US$ |
| U.K. | 30 £ | 300 £ |
| Aus. | 80 $ | 800 $ |
| Europ | 50 Euro | 500 Euro |

ਨਾਮ/Name ........................................

ਪਤਾ/Address ........................................

........................................

........................................

........................................Pin Code ........................

Phone ........................ Email :........................

ਮੈਂ........................ਰੁਪਏ ਮਨੀਆਰਡਰ/ਬੈਂਕ ਡਰਾਫਟ/ਚੈਕ ਨੰ........................ਮਿਤੀ........................ਰਾਹੀਂ ਭੇਜ ਰਿਹਾ ਹਾਂ।

**ATAM MARG MONTHLY MAGAZINE** ਦਸਖਤ........................

Gurdwara Ratwara Sahib, P.o. Mullanpur Garibdas, Distt. Ropar (Pb.) Pin - 140901

Phone : 0160-2255002, Fax : 0160-2255009, Email : atammarg@glide.net.in, www.ratwarasahib.org

## ਰਤਵਾੜਾ ਸਾਹਿਬ ਵਿਖੇ ਮਹਾਂਪੁਰਸ਼ਾਂ ਦੇ ਦੀਵਾਨਾਂ ਦਾ ਪ੍ਰੋਗਰਾਮ

**ਐਤਵਾਰ** – 03, 10, 17, 24 ਅਪ੍ਰੈਲ।

**ਸੰਗਰਾਂਦ** - 14 ਅਪ੍ਰੈਲ, ਦਿਨ ਵੀਰਵਾਰ।

**ਪੂਰਨਮਾਸ਼ੀ** - 24 ਅਪ੍ਰੈਲ, ਦਿਨ ਐਤਵਾਰ
(ਸਮਾਂ ਦੁਪਹਿਰ 12 ਵਜੇ ਤੋਂ ਸ਼ਾਮ 3.30 ਵਜੇ ਤੱਕ)

**ਅੰਮ੍ਰਿਤ ਸੰਚਾਰ** - ਹਰੇਕ ਪੂਰਨਮਾਸ਼ੀ ਨੂੰ ਗੁਰਦਵਾਰਾ ਈਸ਼ਰ ਪ੍ਰਕਾਸ਼, ਰਤਵਾੜਾ ਸਾਹਿਬ ਵਿਖੇ ਦਿਨ ਦੇ 11.00 ਵਜੇ ਹੁੰਦਾ ਹੈ।

**ਨਿਰਮਲ ਡੇਰਾ ਹਿਰਦਾਪੁਰ ਖੇੜੀ** – ਮਹੀਨੇ ਦੇ ਆਖਰੀ ਸ਼ਨਿੱਚਰਵਾਰ 30 ਅਪ੍ਰੈਲ 2005, ਸਮਾਂ ਦਿਨ ਦੇ – 11.00 ਵਜੇ ਤੋਂ 1.00 ਵਜੇ ਤੱਕ

## ਸੂਚਨਾ

ਸੰਤ ਮਹਾਰਾਜ 'ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ' ਮੈਮੋਰੀਅਲ ਹਸਪਤਾਲ ਰਤਵਾੜਾ ਸਾਹਿਬ ਦੀ ਕਾਰ ਸੇਵਾ ਚਲ ਰਹੀ ਹੈ। ਜਿਨ੍ਹਾਂ ਵੀ ਪ੍ਰੇਮੀਆਂ ਵਲੋਂ ਹਸਪਤਾਲ ਵਾਸਤੇ ਮਾਇਆ ਭੇਜੀ ਜਾਂਦੀ ਹੈ ਉਹ ਹੇਠ ਲਿਖੇ ਹਸਪਤਾਲ ਅਕਾਊਂਟ SB-18177 A/C ਵਿਚ ਚੈਕ, ਮਨੀਆਰਡਰ, ਡਰਾਫਟ ਆਦਿ ਰਾਹੀਂ ਭੇਜਣ ਦੀ ਕ੍ਰਿਪਾਲਤਾ ਕੀਤੀ ਜਾਵੇ ਜੀ –

**-: Postal Address :-**

**Vishav Gurmat Roohani Mission Charitable Trust, (Hospital A/c)**

**Gurdwara Ishar Parkash**

Ratwara Sahib
P.O. Mullanpur Garibdass
Teh. Kharar, Via : Chandigarh.
Distt. Ropar (Pb)-140901

## ਵਿਸ਼ਵ ਗੁਰਮਤਿ ਰੂਹਾਨੀ ਮਿਸ਼ਨ ਚੈਰੀਟੇਬਲ ਟਰੱਸਟ

ਦੇ ਬਾਨੀ ਸੰਤ ਬਾਬਾ ਵਰਿਆਮ ਸਿੰਘ ਜੀ ਵੱਲੋਂ ਲਿਖਤ ਅਤੇ ਪ੍ਰਕਾਸ਼ਿਤ ਪੁਸਤਕਾਂ

ਇਹ ਪੁਸਤਕਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਗੂੜ੍ਹ ਸਿਧਾਂਤਾਂ ਨੂੰ ਭਲੀਭਾਂਤ ਨਿਖਾਰ ਕੇ ਪੇਸ਼ ਕਰਦੀਆਂ ਹਨ। ਇਨ੍ਹਾਂ ਵਿਚ ਨਾਮ, ਸੇਵਾ ਤੇ ਸਿਮਰਨ ਦੀਆਂ ਜੁਗਤੀਆਂ ਨੂੰ ਜਨ ਸਾਧਾਰਣ ਦੀ ਬੋਲੀ ਵਿਚ ਅੰਕਿਤ ਕੀਤਾ ਗਿਆ ਹੈ ਜੋ ਹਰ ਗੁਰਸਿੱਖ ਜਗਿਆਸੂ ਲਈ ਅਮੋਲਕ ਖਜ਼ਾਨਾ ਹੈ। ਆਤਮਿਕ ਸੁੱਖ-ਸ਼ਾਂਤੀ ਲਈ ਇਨ੍ਹਾਂ ਨੂੰ ਪ੍ਰਾਪਤ ਕਰਕੇ ਆਪ ਪੜ੍ਹੋ ਅਤੇ ਹੋਰਨਾਂ ਨੂੰ ਪੜ੍ਹਾਓ। ਜੋ ਕਿ ਗੁਰਦੁਆਰਾ ਈਸ਼ਰ ਪ੍ਰਕਾਸ਼ ਰਤਵਾੜਾ ਸਾਹਿਬ ਵਿਖੇ ਉਪਲਬਧ ਹਨ।

| | | ਪੰਜਾਬੀ | ਹਿੰਦੀ |
|---|---|---|---|
| 1. | ਸੁਰਤਿ ਸਬਦਿ ਮਾਰਗ | 50/ | 70/- |
| 2. | ਕਿਵ ਕੂੜੈ ਤੁਟੈ ਪਾਲਿ | 40/- | 35/- |
| 3. | ਬਾਤ ਅਗੰਮ ਕੀ - ਸੱਤ ਭਾਗਾਂ ਵਿਚ | 155/- | 235/- |
| 4. | ਕਿਵ ਸਚਿਆਰਾ ਹੋਈਐ - ਭਾਗ ਪਹਿਲਾ | 30/- | 35/- |
| 5. | ਕਿਵ ਸਚਿਆਰਾ ਹੋਈਐ - ਭਾਗ ਦੂਜਾ | 60/- | 65/- |
| 6. | ਕਿਵ ਸਚਿਆਰਾ ਹੋਈਐ - ਭਾਗ ਤੀਜਾ | 80/- | 100/- |
| 7. | ਹੋਵੈ ਅਨੰਦੁ ਘਣਾ | 25/- | 30/- |
| 8. | ਚਉਥੈ ਪਹਰਿ ਸਬਾਹ ਕੈ | 55/- | 60/- |
| 9. | ਸੁਰਤਿਆਂ ਉਪਜੈ ਚਾਉ | 40/- | 40/- |
| 10. | ਬਾਬਾਣੀਆਂ ਕਹਾਣੀਆਂ | 50/- | 50/- |
| 11. | ਸਰਬ ਪ੍ਰਿਅ ਗੁਰੂ ਗੋਬਿੰਦ ਸਿੰਘ | 10/- | 10/- |
| 12. | ਅੰਮ੍ਰਿਤ ਫੁਹਾਰ | 10/- | 10/- |
| 13. | ਅਗੰਮ ਅਗੋਚਰ ਦਾ ਮਾਰਗ | 60/- | 70/- |
| 14. | ਪੁਰਾਤਨ ਟੀਕਾ - ਜਪੁਜੀ ਸਾਹਿਬ | 10/- | 15/- |
| 15. | ਅਮਰ ਜੋਤਾਂ | 15/- | 15/- |
| 16. | ਗੁਰਮਤਿ ਪ੍ਰਚਾਰ ਦਾ ਸਰੋਤ-ਰਤਵਾੜਾ ਸਾਹਿਬ | 5/- | 5/- |
| 17. | ਹਿਮਾਲੀਆ ਦੇ ਸੰਤਾਂ ਦੇ ਸੰਗ ਨਿਵਾਸ | 70/- | |
| 18. | ਅਮਰ ਗਾਥਾ | 100/- | 100/- |
| 19. | ਧਰਮ ਯੁਧ ਕੇ ਚਾਇ | 50/- | |
| 20. | ਪਵਿਤਰ ਪੈਂਡਾ | 25/- | |
| 21. | ਭਗਤ ਪ੍ਰਹਿਲਾਦ | 10/- | 10/- |
| 22. | ਵੈਸਾਖੀ | 10/- | |
| 23. | ਰਾਜ ਯੋਗ | 40/- | |
| 24. | ਸਾਜਨ ਚਲੇ ਪਿਆਰਿਆ | 10/- | 10/- |
| 25. | ਅਬਿਨਾਸੀ ਜੋਤ ਭਾਗ-1 | 90/- | |
| 26. | ਅਬਿਨਾਸੀ ਜੋਤ ਭਾਗ-2 | 90/- | |
| 27. | ਰੂਹਾਨੀ ਗੁਲਦਸਤਾ -1 | 60/- | |
| 28. | ਰੂਹਾਨੀ ਗੁਲਦਸਤਾ - 2 | 60/- | |
| 29. | ਸੰਤ ਤੁਮਾਰੇ ਤੁਮਰੇ ਪ੍ਰੀਤਮ | 50/- | |
| 30. | ਅੰਮ੍ਰਿਤ ਬਚਨ ਸਾਧ ਕੀ ਬਾਣੀ | 80/- | |
| 31. | ਗੁਰੂ ਅਮਰਦਾਸ ਪਰਸੀਐ | 50/- | |

| | English Version | Price |
|---|---|---|
| 1. | Baisakhi | Rs. 5/- |
| 2. | How Rend The Veil of Untruth | Rs. 70/- |
| C. | Discourses on the Beyond-1 | Rs 50/- |
| 4. | Discourses on the Beyond -2 | Rs. 50/- |
| 5. | Discourses on the Beyond -3 | Rs. 50/- |
| 6. | Discourses on the Beyond -4 | Rs. 60/- |
| 7. | Discourses on the Beyond -5 | Rs. 60/- |
| 8. | The way to the imperceptible | Rs. 80/- |
| 9. | The Lights Immortal | Rs. 20/- |
| 10. | Transcendental Bliss | Rs. 70/- |
| 11. | How to Know Thy Real Self-(Vol-1) | Rs. 80/- |
| 12. | How to Know Thy Real Self-(Vol-2) | Rs. 80/- |
| 13. | How to Know Thy Real Self-(Vol-3) | Rs. 110/- |
| 14. | The Dawn of Khalsa Ideals | Rs. 10/- |
| 15. | A Glimpse of His Holiness - Baba ji | Rs. 5/- |